26-JULY-PAGE-1.qxd 7/25/2025 10:57 PM Page 1

ਸ਼ਨੀਵਾਰ, 26 ਜੁਲਾਈ, 2025
11 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 55

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 26 JULY, 2025 ਜਲੰਧਰ

nawan zamana TV

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਨਰੇਗਾ ਵਿਰੋਧੀ ਸਾਜ਼ਿਸ਼ਾਂ ਖ਼ਿਲਾਫ਼ ਲਾਮਿਸਾਲ ਐਕਸ਼ਨ

## ਪੰਜਾਬ ਭਰ ’ਚ ਮੁਜ਼ਾਹਰਿਆਂ ਦੌਰਾਨ ਨਾਅਰੇ ਬੁਲੰਦ : ਨਰੇਗਾ ਵਿਰੋਧੀ-ਮੁਰਦਾਬਾਦ ! ਨਰੇਗਾ ਦੀ ਰਾਖੀ-ਅਸੀਂ ਕਰਾਂਗੇ ! ਨਰੇਗਾ ਵਿਰੋਧੀ-ਮਾਂਜ ਦਿਆਂਗੇ !

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਨਰੇਗਾ ਰੁਜਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਜ਼ਿਲ੍ਹਾ ਕੇਂਦਰਾਂ ਉਤੇ ਧਰਨੇ-ਮੁਜ਼ਾਹਰੇ ਕਰਕੇ ਰੋਸ ਪ੍ਰਗਟਾਵੇ ਨੂੰ ਸੂਬੇ ਭਰ ’ਚ ਵੱਡਾ ਹੁੰਗਾਰਾ ਮਿਲਿਆ।ਹਜ਼ਾਰਾਂ ਦੀ ਗਿਣਤੀ ਵਿੱਚ ਨਰੇਗਾ ਕਾਮਿਆਂ ਨੇ ਨਰੇਗਾ ਹੱਕਾਂ ’ਤੇ ਮਾਰੇ ਜਾ ਰਹੇ ਛਾਪੇ ਵਿਰੁੱਧ ਆਪਣੇ ਸਖਤ ਗੁੱਸੇ ਦਾ ਪ੍ਰਗਟਾਵਾ ਕੀਤਾ।ਨਰੇਗਾ ਵਿਰੋਧੀ ਪ੍ਰਚਾਰ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕਰਦਿਆਂ ਜਥੇਬੰਦੀ ਦੇ ਸੂਬਾਈ ਸਲਾਹਕਾਰ ਜਗਰੂਪ ਸਿੰਘ ਨੇ ਕਿਹਾ ਕਿ ਅਜੇ ਤੱਕ ਨਰੇਗਾ ਕਾਇਮ ਹੈ, ਪਰ ਇਸ ਵਿਰੁੱਧ ਮਾੜੇ ਪ੍ਰਭਾਵ ਦਾ ਪ੍ਰਚਾਰ ਕੀਤਾ ਜਾ ਰਿਹਾ, ਧਮਕੀ ਭਰੀਆਂ ਅਡਵਾਇਜ਼ਰੀਆਂ ਵਰਕਰਾਂ ਵਿੱਚ ਪ੍ਰਚਾਰੀਆਂ ਜਾ ਰਹੀਆਂ ਨੇ, ਛੱਪੜਾਂ, ਖਾਲਿਆਂ, ਨਹਿਰਾਂ, ਕੱਸੀਆਂ ਅਤੇ ਰਾਹਾਂ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ।ਇਹ ਐਡਵਾਇਜ਼ਰੀਆਂ ਠੀਕ ਨਹੀਂ ਹਨ।ਅਸੀਂ ਇਸ ਪ੍ਰਚਾਰ ਦੀ ਨਿੰਦਿਆ ਕਰਦੇ ਹਾਂ। ਅਜਿਹਾ ਕਰਨ ਵਾਲੇ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦੇ ਹਾਂ।ਨਵੀਂ ਐਡਵਾਇਜ਼ਰੀ ਜਾਰੀ ਕਰਨ ਦੀ ਮੰਗ ਕਰਦੇ ਹਾਂ, ਜੋ ਕਾਨੂੰਨ ਦੇ ਹੱਕ ਵਿੱਚ ਹੋਵੇ ਕਿ ਨਰੇਗਾ ਕਾਇਮ ਹੈ, 100 ਦਿਨ ਕੰਮ ਦੀ ਗਰੰਟੀ ਅਤੇ 346 ਰੁਪਏ ਦਿਹਾੜੀ ਰੇਟ ਕਾਇਮ ਹੈ। ਨਰੇਗਾ ਕੰਮ ਮੰਗਣ ’ਤੇ 15 ਦਿਨਾਂ ਪਿੱਛੋਂ ਕੰਮ ਦੇਣ ਦੀ ਗਰੰਟੀ ਕਾਇਮ ਹੈ, ਜੇ ਕੰਮ ਨਹੀਂ ਦਿੱਤਾ ਤਾਂ ਬੇਰੁਜ਼ਗਾਰੀ ਭੱਤਾ ਪ੍ਰਾਪਤ ਕਰਨ ਦਾ ਹਰ ਕਾਮੇ ਨੂੰ ਹੱਕ ਹਾਸਲ ਹੈ।ਬਾਕੀ ਮੰਗਾਂ ਵੀ ਨਰੇਗਾ ਕਾਨੂੰਨ ਮੁਤਾਬਕ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਅਤੇ ਕਾਮੇ ਨੂੰ ਪ੍ਰਾਪਤ ਕਰਨ ਦਾ ਹੱਕ ਹਾਸਲ ਹੈ। ਅਸੀਂ ਜ਼ੋਰ ਦੇ ਕੇ ਕਹਿਣਾ ਚਾਹੁੰਦੇ ਹਾਂ ਕਿ ਨਰੇਗਾ ਪਾਰਲੀਮੈਂਟ ਵਿੱਚੋਂ ਪਾਸ ਹੋਣ ਪਿੱਛੋਂ ਗਰੰਟੀ ਕਾਨੂੰਨ ਬਣਿਆ, ਜਿਹੜਾ ਵੀ ਕੋਈ ਇਸ ਦੇ ਵਿਰੁੱਧ ਹੈ, ਅਸੀਂ ਉਸ ਦੇ ਵਿਰੁੱਧ ਹਾਂ।ਨਰੇਗਾ ਪੇਂਡੂ ਲੋੜਵੰਦਾਂ ਦੀ ਰੂਹ-ਆਤਮਾ ਵਿੱਚ ਵਸ ਗਿਆ ਹੈ। ਅਸੀਂ ਇਸ ਨੂੰ ਕਾਇਮ ਰੱਖਾਂਗੇ, ਇਸ ਵਿੱਚ 200 ਦਿਨ ਤੱਕ ਦਾ ਵਾਧਾ ਕਰਾਵਾਂਗੇ ਅਤੇ ਉਜਰਤ ਰੇਟ ਸਾਡਾ ਹੱਕ 449 ਰੁਪਏ ਹੈ, ਉਹ ਪ੍ਰਾਪਤ ਕਰਾਂਗੇ ਅਤੇ ਵਧਾ ਕੇ ਇਕ ਹਜ਼ਾਰ ਰੁਪਏ ਕੀਤਾ ਜਾਵੇ, ਇਸ ਦੀ ਪ੍ਰਾਪਤੀ ਲਈ ਲੜਾਂਗੇ।

ਜ਼ਿਲ੍ਹਾ ਸ੍ਰੀ ਮੁਕਤਸਰ ਸਾਹਬ ਦੇ ਪ੍ਰਧਾਨ ਬੋਹੜ ਸਿੰਘ ਸੁਖਨਾ ਨੇ ਕਿਹਾ ਕਿ ਨਰੇਗਾ ਵਿੱਚ ਹੁੰਦੀ ਘਪਲੇਬਾਜ਼ੀ ਬੰਦ ਕੀਤੀ ਜਾਵੇ, ਕੀਤੇ ਕੰਮਾਂ ਦੀ ਉਜਰਤ ਫੌਰੀ ਦਿੱਤੀ ਜਾਵੇ। ਜਿਹੜੀਆਂ ਉਜਰਤਾਂ ਦੂਜੀ ਪੰਦਰੀ ਜਾਂ ਤੀਜੀ ਪੰਦਰੀ ਵਿੱਚ ਦਿੱਤੀਆਂ ਜਾ ਰਹੀਆਂ ਹਨ, ਉਹ ਸਮੇਤ ਹਰਜਾਨਾ ਵੱਧ ਰੇਟ ’ਤੇ ਦਿੱਤੀਆਂ ਜਾਣ। ਜਿੱਥੇ ਮੰਗਿਆਂ ਕੰਮ ਨਹੀਂ ਦਿੱਤਾ, ਉਥੇ ਬੇਰੁਜ਼ਗਾਰੀ ਭੱਤਾ ਦਿੱਤਾ ਜਾਏ।ਨਰੇਗਾ ਸ਼ਿਕਾਇਤਾਂ ਦਾ ਨਿਪਟਾਰਾ ਇੱਕ ਹਫਤੇ ਵਿੱਚ ਕਰਨਾ ਹੁੰਦਾ ਹੈ, ਜਿੱਥੇ ਇਸ ਦੀ ਅਵੱਗਿਆ ਹੋਈ ਹੈ, ਉੱਥੇ ਜ਼ਿੰਮੇਵਾਰ ਖਿਲਾਫ ਕਾਰਵਾਈ ਕੀਤੀ ਜਾਏ, ਭਰਪਾਈ ਲਈ ਉਸ ਦੀ ਤਨਖਾਹ ਵਿੱਚੋਂ ਹਦਾਇਤਾਂ ਅਨੁਸਾਰ ਕਟੌਤੀ ਕੀਤੀ ਜਾਵੇ।

ਜ਼ਿਲ੍ਹਾ ਪ੍ਰਧਾਨ ਨੇ ਜ਼ੋਰ ਦੇ ਕੇ ਕਿਹਾ ਕਿ ਨਰੇਗਾ ਵਿੱਚ ਸ਼ਿਕਾਇਤਾਂ ਸੁਣਨ ਲਈ ਲੋਕਪਾਲ ਦੀ ਨਿਯੁਕਤੀ ਹੈ। ਜ਼ਿਲ੍ਹਾ ਪੱਧਰ ’ਤੇ ਉਹਨਾਂ ਨੂੰ ਵੱਡੀਆਂ ਤਨਖਾਹਾਂ ਦਿੱਤੀਆਂ ਜਾਂਦੀਆਂ, ਪਰ ਉਹਨਾਂ ਵੱਲੋਂ ਰਿਕਮੈਂਡ ਕੀਤੀਆਂ ਬੇਰੁਜ਼ਗਾਰੀ ਭੱਤਾ ਦੇਣ ਦੀਆਂ ਹਦਾਇਤਾਂ ਉੱਤੇ ਕੋਈ ਅਮਲ ਨਹੀਂ ਹੋ ਰਿਹਾ।ਅਸੀਂ ਦਰਜਨਾਂ ਪਿੰਡਾਂ ਖੂਨਣ ਕਲਾਂ, ਵਿਰਕ ਖੇੜਾ, ਬਾਮ, ਭੰਗਚੜੀ, ਦੋਦਾ, ਸੰਗੂਧਣ, ਹਰੀ ਕੇ ਕਲਾਂ, ਕੋਟਲੀ ਸੰਘਰ ਆਦਿ ਅਨੇਕ ਪਿੰਡਾਂ ਦੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਸਨ, ਉਹਨਾਂ ਰਿਕਮੈਂਡ ਕਰਕੇ ਸੰਬੰਧਤ ਪੀ ਓ ਨੂੰ ਭੇਜੀਆਂ, ਪਰ ਉੱਥੇ ਕੋਈ ਕਾਰਵਾਈ ਨਹੀਂ ਹੋਈ।

ਇਸ ਇਕੱਠ ਨੂੰ ਜਥੇਬੰਦੀ ਦੇ ਆਗੂਆਂ ਗੁਰਬਚਨ ਸਿੰਘ ਤੇ ਸੁਰਜੀਤ ਸਿੰਘ ਛਤਿਆਣਾ, ਗੁਰਭੇਜ ਸਿੰਘ ਕੋਟਲੀ ਸੰਘਰ, ਚੰਭਾ ਸਿੰਘ ਵਾੜਾ ਕ੍ਰਿਸ਼ਨਪੁਰਾ, ਬਿੰਦਰ ਸਿੰਘ ਤੇ ਬੋਹੜ ਸਿੰਘ ਖੂਨਣ ਕਲਾਂ, ਹਰਵਿੰਦਰ ਸਿੰਘ ਸ਼ੇਰਾਂਵਾਲੀ ਬਲਾਕ ਲੰਬੀ, ਵਿਜੇ ਸਿੰਘ ਤੇ ਸ਼ਮਸ਼ੇਰ ਸਿੰਘ ਥਾਂਦੇਵਾਲਾ ਤੋਂ ਇਲਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸਕੱਤਰ ਹਰਲਾਭ ਸਿੰਘ ਦੂਹੇਵਾਲਾ, ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਗੁਰਮੀਤ ਸਿੰਘ ਤੇ ਸੁਖਪਾਲ ਸਿੰਘ ਲੰਬੀ ਨੇ ਵੀ ਸੰਬੋਧਨ ਕੀਤਾ। ਭਰਾਤਰੀ ਜਥੇਬੰਦੀਆਂ ਵੱਲੋਂ ਚਰਨਜੀਤ ਸਿੰਘ ਬਣਵਾਲਾ, ਏ ਆਈ ਐੱਸ ਐੱਫ ਦੇ ਆਗੂ ਸੁਖਵਿੰਦਰ ਮਲੋਟ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਮੰਗ ਕੀਤੀ ਕਿ ਪੰਜ ਸਾਲ ਪਿੱਛੋਂ ਨਵਾਂ ਕਾਰਡ ਨਹੀਂ ਦਿੱਤਾ ਗਿਆ, ਉਹ ਦਿੱਤਾ ਜਾਵੇ। ਨਰੇਗਾ ਵਿੱਚ ਕੰਮ ਦਿਹਾੜੀ ਦਾ ਸਮਾਂ ਸ਼ੁਰੂਆਤੀ ਦੌਰ ਵਾਲਾ ਛੇ ਘੰਟੇ ਕੀਤਾ ਜਾਵੇ।ਧਰਨਾਕਾਰੀ ਆਪਣਾ ਮੰਗ ਪੱਤਰ ਦੇਣ ਲਈ ਡਿਪਟੀ ਕਮਿਸ਼ਨਰ ਦਫਤਰ ਦੇ ਮੁੱਖ ਗੇਟ ’ਤੇ ਪੁੱਜੇ ਅਤੇ ਆਪਣੇ ਮੰਗ ਪੱਤਰ ਦੀ ਵਿਆਖਿਆ ਕੀਤੀ। ਅਧਿਕਾਰੀਆਂ ਨੂੰ ਮੰਗ ਪੱਤਰ ਲੋਕ ਸਭਾ ਦੇ ਸਪੀਕਰ, ਪ੍ਰਧਾਨ ਮੰਤਰੀ ਭਾਰਤ ਸਰਕਾਰ, ਮੁੱਖ ਮੰਤਰੀ ਪੰਜਾਬ, ਸੂਬਾ ਕੁਆਰਡੀਨੇਟਰ ਨਰੇਗਾ ਮੁਹਾਲੀ, ਜ਼ਿਲ੍ਹਾ ਕੋਆਰੀਨੇਟਰ ਨਰੇਗਾ ਸ੍ਰੀ ਮੁਕਤਸਰ ਸਾਹਿਬ ਨੂੰ ਕਾਰਵਾਈ ਕਰਨ ਹਿੱਤ ਭੇਜਣ ਲਈ ਦਿੱਤੇ। ਇਸ ’ਚ ਮੰਗ ਕੀਤੀ ਕਿ ਜੋ ਜ਼ਿਲ੍ਹਾ ਕਰ ਸਕਦਾ ਹੈ, ਉਹ ਫੌਰੀ ਤੌਰ ’ਤੇ ਯੂਨੀਅਨ ਨੂੰ ਮੀਟਿੰਗ ਦੇ ਕੇ ਅਮਲ ਵਿੱਚ ਲਿਆਂਦਾ ਜਾਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਯੂਨੀਅਨ ਹੋਰ ਵੀ ਸਖਤ ਕਦਮ ਪੁੱਟਣ ਲਈ ਮਜਬੂਰ ਹੋਵੇਗੀ।

ਯੂਨੀਅਨ ਨੇ ਦ੍ਰਿੜ੍ਹਤਾ ਨਾਲ ਨਾਹਰੇਬਾਜਜ਼ੀ ਕੀਤੀ—ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ- ਜ਼ਿੰਦਾਬਾਦ! ਨਰੇਗਾ ਵਿਰੋਧੀ-ਮੁਰਦਾਬਾਦ! ਨਰੇਗਾ ਦੀ ਰਾਖੀ-ਅਸੀਂ ਕਰਾਂਗੇ! ਨਰੇਗਾ ਵਿਰੋਧੀ-ਮਾਂਜ ਦਿਆਂਗੇ!

ਇਕੱਠ ਵਿੱਚ ਅੱਧ ਤੋਂ ਵਧੇਰੇ ਔਰਤ ਨਰੇਗਾ ਕਾਮਿਆਂ ਨੇ ਹਿੱਸਾ ਲਿਆ। ਵੈਸੇ ਵੀ ਨਰੇਗਾ ਔਰਤਾਂ ਨਰੇਗਾ ਵਿੱਚ ਵਧੇਰੇ ਕੰਮ ਕਰਦੀਆਂ ਹਨ। ਕੰਮ ਖੁਸ ਜਾਣ ਦਾ ਡਰ ਉਹਨਾਂ ਵਿੱਚ ਵਧੇਰੇ ਸੀ।ਉਹਨਾਂ ਨੂੰ ਡਰ ਮੁਕਤ ਕਰਨ ਵਿੱਚ ਯੂਨੀਅਨ ਕਾਮਯਾਬ ਹੈ।

**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)** : ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਸੰਬੰਧਤ ਏਟਕ ਦੇ ਸੱਦੇ ’ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਹਿਯੋਗ ਨਾਲ ਨਰੇਗਾ ਕਾਨੂੰਨ ਨੂੰ ਬਚਾਉਣ ਅਤੇ ਇਸ ਨੂੰ ਅੱਗੇ ਹੋਰ ਵਧਾਉਣ ਲਈ, ਨਰੇਗਾ ਕਾਨੂੰਨ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਵਾਉਣ ਲਈ ਅਤੇ ਨਰੇਗਾ ਮਜ਼ਦੂਰਾਂ ਦੀਆਂ ਹੋਰ ਹੱਕੀ ਮੰਗਾਂ ਲਈ ਸਥਾਨਕ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਦੇਸ਼ ਅਤੇ ਪੰਜਾਬ ਦੇ ਰਾਜਨੀਤਕ ਹਾਲਤਾਂ ’ਤੇ ਰੌਸ਼ਨੀ ਪਾਈ। ਉਨ੍ਹਾ ਹੁਕਮਰਾਨ ਸਰਕਾਰਾਂ ਵੱਲੋਂ ਨਰੇਗਾ ਮਜ਼ਦੂਰਾਂ ਦੇ ਕੀਤੇ ਜਾ ਰਹੇ ਆਰਥਿਕ ਸ਼ੋਸ਼ਣ ’ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਮੰਗ ਕੀਤੀ ਕਿ ਸਾਲ ਵਿੱਚ ਘੱਟੋ-ਘੱਟ 200 ਦਿਨ ਕੰਮ ਦੇਣ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇ ਅਤੇ ਦਿਹਾੜੀ ਘੱਟੋ-ਘੱਟ 1000 ਰੁਪਏ ਕੀਤੀ ਜਾਵੇ।

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ • ਬਾਕੀ ਸਫਾ 2 ’ਤੇ


ਸ੍ਰੀ ਮੁਕਤਸਰ ਸਾਹਿਬ


ਫਰੀਦਕੋਟ


ਪਟਿਆਲਾ


ਤਰਨ ਤਾਰਨ

## ਸਕੂਲ ਦੀ ਛੱਤ ਡਿੱਗਣ ਕਾਰਨ 8 ਵਿਦਿਆਰਥੀਆਂ ਦੀ ਮੌਤ



**ਜੈਪੁਰ** : ਰਾਜਸਥਾਨ ਦੇ ਝਾਲਾਵਾੜ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਸਵੇਰੇ ਪੌਣੇ ਅੱਠ ਵਜੇ ਦੇ ਕਰੀਬ ਸਰਕਾਰੀ ਸਕੂਲ ਦੀ ਛੱਤ ਡਿੱਗਣ ਨਾਲ 8 ਬੱਚਿਆਂ ਦੀ ਮੌਤ ਹੋ ਗਈ ਤੇ 27 ਜ਼ਖਮੀ ਹੋ ਗਏ। ਹਾਦਸਾ ਜ਼ਿਲ੍ਹੇ ਦੇ ਮਨੋਹਰਥਾਨਾ ਬਲਾਕ ਵਿੱਚ ਪੈਂਦੇ ਪਿਪਲੋਦੀ ਦੇ ਸਰਕਾਰੀ ਸਕੂਲ ’ਚ ਹੋਇਆ ਤੇ ਉਸ ਮੌਕੇ ਬੱਚੇ ਜਮਾਤਾਂ ਵਿੱਚ ਮੌਜੂਦ ਸਨ। 8 ਬੱਚਿਆਂ ਦੀ ਹਾਲਤ ਨਾਜ਼ੁਕ ਸੀ।

## ਡਰੋਨ ਨਾਲ ਮਿਜ਼ਾਈਲ ਛੱਡਣ ਦਾ ਸਫਲ ਤਜਰਬਾ



**ਨਵੀਂ ਦਿੱਲੀ** : ਭਾਰਤ ਨੇ ਮਾਨਵ-ਰਹਿਤ ਹਵਾਈ ਵਾਹਨ (ਯੂ ਏ ਵੀ) ਤੋਂ ਮਿਜ਼ਾਈਲ ਛੱਡਣ ਦਾ ਸਫਲ ਤਜਰਬਾ ਕੀਤਾ ਹੈ। ਰੱਖਿਆ ਖੋਜ ਅਤੇ ਵਿਕਾਸ ਸੰਗਠਨ ਵੱਲੋਂ ਇਹ ਤਜਰਬਾ ਆਂਧਰਾ ਪ੍ਰਦੇਸ਼ ਦੇ ਕੁਰਨੂਲ ਵਿੱਚ ਟੈਸਟ ਰੇਂਜ ਤੋਂ ਕੀਤਾ ਗਿਆ। ਯੂ ਏ ਵੀ ਲਾਂਚਡ ਪ੍ਰੀਸੀਜ਼ਨ ਗਾਈਡਿਡ ਮਿਜ਼ਾਈਲ (ਯੂ ਐੱਲ ਪੀ ਜੀ ਐੱਮ) ਨਾਂਅ ਦੀ ਇਸ ਮਿਜ਼ਾਈਲ ਦੀ ਵਰਤੋਂ ਜੰਗ ਦੌਰਾਨ ਮੁਸ਼ਕਲ ਪਹਾੜੀ ਇਲਾਕਿਆਂ ਵਿੱਚ ਕੀਤੀ ਜਾ ਸਕਦੀ ਹੈ। ਯੂ ਏ ਵੀ ਲਾਂਚ ਟੀਚੇ ’ਤੇ ਮਿਜ਼ਾਈਲ ਦਾਗਣ ਦਾ ਘੱਟ ਲਾਗਤ ਵਾਲਾ ਬਦਲ ਹੈ।

## ਗੈਰ-ਮਿਆਰੀ ਬੀਜ ਦੀ ਵਿਕਰੀ ਗੈਰ-ਜ਼ਮਾਨਤੀ ਜੁਰਮ

**ਚੰਡੀਗੜ੍ਹ** : ਪੰਜਾਬ ਮੰਤਰੀ ਮੰਡਲ ਵੱਲੋਂ ਸ਼ੁੱਕਰਵਾਰ ‘ਬੀਜ (ਪੰਜਾਬ ਸੋਧ) ਬਿੱਲ-2025’ ਨੂੰ ਪ੍ਰਵਾਨਗੀ ਦੇ ਦਿੱਤੀ। ਸੂਬੇ ਵਿੱਚ ਬੀਜਾਂ ਦੀ ਕਾਲਾ-ਬਾਜ਼ਾਰੀ ਅਤੇ ਗੈਰ-ਮਿਆਰੀ ਬੀਜਾਂ ਦੀ ਵਿਕਰੀ ਰੋਕਣ ਦੇ ਮਕਸਦ ਨਾਲ ਇਹ ਕਦਮ ਚੁੱਕਿਆ ਗਿਆ ਹੈ। ਸੂਬਾ ਸਰਕਾਰ ਨੇ ਹਰਿਆਣਾ ਦੀ ਤਰਜ਼ ’ਤੇ ਆਪਣੇ ਬੀਜ ਐਕਟ ਵਿੱਚ ਤਰਮੀਮ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਹੋਈ ਕੈਬਨਿਟ ਮੀਟਿੰਗ ਵਿੱਚ ਸੀਡ ਐਕਟ 1966 ਦੀ ਧਾਰਾ 7 ਦੀ ਉਲੰਘਣਾ ਕਰਨ ’ਤੇ ਜੁਰਮਾਨੇ ਅਤੇ ਸਜ਼ਾ ਨੂੰ ਹੋਰ ਸਖਤ ਕੀਤੇ ਜਾਣ ਲਈ ਸੀਡ ਐਕਟ ’ਚ ਸੋਧ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਕੈਬਨਿਟ ਵਿੱਚ ਬਿੱਲ ਦੇ ਖਰੜੇ ਨੂੰ ਪ੍ਰਵਾਨਗੀ ਮਿਲਣ ਮਗਰੋਂ ਹੁਣ ਸੂਬੇ ਵਿੱਚ ਗੈਰ-ਮਿਆਰੀ ਬੀਜ ਵੇਚਣ ਵਾਲਿਆਂ ਨੂੰ 1 ਤੋਂ 3 ਸਾਲ ਤੱਕ ਦੀ ਸਜ਼ਾ ਦੇਣ ਦੀ ਵਿਵਸਥਾ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਪੰਜ ਲੱਖ ਤੋਂ 10 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਵੀ ਕੀਤੀ ਗਈ ਹੈ। ਵਾਰ-ਵਾਰ ਗਲਤੀ ਕਰਨ ਦੀ ਸੂਰਤ ਵਿੱਚ ਜੁਰਮਾਨਾ 50 ਲੱਖ ਰੁਪਏ ਤੱਕ ਵੀ ਹੋ ਸਕੇਗਾ। ਗੈਰ-ਮਿਆਰੀ ਬੀਜਾਂ ਦੀ ਵਿਕਰੀ ਨੂੰ ਗੈਰ-ਜ਼ਮਾਨਤੀ ਜੁਰਮਾਂ ਦੀ ਕੈਟਾਗਰੀ ਵਿੱਚ ਰੱਖਿਆ ਗਿਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੈਬਨਿਟ ਮੀਟਿੰਗ ਮਗਰੋਂ ਇਹ ਵੇਰਵੇ ਸਾਂਝੇ ਕੀਤੇ ਹਨ। ਪੰਜਾਬ ਕੈਬਨਿਟ ਨੇ ਇਕ ਹੋਰ ਫੈਸਲੇ ਵਿਚ ਗਰੁੱਪ ‘ਡੀ’ ਵਿੱਚ ਭਰਤੀ ਲਈ ਉਮਰ ਹੱਦ ਵਿੱਚ ਦੋ ਸਾਲ ਦਾ ਵਾਧਾ ਕੀਤਾ ਹੈ। ਇਹ ਉਮਰ ਹੱਦ ਹੁਣ 35 ਸਾਲ ਤੋਂ ਵਧਾ ਕੇ 37 ਸਾਲ ਕਰ ਦਿੱਤੀ ਗਈ ਹੈ। ਹੁਣ ਗਰੁੱਪ ‘ਡੀ’ ਵਿੱਚ ਭਰਤੀ ਹੋਣ ਦੇ ਚਾਹਵਾਨ ਉਮੀਦਵਾਰ 37 ਸਾਲ ਤੱਕ ਦੀ ਉਮਰ ਹੱਦ ਤੱਕ ਅਪਲਾਈ ਕਰ ਸਕਣਗੇ। ਇਸੇ ਤਰ੍ਹਾਂ ਪਸ਼ੂ ਪਾਲਣ ਵਿਭਾਗ ਵਿੱਚ ਫਾਰਮਾਸਿਸਟਾਂ ਦਾ ਠੇਕਾ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ।

### ਕੈਬਨਿਟ ਵੱਲੋਂ ਗਰੁੱਪ ‘ਡੀ’ ਮੁਲਾਜ਼ਮਾਂ ਦੀ ਭਰਤੀ ਦੀ ਉਮਰ ’ਚ ਵੀ ਵਾਧਾ

## ਕਰਨਲ ਬਾਠ ਮਾਮਲੇ ’ਚ ਸ਼ਾਮਲ ਇੰਸਪੈਕਟਰ ਡਿਊਟੀ ’ਤੇ ਪਰਤੇ

**ਪਟਿਆਲਾ (ਰਜਿੰਦਰ ਥਿੰਦ)**-ਪਟਿਆਲਾ ਵਿਚ ਫੌਜ ਦੇ ਕਰਨਲ ਅਤੇ ਉਸ ਦੇ ਪੁੱਤਰ ’ਤੇ ਹਮਲੇ ਵਿੱਚ ਸ਼ਾਮਲ ਪੰਜਾਬ ਪੁਲਸ ਦੇ ਚਾਰ ਇੰਸਪੈਕਟਰ, ਜੋ ਇਸ ਸਾਲ 13 ਮਾਰਚ ਨੂੰ ਘਟਨਾ ਵਾਲੇ ਦਿਨ ਤੋਂ ਫਰਾਰ ਸਨ, ਡਿਊਟੀ ’ਤੇ ਵਾਪਸ ਆ ਗਏ ਹਨ। ਪਟਿਆਲਾ ਦੇ ਰਾਜਿੰਦਰਾ ਹਸਪਤਾਲ ਨੇੜੇ ਸੜਕ ਕੰਢੇ ਇੱਕ ਢਾਬੇ ’ਤੇ ਪਾਰਕਿੰਗ ਵਿਵਾਦ ਨੂੰ ਲੈ ਕੇ ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਸ ਦੇ ਪੁੱਤਰ ਅੰਗਦ ’ਤੇ ਚਾਰ ਇੰਸਪੈਕਟਰਾਂ ਸਮੇਤ 12 ਪੁਲਸ ਮੁਲਾਜ਼ਮਾਂ ਨੇ ਹਮਲਾ ਕੀਤਾ ਸੀ।

ਮੰਨਿਆ ਜਾ ਰਿਹਾ ਹੈ ਕਿ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪੇ ਜਾਣ ਤੋਂ ਬਾਅਦ ਪੁਲਸ ਮੁਲਾਜ਼ਮ ਡਿਊਟੀ ’ਤੇ ਵਾਪਸ ਆ ਗਏ ਹਨ। ਇੰਸਪੈਕਟਰ ਹਰਜਿੰਦਰ ਢਿੱਲੋਂ, ਹੈਰੀ ਬੋਪਾਰਾਏ, ਰੌਨੀ ਸਿੰਘ ਅਤੇ ਸ਼ਮਿੰਦਰ ਸਿੰਘ ਬੁੱਧਵਾਰ ਨੂੰ ਸੰਗਰੂਰ, ਬਰਨਾਲਾ ਅਤੇ ਮਲੇਰਕੋਟਲਾ ਵਿੱਚ ਆਪਣੀਆਂ ਤਾਇਨਾਤੀਆਂ ਵਾਲੀਆਂ ਥਾਵਾਂ ’ਤੇ ਜੁਆਇਨ ਕਰ ਗਏ ਸਨ ਅਤੇ ਵੀਰਵਾਰ ਨੂੰ ਇਨ੍ਹਾਂ ਨੂੰ ਅੱਗੇ ਹੋਰ ਥਾਵਾਂ ’ਤੇ ਤਬਦੀਲ ਕਰ ਦਿੱਤਾ ਗਿਆ।

## ਮੋਦੀ ਨੂੰ ਲੋਕਾਂ ਨੇ ਸਿਰ ਚੜ੍ਹਾ ਰੱਖਿਆ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਦੇ ਓ ਬੀ ਸੀ ਸੈੱਲ ਵੱਲੋਂ ਸ਼ੁੱਕਰਵਾਰ ਇੱਥੇ ਤਾਲਕਟੋਰਾ ਸਟੇਡੀਅਮ ਵਿੱਚ ਕੀਤੇ ਗਏ ‘ਭਾਗੀਦਾਰੀ ਨਿਆਂ ਸੰਮੇਲਨ’ ਵਿੱਚ ਰਾਹੁਲ ਗਾਂਧੀ ਨੇ ਪਾਰਟੀ ਕਾਰਕੁਨਾਂ ਤੋਂ ਪੁੱਛਿਆ, ‘ਤੁਹਾਨੂੰ ਪਤਾ ਹੈ, ਰਾਜਨੀਤੀ ਵਿੱਚ ਸਭ ਤੋਂ ਵੱਡੀ ਪ੍ਰਾਬਲਮ ਕੀ ਹੈ ? ’ ਕਾਰਕੁਨਾਂ ਨੇ ਜਵਾਬ ਦਿੱਤਾ, ‘ਪੀ ਐੱਮ ਮੋਦੀ।’ ਇਸ ’ਤੇ ਰਾਹੁਲ ਨੇ ਕਿਹਾ, ‘ਨਰਿੰਦਰ ਮੋਦੀ ਕੋਈ ਵੱਡੀ ਪ੍ਰਾਬਲਮ ਨਹੀਂ ਹਨ। ਮੈਂ ਉਨ੍ਹਾ ਨੂੰ ਦੋ-ਤਿੰਨ ਵਾਰ ਮਿਲ ਚੁੱਕਾ ਹਾਂ। ਉਨ੍ਹਾ ਦੀ ਸਿਰਫ ਸ਼ੋਅਬਾਜ਼ੀ ਹੈ। ਉਨ੍ਹਾ ਵਿੱਚ ਦਮ ਨਹੀਂ ਹੈ। ਉਨ੍ਹਾ ਨੂੰ ਲੋਕਾਂ ਨੇ ਸਿਰ ਚੜ੍ਹਾ ਰੱਖਿਆ ਹੈ।’

ਰਾਹੁਲ ਨੇ ਇਹ ਵੀ ਕਿਹਾ, ‘ਮੇਰੇ ਕੰਮ ਵਿੱਚ ਇਕ ਕਮੀ ਰਹਿ ਗਈ। ਮੈਨੂੰ ਓ ਬੀ ਸੀ ਦੀ ਜਿਸ ਤਰ੍ਹਾਂ ਰਾਖੀ ਕਰਨੀ ਚਾਹੀਦੀ ਸੀ, ਮੈਂ ਕੀਤੀ ਨਹੀਂ। 10-15 ਸਾਲ ਪਹਿਲਾਂ ਮੈਨੂੰ ਓ ਬੀ ਸੀ ਦੇ ਮੁੱਦੇ ਡੂੰਘਾਈ ਵਿੱਚ ਸਮਝ ਨਹੀ ਆਏ ਸਨ। ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਉਸੇ ਵਕਤ ਜਾਤੀ ਜਨਗਣਨਾ ਕਰਵਾ ਦਿੰਦਾ। ਅਸੀਂ ਪਹਿਲਾਂ ਜਾਤੀ ਜਨਗਣਨਾ ਨਹੀਂ ਕਰਵਾ ਸਕੇ, ਇਹ ਕਾਂਗਰਸ ਦੀ ਨਹੀਂ, ਮੇਰੀ ਗਲਤੀ ਸੀ। ਮੈਂ ਇਸ ਨੂੰ ਸੁਧਾਰ ਰਿਹਾ ਹਾਂ। ਤੁਸੀਂ ਮੇਰੀ ਭੈਣ ਪ੍ਰਿਅੰਕਾ ਤੋਂ ਪੁੱਛਿਓ ਕਿ ਜੇ ਰਾਹੁਲ ਨੇ ਕਿਸੇ ਕੰਮ ਲਈ ਮਨ ਬਣਾ ਲਿਆ ਤਾਂ ਉਹ ਉਸ ਨੂੰ ਛੱਡੇਗਾ ਨਹੀਂ। ਮੈਂ ਨਹੀਂ ਛੱਡਣ ਵਾਲਾ।’ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਨਰਿੰਦਰ ਮੋਦੀ ਝੂਠਿਆਂ ਦੇ ਸਰਦਾਰ ਹਨ। ਉਨ੍ਹਾ ਦੇਸ਼ ਨਾਲ ਝੂਠ ਬੋਲਿਆ ਕਿ ਦੋ ਕਰੋੜ ਨੌਕਰੀਆਂ ਦੇਣਗੇ। ਸੰਮੇਲਨ ਵਿੱਚ ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ, ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ, ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਤੇ ਸਚਿਨ ਪਾਇਲਟ ਸਣੇ ਵੱਖ-ਵੱਖ ਰਾਜਾਂ ਦੇ ਵੱਡੇ ਆਗੂ ਮੌਜੂਦ ਰਹੇ।

## ਜੂਨ ਦੀ ਤਨਖਾਹ ਨਾ ਮਿਲਣ ’ਤੇ ਪੀ ਆਰ ਟੀ ਸੀ ਕਾਮਿਆਂ ਵੱਲੋਂ ਜ਼ੋਰਦਾਰ ਮੁਜ਼ਾਹਰਾ

**ਪਟਿਆਲਾ** : ਪਟਿਆਲਾ ਵਿਖੇ ਪੀ ਆਰ ਟੀ ਸੀ ਦੇ ਮੁੱਖ ਦਫਤਰ ਦੇ ਸਾਹਮਣੇ ਸ਼ੁੱਕਰਵਾਰ ਏਟਕ, ਇੰਟਕ, ਕਰਮਚਾਰੀ ਦਲ, ਐੱਸ ਸੀ/ ਬੀ ਸੀ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ’ਤੇ ਆਧਾਰਤ ਕੰਮ ਕਰਦੀ ਸਾਂਝੀ ਐਕਸ਼ਨ ਕਮੇਟੀ ਵਲੋਂ ਰੋਸ ਭਰਪੂਰ ਵਿਸ਼ਾਲ ਮੁਜ਼ਾਹਰਾ ਕੀਤਾ ਗਿਆ, ਕਿਉਂਕਿ ਪੀ ਆਰ ਟੀ ਸੀ ਵੱਲੋਂ ਆਪਣੇ ਰੈਗੂਲਰ ਮੁਲਾਜ਼ਮਾਂ ਨੂੰ 25 ਤਰੀਕ ਹੋਣ ਦੇ ਬਾਵਜੂਦ ਜੂਨ ਮਹੀਨੇ ਦੀ ਤਨਖਾਹ ਵਰਕਰਾਂ ਦੇ ਖਾਤਿਆਂ ਵਿੱਚ ਨਹੀਂ ਪਾਈ ਗਈ। ਇਹ ਆਰਥਕ ਜ਼ੁਲਮ ਪੰਜਾਬ ਦੀ ਆਮ ਆਦਮੀ ਦੇ ਨਾਂਅ ’ਤੇ ਬਣੀ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ, ਜਿਸ ਦਾ ਹੀ ਸਿੱਟਾ ਹੈ ਕਿ ਵਰਕਰਾਂ ਨੂੰ ਤਨਖਾਹ ਮਹੀਨਾ-ਮਹੀਨਾ ਲੇਟ ਮਿਲ ਰਹੀ ਹੈ। ਬਾਕੀ ਨਾ ਪੇ-ਕਮਿਸ਼ਨ ਦਾ ਬਕਾਇਆ ਦਿੱਤਾ ਜਾ ਰਿਹਾ ਹੈ, ਨਾ ਹੀ ਮੈਡੀਕਲ ਬਿੱਲਾਂ ਦੇ ਪੈਸੇ ਮਿਲਦੇ ਹਨ ਨਾ ਹੀ ਅਨੇਕਾਂ ਤਰ੍ਹਾਂ ਦੇ ਬਕਾਏ ਦਿੱਤੇ ਜਾ ਰਹੇ ਹਨ। ਨਾ ਹੀ ਐੱਲ ਟੀ ਸੀ ਦਿੱਤੀ ਜਾ ਰਹੀ ਹੈ। ਨਾ ਹੀ ਡੀ ਏ ਦੀਆਂ ਕਿਸ਼ਤਾਂ ਦਾ ਏਰੀਅਰ ਦਿੱਤਾ ਜਾ ਰਿਹਾ ਹੈ। ਸੇਵਾ-ਮੁਕਤ ਕਰਮਚਾਰੀਆਂ ਦੇ ਸੇਵਾ-ਮੁਕਤੀ ਉਪਰੰਤ ਮਿਲਣ ਵਾਲੀਆਂ ਅਦਾਇਗੀਆਂ ਨਹੀਂ ਕੀਤੀਆਂ ਜਾ ਰਹੀਆਂ। ਪ੍ਰਾਈਵੇਟ ਬੱਸ ਲਾਬੀ ਦੇ ਦਬਾਅ ਥੱਲੇ ਸਰਕਾਰੀ ਖੇਤਰ ਦੀ ਟਰਾਂਸਪੋਰਟ ਵਿੱਚ ਬੱਸਾਂ ਪਾਉਣ ਨਹੀਂ ਦਿੱਤੀਆਂ ਜਾ ਰਹੀਆਂ। ਪੰਜਾਬ ਸਰਕਾਰ ਵੱਲੋਂ ਸੋਧੇ ਹੋਏ ਟੀ ਏ ਰੇਟ ਲਾਗੂ ਨਹੀਂ ਕੀਤੇ ਜਾ ਰਹੇ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਕਾਨੂੰਨੀ ਤੌਰ ’ਤੇ ਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਵਰਕਰਾਂ ਦੀਆਂ • ਬਾਕੀ ਸਫਾ 2 ’ਤੇ



## ਲੁਧਿਆਣਾ ਜ਼ਿਲ੍ਹਾ ਪਾਰਟੀ ਵੱਲੋਂ ਇੱਕ ਲੱਖ ਤੀਹ ਹਜ਼ਾਰ ਦਾ ਚੈੱਕ ਸਾਥੀ ਬਰਾੜ ਨੂੰ ਭੇਟ



**ਲੁਧਿਆਣਾ (ਰੈਕਟਰ ਕਥੂਰੀਆ)**

ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਐਗਜ਼ੈਕਟਿਵ ਦੀ ਮੀਟਿੰਗ ਵਿਚ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਉਚੇਚੇ ਤੌਰ ’ਤੇ ਸ਼ਾਮਲ ਹੋਏ ਅਤੇ ਉਹਨਾਂ ਨੇ ਦੇਸ਼ ਦੁਨੀਆ ਅਤੇ ਪੰਜਾਬ ਦੇ ਹਾਲਾਤ ਬਾਰੇ ਵਿਸਥਾਰ ਨਾਲ ਆਪਣੇ ਵਿਚਾਰ ਪ੍ਰਗਟ ਕੀਤੇ।

ਉਨ੍ਹਾ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਪਾਰਟੀ ਦੇ 25ਵੇਂ ਕੌਮੀ ਮਹਾਂ ਸੰਮੇਲਨ ਬਾਰੇ ਬੋਲਦਿਆਂ ਕਿਹਾ ਕਿ ਇਹ ਇੱਕ ਇਤਿਹਾਸਕ ਘਟਨਾ ਹੋਵੇਗੀ।ਇਸ ਸੰਮੇਲਨ ਵਿੱਚ ਦੁਨੀਆ ਅਤੇ ਦੇਸ਼ ਦੇ ਅਜੋਕੇ ਹਾਲਾਤ, ਸਮੱਸਿਆਵਾਂ ਅਤੇ ਮਿਹਨਤਕਸ਼ ਲੋਕਾਂ ਦੀਆਂ ਵਧ ਰਹੀਆਂ ਸਮੱਸਿਆਵਾਂ ਅਤੇ ਨਾ-ਬਰਾਬਰੀ ਅਤੇ ਸਮਾਜਿਕ ਅਤੇ ਆਰਥਿਕ ਨਾ ਬਰਾਬਰੀ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਏਗੀ ਤੇ ਆਉਣ ਵਾਲੇ ਸਮੇਂ ਵਿੱਚ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਰਣਨੀਤੀ ਤੈਅ ਕੀਤੀ ਜਾਏਗੀ।ਉਨ੍ਹਾ ਕਿਹਾ ਕਿ ਉਪ ਰਾਸ਼ਟਰਪਤੀ ਧਨਖੜ ਨੂੰ ਗੱਦੀਓਂ ਲਾਹ ਕੇ ਪ੍ਰਧਾਨ ਮੰਤਰੀ ਦਾ ਵਿਦੇਸ਼ਾਂ ਨੂੰ ਭੱਜ ਜਾਣਾ, ਉਹ ਵੀ ਉਸ ਵੇਲੇ ਜਦੋਂ ਸੰਸਦ ਦੇ ਸੈਸ਼ਨ ਵਿੱਚ ਅਨੇਕਾਂ ਮਹੱਤਵਪੂਰਨ ਵਿਸ਼ਿਆਂ ’ਤੇ ਚਰਚਾ ਹੋ ਰਹੀ ਹੈ, ਅਤਿ ਨਿੰਦਣਯੋਗ ਹੈ।

ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਏਜੰਡੇ ਬਾਰੇ ਦੱਸਦਿਆਂ ਕਿਹਾ ਕਿ ਲੁਧਿਆਣਾ ਜ਼ਿਲ੍ਹਾ ਪਾਰਟੀ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ’ਤੇ ਚੱਲ ਰਹੀਆਂ ਹਨ। ਪਾਰਟੀ ਨੇ ਆਪਣੇ ਹਿੱਸੇ ਦਾ ਫੰਡ ਦਾ ਕੋਟਾ ਪੂਰਾ ਕਰ ਦਿੱਤਾ ਹੈ।ਪਾਰਟੀ ਦੇ 100 ਸਾਲਾ ਪ੍ਰੋਗਰਾਮਾਂ ਦੇ ਤਹਿਤ ਜ਼ਿਲ੍ਹਾ ਪਾਰਟੀ ਨੇ 13 ਜੁਲਾਈ ਨੂੰ ਦੋਰਾਹਾ ਵਿਖੇ ਕਾਮਰੇਡ ਹਰਪਾਲ ਮੋਹਾਲੀ ਮੰਜਾਲੀਆਂ ਦੀ ਬਰਸੀ ਮਨਾਈ।ਇਸੇ ਤਰ੍ਹਾਂ ਤਿੰਨ ਅਗਸਤ ਨੂੰ ਵਿਸ਼ਵ ਸ਼ਾਂਤੀ ਲਈ ਕਾਨਫਰੰਸ ਕੀਤੀ ਜਾ ਰਹੀ ਹੈ।7 ਸਤੰਬਰ ਨੂੰ ਜ਼ਿਲ੍ਹੇ ਵਿੱਚ ਖੇਤੀਬਾੜੀ ਸੰਬੰਧੀ ਸੈਮੀਨਾਰ ਵੱਡੇ ਪੱਧਰ ’ਤੇ ਕੀਤਾ ਜਾਵੇਗਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਲ ਹੋਣਗੇ।ਮਹਾਂ ਸੰਮੇਲਨ ਦੇ ਪਹਿਲੇ ਦਿਨ ਹੋਣ ਵਾਲੀ ਰੈਲੀ ਵਿੱਚ ਲੁਧਿਆਣੇ ਤੋਂ 20 ਬੱਸਾਂ ਭਰ ਕੇ ਉਸ ਵਿੱਚ ਸ਼ਾਮਲ ਹੋਣਗੀਆਂ।ਪਾਰਟੀ ਦੇ ਕੌਮੀ ਕਾਰਜਕਾਰਨੀ ਮੈਂਬਰ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜਾਰ ਗੋਰੀਆ ਨੇ ਪਾਰਟੀ ਕਾਂਗਰਸ ਲਈ ਪੰਜਾਬ ਭਰ ਦੇ ਖੇਤ ਮਜ਼ਦੂਰਾਂ ਵੱਲੋਂ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਲਈ ਚੱਲ ਰਹੀਆਂ ਤਿਆਰੀਆਂ ਬਾਰੇ ਚਾਨਣਾ ਪਾਇਆ।ਹੋਰਨਾਂ ਤੋਂ ਇਲਾਵਾ ਸਹਾਇਕ ਸਕੱਤਰ ਕਾਮਰੇਡ ਚਮਕੌਰ ਸਿੰਘ, ਪਾਰਟੀ ਦੇ ਜ਼ਿਲ੍ਹਾ ਵਿੱਤ ਸਕੱਤਰ ਅਤੇ ਲੁਧਿਆਣਾ ਸ਼ਹਿਰੀ ਦੇ ਸਕੱਤਰ ਕਾਮਰੇਡ ਐੱਮ ਐੱਸ ਭਾਟੀਆ, ਬਲਾਕ ਸਕੱਤਰ ਭਗਵਾਨ ਸਿੰਘ ਸੋਮਲਖੇੜੀ ਅਤੇ ਨਿਰੰਜਨ ਸਿੰਘ ਤੋਂ ਇਲਾਵਾ ਕੇਵਲ ਸਿੰਘ ਬਨਵੈਤ, ਡਾ. ਗੁਲਜ਼ਾਰ ਪੰਧੇਰ, ਨਰੇਸ਼ ਗੌੜ, ਵਿਜੇ • ਬਾਕੀ ਸਫਾ 2 ’ਤੇ

## ਅੱਜ-ਨਾਮਾ

ਲੈਂਡ ਪੂਲਿੰਗ ਦੀ ਨੀਤੀ ਦਾ ਪਿਆ ਰੌਲਾ,
ਹਰ ਕੋਈ ਛੱਡਦਾ ਪਿਆ ਹੈ ਤੀਰ ਬੇਲੀ।
ਸੌਖੀ ਦਿੱਸੀ ਨਿਯਮਾਂਵਲੀ ਨਹੀਂ ਇਹਦੀ,
ਵਿਰਲਾ ਸਕੇਗਾ ਸਮਝ ਤਹਿਰੀਰ ਬੇਲੀ।
ਵਿਰੋਧੀ ਆਗੂ ਨੇ ਕੱਢਦੇ ਨੁਕਸ ਇਹਦੇ,
ਹਾਕਮ ਦੱਸਦੇ ਆ ਹੋਰ ਤਸਵੀਰ ਬੇਲੀ।
ਏਧਰ-ਓਧਰ ਵਿਚਾਲੇ ਆ ਆਮ ਲੋਕੀਂ,
ਤੁਰਦੇ ਜਿੱਧਰ ਵੱਲ ਜਾਏ ਵਹੀਰ ਬੇਲੀ।
ਮਾਹਰਾਂ ਹੋਵੇ ਜਦ ਫਾਈਲ ਬਣਾਈ ਮੋਟੀ,
ਅਫਸਰ ਵੱਡੇ ਨਹੀਂ ਖਾਸ ਵਿਚਾਰਦੇ ਈ।
ਲੀਡਰ ਮੰਨਦੇ ਜੋ ਕੁਝ ਕਹਿਣ ਅਫਸਰ,
ਘੁੱਗੀ ਸਾਰੇ ਬੱਸ ਪੜ੍ਹੇ ਬਿਨ ਮਾਰਦੇ ਈ।

-ਤੀਸ ਮਾਰ ਖਾਂ

## ਭਲਕੇ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਰੋਸ ਧਰਨਾ

### 11 ਤੋਂ 13 ਅਗਸਤ ਤੱਕ ਸਮੂਹਿਕ ਛੁੱਟੀ ’ਤੇ ਜਾਣਗੇ ਬਿਜਲੀ ਕਾਮੇ



**ਪਟਿਆਲਾ** : ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ’ਤੇ ਅਧਾਰਤ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ ਨੰ 24) ਪਾਵਰਕਾਮ / ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ, ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ ਪਾਵਰਕਾਮ ਅਤੇ ਟ੍ਰਾਂਸਕੋ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੀ ਕਾਰਵਾਈ ਬਾਰੇ ਬਿਆਨ ਜਾਰੀ ਕਰਦਿਆਂ ਮੁਲਾਜ਼ਮ ਆਗੂਆਂ ਨੇ ਦੱਸਿਆ ਕਿ 2 ਜੂਨ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਪ੍ਰਧਾਨਗੀ ਹੇਠ ਪੀ ਐੱਸ ਪੀ ਸੀ ਐੱਲ ਗੈਸਟ ਹਾਊਸ ਮੁਹਾਲੀ ਵਿਖੇ ਪਾਵਰ ਮੈਨਜਮੈਂਟ ਨਾਲ ਮੁਲਾਜ਼ਮ ਅਤੇ ਪੈਨਸ਼ਨਰ ਦੇ ਵਾਜਿਬ ਮਸਲਿਆਂ ਦੇ ਨਿਪਟਾਰੇ ਸੰਬੰਧੀ ਮੀਟਿੰਗ ਹੋਈ ਸੀ, ਜਿਸ ਵਿੱਚ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵਿਚਾਲੇ ਕਾਫੀ ਮੰਗਾਂ ’ਤੇ ਸਹਿਮਤੀਆਂ ਬਣੀਆਂ ਸਨ, ਜਿਨ੍ਹਾਂ ਨੂੰ ਲਾਗੂ ਕਰਨ ਲਈ ਪਾਵਰ ਮੈਨੇਜਮੈਂਟ ਨੇ 10 ਦਿਨ ਦਾ ਸਮਾਂ ਤਹਿ ਕੀਤਾ ਸੀ ।ਆਗੂਆਂ ਨੇ ਅਫਸੋਸ ਜ਼ਾਹਰ ਕਰਦੇ ਹੋਏ ਕਿਹਾ ਕਿ ਲਗਭਗ 2 ਮਹੀਨੇ ਬੀਤ ਜਾਣ ਦੇ ਬਾਵਜੂਦ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਮਸਲਿਆਂ ਨੂੰ ਲਮਕਾ ਅਵਸਥਾ ਵਿੱਚ ਰੱਖ ਰਹੀ ਹੈ। ਆਗੂਆਂ ਕਿਹਾ ਕਿ ਪਾਵਰ ਮੈਨੇਜਮੈਂਟ ਗੈਰ-ਜ਼ਿੰਮੇਵਾਰਾਨਾ ਵਤੀਰਾ ਅਪਣਾਉਂਦੇ ਹੋਏ ਜਾਣਬੁੱਝ ਕੇ ਮੰਨੀਆਂ ਮੰਗਾਂ ਲਾਗੂ ਨਹੀਂ ਕਰ ਰਹੀ ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ ਖਿਲਾਫ਼ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਕਿਉਂਕਿ ਮੁਲਾਜ਼ਮਾਂ ਅਤੇ ਪੈਨਸ਼ਨਰ ਦੀਆਂ ਮੁੱਖ ਮੰਗਾਂ ਵੱਟੇ-ਖਾਤੇ ਪਾਉਣ ਤੋਂ ਇਲਾਵਾ ਪੰਜਾਬ ਸਰਕਾਰ ਅਦਾਰੇ ਅੰਦਰ ਨਿੱਜੀਕਰਨ ਦੀ ਲੋਕ ਵਿਰੋਧੀ ਨੀਤੀ ਨੂੰ ਲਗਾਤਾਰ ਬੜਾਵਾ ਦੇ ਰਹੀ ਹੈ ਅਤੇ ਪੰਜਾਹ ਹਜ਼ਾਰ ਦੇ ਕਰੀਬ ਖਾਲੀ ਪਈਆਂ ਅਸਾਮੀਆਂ ਨੂੰ ਰੈਗੂਲਰ ਭਰਤੀ ਰਾਹੀਂ ਭਰਨ ਦੀ ਬਜਾਏ ਖਤਮ ਕੀਤਾ ਜਾ ਰਿਹਾ ਹੈ। ਪਿਛਲੇ ਪੈਡੀ ਸੀਜ਼ਨ ਦੌਰਾਨ ਡਿਊਟੀ ਕਰਦਿਆਂ ਘਾਤਕ ਹਾਦਸਿਆਂ ਦਾ ਸ਼ਿਕਾਰ ਹੋਏ ਬਿਜਲੀ ਕਾਮਿਆਂ ਦੇ ਪਰਵਾਰਾਂ ਨੂੰ ਵਧੇ ਮੁਆਵਜ਼ੇ ਦੀ ਅਦਾਇਗੀ ਕਰਨ ਤੋਂ ਲਗਾਤਾਰ ਟਾਲ-ਮਟੋਲ ਕੀਤਾ ਜਾ ਰਿਹਾ ਅਤੇ ਜ਼ਖਮੀ ਕਾਮਿਆਂ ਨੂੰ ਕੈਸ਼ਲੈੱਸ ਇਲਾਜ ਦੀ ਸਹੂਲਤ ਨਹੀਂ ਦਿੱਤੀ ਜਾ ਰਹੀ ।ਇਸੇ ਤਰ੍ਹਾਂ 17 ਜੁਲਾਈ 2020 ਤੋਂ ਬਾਅਦ ਭਰਤੀ ਕਰਮਚਾਰੀਆਂ ਉਪਰ ਬਿਜਲੀ ਨਿਗਮ ਦੇ ਤਨਖਾਹ ਸਕੇਲ ਲਾਗੂ ਕਰਨ ਦੀ ਜਗ੍ਹਾ ਧੱਕੇ ਨਾਲ ਕੇਂਦਰੀ ਸਕੇਲ ਲਾਗੂ ਕੀਤੇ ਜਾ ਰਹੇ ਹਨ । ਹਰ ਰੋਜ਼ ਵਾਪਰ ਰਹੇ ਹਾਦਸਿਆਂ ਨਾਲ ਕਾਮਿਆਂ ਦੀਆਂ ਹੋ ਰਹੀਆਂ ਮੌਤਾਂ ’ਤੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਜਾ ਰਿਹਾ, • ਬਾਕੀ ਸਫਾ 2 ’ਤੇ

CMYK

## ਸਰਕਾਰ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਸੁਰੱਖਿਅਤ ਦਿਸ਼ਾ ਦੇਣ ਲਈ ਯਤਨਸ਼ੀਲ : ਦੇਵ ਮਾਨ



**ਨਾਭਾ (ਵਰਿੰਦਰ ਵਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨੌਜਵਾਨ ਪੀੜ੍ਹੀ ਦੇ ਹਿੱਤ 'ਚ ਹਰ ਪਿੰਡ 'ਚ ਅਤਿ-ਆਧੁਨਿਕ ਸਟੇਡੀਅਮ ਤੇ ਖੇਡ ਦੇ ਮੈਦਾਨ ਬਣਾਉਣ ਦੇ ਇਤਿਹਾਸਿਕ ਫ਼ੈਸਲੇ ਦਾ ਸਵਾਗਤ ਕਰਦਿਆਂ 'ਆਪ' ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਇਹ ਫੈਸਲਾ 'ਆਪ' ਸਰਕਾਰ ਦੀ ਦੂਰਅੰਦੇਸ਼ੀ ਸੋਚ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੇ ਪਹਿਲੇ ਪੜਾਅ 'ਚ ਪੰਜਾਬ ਭਰ 'ਚ 3083 ਸਟੇਡੀਅਮ ਅਤੇ ਖੇਡ ਦੇ ਮੈਦਾਨ ਬਣਾਏ ਜਾਣਗੇ।ਸਟੇਡੀਅਮਾਂ 'ਚ ਅਤਿ-ਆਧੁਨਿਕ ਸਹੂਲਤਾਂ ਹੋਣਗੀਆਂ, ਜਿੰਨਾਂ 'ਚ ਖੇਡ ਉਪਕਰਣ, ਟਰੈਕ, ਬੈਠਣ ਦੀ ਵਿਵਸਥਾ ਤੇ ਕੋਚਿੰਗ ਸਹੂਲਤਾਂ ਸ਼ਾਮਲ ਹੋਣਗੀਆਂ।ਵਿਧਾਇਕ ਦੇਵ ਮਾਨ ਨੇ ਭਰੇ ਮਨ ਨਾਲ ਕਿਹਾ ਕਿ ਪੰਜਾਬ ਕਦੇ ਖੇਡਾਂ ਦੇ ਖੇਤਰ 'ਚ ਮੋਹਰੀ ਰਿਹਾ ਹੈ ਅਤੇ ਹੁਣ ਇਹ ਕਦਮ ਦੁਬਾਰਾ ਉਹੀ ਸ਼ਾਨ ਵਾਪਸ ਲਿਆਉਣ 'ਚ ਇੱਕ ਮੀਲ ਪੱਥਰ ਸਾਬਤ ਹੋਵੇਗਾ।ਉਨਾ ਕਿਹਾ ਕਿ 'ਆਪ' ਵੱਲੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਕਾਰਨ ਪੰਜਾਬ ਦੀ ਸਥਿਤੀ ਹੁਣ ਦਿਨ-ਬ-ਦਿਨ ਵਧ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਖੇਡਾਂ ਰਾਹੀਂ ਵਿਕਸਤ ਤੇ ਸਰਗਰਮ ਰੱਖਣਾ ਹੈ ਤਾਂ ਜੁ ਉਹ ਨਸ਼ਿਆਂ ਵੱਲ ਆਕਰਸ਼ਤ ਨਾ ਹੋਣ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਚੋਂ ਬਾਹਰ ਕੱਢਣਾ ਅਤੇ ਉਹਨਾਂ ਨੂੰ ਪੰਜਾਬ ਦੇ ਸਮਾਜਿਕ ਤੇ ਆਰਥਿਕ ਵਿਕਾਸ 'ਚ ਭਾਈਵਾਲ ਬਣਾਉਣਾ ਹੈ।

## ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਕਾਈਆਂ ਦੀ ਚੋਣ



**ਦੋਰਾਹਾ (ਹਰਿਮੰਦਰ ਸੇਠ)**-ਪੰਜਾਬ ਦੇ ਆਰਥਿਕ ਹਾਲਾਤ ਬੁਰੀ ਤਰ੍ਹਾਂ ਹਾਸ਼ੀਏ 'ਤੇ ਜਾ ਚੁੱਕੇ ਹਨ। ਹਰ ਪਾਸੇ ਨਿਰਾਸ਼ਤਾ ਤੇ ਅਰਾਜਕਤਾ ਦਾ ਮਾਹੌਲ ਹੈ। ਪੰਜਾਬ 'ਚ ਅਪਰਾਧੀਆਂ ਤੇ ਗੈਂਗਸਟਰਾਂ ਦਾ ਰਾਜ ਹੈ। ਮੌਜੂਦਾ ਸਰਕਾਰ ਲੋਕਾਂ ਨੂੰ ਚੰਗਾ ਸ਼ਾਸਨ ਦੇਣ ਵਿੱਚ ਅਸਫ਼ਲ ਰਹੀ ਹੈ। ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਲੋਕ ਆਪਣੀ ਖੇਤਰੀ ਪਾਰਟੀ ਦੀ ਚੋਣ ਕਰਕੇ ਆਪਣਾ ਆਉਣ ਵਾਲਾ ਭਵਿੱਖ ਤੈਅ ਕਰਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਸ ਪੰਜਾਬ ਦੇ ਮੈਂਬਰ ਭਰਤੀ ਕਮੇਟੀ ਪੰਜਾਬ ਤੇ ਅਬਜ਼ਰਵਰ ਸ੍ਰੀ ਫਤਿਹਗੜ੍ਹ ਸਾਹਿਬ ਸੰਦੀਪ ਸਿੰਘ ਰੁਪਾਲੋਂ ਨੇ ਪਾਰਟੀ ਦੇ ਜਥੇਬੰਦ ਨੂੰ ਢਾਂਚੇ ਨੂੰ ਮਜਬੂਤ ਕਰਨ ਦੇ ਲਈ ਬਲਾਕ ਮਲੌਦ ਦੇ ਪਿੰਡ ਚੋਮੋ ਅਤੇ ਬੇਰ ਕਲਾਂ ਵਿਖੇ ਇਕਾਈਆਂ ਚੁਣਨ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਜ਼ਿਲ੍ਹਾ ਅਬਜ਼ਰਵਰ ਪ੍ਰਿਥੀਪਾਲ ਸਿੰਘ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਹਰ ਵਰਗ ਨੂੰ ਪਾਰਟੀ ਨਾਲ ਜੋੜਨ ਦੇ ਲਈ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ ਤੇ ਪਾਰਟੀ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦਾ ਉਦੇਸ਼ ਘਰ-ਘਰ ਤੱਕ ਪੁਚਾਉਣ ਦੇ ਲਈ ਮੁਹਿੰਮ ਵਿੱਡੀ ਗਈ ਹੈ, ਜਿਸ ਨੂੰ ਪਿੰਡਾਂ ਵਿੱਚ ਭਰਪੂਰ ਸਮਰਥਨ ਮਿਲ ਰਿਹਾ ਹੈ ਤੇ ਹਰ ਵਰਗ ਦੇ ਲੋਕ ਪਾਰਟੀ ਦੇ ਨਾਲ ਜੁੜ ਰਹੇ ਹਨ ਕਿ ਪੰਜਾਬ ਦੇ ਲੋਕ ਇਹ ਜਾਣ ਚੁੱਕੇ ਹਨ ਕਿ ਇੱਥੇ ਪੰਜਾਬ ਦੀ ਬਰਬਾਦੀ ਵਿੱਚ ਕਾਂਗਰਸ ਤੇ ਅਕਾਲੀ ਦਲ ਬਾਦਲ ਦਾ ਵੱਡਾ ਯੋਗਦਾਨ ਹੈ, ਉੱਥੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਬਰਾਬਰ ਦੀ ਜ਼ਿੰਮੇਵਾਰ ਹੈ। ਜੇਕਰ ਪੰਜਾਬ ਨੂੰ ਬਚਾਉਣਾ ਅਤੇ ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨੀ ਆ ਤਾਂ ਸਾਨੂੰ ਆਪਣੀ ਖੇਤਰੀ ਪਾਰਟੀ ਦੇ ਨਾਲ ਜੁੜਨਾ ਪਵੇਗਾ। ਸਾਡੇ ਕੋਲ ਇੱਕੋ ਇੱਕ ਰਸਤਾ ਹੈ ਅਕਾਲੀ ਦਲ ਵਾਰਿਸ ਪੰਜਾਬ ਦੇ, ਜਿਸ ਨਾਲ ਜੋੜ ਕੇ ਅਸੀਂ ਪੰਜਾਬ ਦੀ ਜ਼ੁਬਾਨੀ ਤੇ ਭਵਿੱਖ ਨੂੰ ਸਵਾਰ ਸਕਦੇ ਹਾਂ। ਜਥੇਬੰਦੀ ਵੱਲੋਂ ਪਿੰਡ ਚੋਮੋ ਦੀ ਗਿਆਰਾਂ ਮੈਂਬਰੀ ਕਮੇਟੀ ਤੇ ਇਸੇ ਤਰ੍ਹਾਂ ਪਿੰਡ ਬੇਰਕਲਾਂ ਦੀ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਕਰਕੇ ਚੁਣੇ ਗਏ ਅਹੁਦੇਦਾਰਾਂ ਨੂੰ ਸਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

## ਹਲਕਾ ਸਮਾਣਾ ਦੇ ਵਿਕਾਸ 'ਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ : ਬਰਸਟ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਸਮਾਣਾ ਤੋਂ ਪਟਿਆਲਾ ਵਾਇਆ ਡਕਾਲਾ ਲਈ ਸਰਕਾਰੀ ਬੱਸ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ।ਇਹ ਬੱਸ ਸੇਵਾ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਦੌਰਾਨ ਵੱਡੀ ਰਾਹਤ ਦੇਵੇਗੀ।ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਬੱਸ ਸਟੈਂਡ ਤੋਂ ਪੀ.ਆਰ.ਟੀ.ਸੀ. ਦੀ ਬੱਸ ਨੂੰ ਹਰੀ ਝੰਡੀ ਦੇ ਕੇ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਰੂਟ ਤੇ ਰਵਾਨਾ ਕੀਤਾ ਗਿਆ।ਇਹ ਬੱਸ ਸਮਾਣਾ ਤੋਂ ਗਾਜੀਸਲਾਰ, ਧਨੌਰੀ, ਮਵੀ ਸੱਪਾ, ਗਾਜੇਵਾਸ, ਖੇੜੀ ਬਰਨਾ, ਮੱਦੋ ਮਾਜਰਾ, ਤਰੈਂ, ਡਕਾਲਾ, ਕੱਲਰ ਭੈਣੀ, ਖੇੜਾ ਜੱਟਾ, ਰਵਾਸ (ਬੀੜ), ਸੂਲਰ, ਰਜਿੰਦਰਾ ਚੁੰਗੀ, ਗੁਰੂਦੁਆਰਾ ਦੁਖਨਿਵਾਰਨ ਸਾਹਿਬ, ਪੁਰਾਣਾ ਬੱਸ ਸਟੈਂਡ ਤੋਂ ਹੁੰਦੀ ਹੋਈ ਨਵਾਂ ਬੱਸ ਸਟੈਂਡ ਪਟਿਆਲਾ ਪਹੁੰਚੇਗੀ।ਇਹ ਬੱਸ ਸਵੇਰੇ 6.40 ਤੇ ਸਮਾਣਾ ਤੋਂ ਚਲ ਕੇ 7.45 ਤੇ ਡਕਾਲਾ ਹੁੰਦੀ ਹੋਈ 8.45 ਤੇ ਪਟਿਆਲਾ ਪਹੁੰਚੇਗੀ ਤੇ ਪਟਿਆਲਾ ਤੋਂ ਸ਼ਾਮ ਨੂੰ 5.45 ਤੇ ਚੱਲ ਕੇ 6.45 ਤੇ ਡਕਾਲਾ ਹੁੰਦੀ ਹੋਈ 7.50 'ਤੇ ਸਮਾਣਾ ਪਹੁੰਚੇ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦਾ ਚਹੁੱਪਖੀ ਵਿਕਾਸ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ।

## ਆਮ ਆਦਮੀ ਪਾਰਟੀ ਦੇ ਯੂਥ ਵਿੰਗ ਹਲਕਾ ਨਿਹਾਲ ਸਿੰਘ ਵਾਲਾ ਦੀ ਮੀਟਿੰਗ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਅੱਗੇ ਲਿਆਉਣ ਅਤੇ ਪੰਜਾਬ ਦੇ ਯੂਥ ਨੂੰ ਪਿੰਡਾਂ ਦੇ ਵਿਕਾਸ ਕਾਰਜਾਂ ਪ੍ਰਤੀ ਸੁਚੇਤ ਕਰਨ ਲਈ 'ਯੂਥ ਕਲੱਬ' ਅਧੀਨ ਚਲਾਈ ਜਾ ਰਹੀ ਮੁਹਿੰਮ ਤਹਿਤ ਯੂਥ ਵਿੰਗ ਦੀ ਮੀਟਿੰਗ ਨਿਹਾਲ ਸਿੰਘ ਵਾਲਾ ਵਿੱਚ ਹੋਈ, ਜਿਸ ਵਿੱਚ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਤੇ ਚੇਅਰਮੈਨ ਮਾਰਕੀਟ ਕਮੇਟੀ ਨਿਹਾਲ ਸਿੰਘ ਵਾਲਾ ਬਰਿੰਦਰ ਕੁਮਾਰ ਮਧੇਕੇ, ਜ਼ਿਲ੍ਹੇ ਦੇ ਮੀਡੀਆ ਸੈਕਟਰੀ ਅੰਮ੍ਰਿਤਪਾਲ ਸਿੰਘ ਖਾਲਸਾ, ਹਲਕੇ ਦੇ ਸਗੰਠਨ ਇੰਚਾਰਜ ਦਵਿੰਦਰ ਸਿੰਘ ਤਖਤੂਪੁਰਾ, ਯੂਥ ਡਿਵੈਲਪਮੈਂਟ ਬੋਰਡ ਦੇ ਮੈਂਬਰ ਅਤੇ ਯੂਥ ਵਿੰਗ ਮਾਲਵਾ ਸੈਂਟਰਲ ਜੋਨ ਦੇ ਇੰਚਾਰਜ ਰਵਿੰਦਰਪਾਲ ਸਿੰਘ ਰਵੀ, ਜ਼ਿਲ੍ਹਾ ਮੋਗਾ ਦੇ ਯੂਥ ਪ੍ਰਧਾਨ ਗੁਰਰਾਜ ਸਿੰਘ ਧਾਲੀਵਾਲ, ਯੂਥ ਵਿੰਗ ਨਿਹਾਲ ਸਿੰਘ ਵਾਲਾ ਦੇ ਕੋਆਰਡੀਨੇਟਰ ਸਰਪੰਚ ਦਰਸ਼ਵੀਰ ਸਿੰਘ ਢੁੱਡੀਕੇ, ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਵੱਖ-ਵੱਖ ਪਿੰਡਾਂ ਵਿੱਚੋਂ ਵੱਡੀ ਗਿਣਤੀ 'ਚ ਪਹੁੰਚੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਦੇਸ਼ ਦੇ ਜਾਂ ਰਾਜ ਦੇ ਵਿਕਾਸ ਲਈ ਯੂਥ ਨੂੰ ਅੱਗੇ ਆਉਣਾ ਬਹੁਤ ਜ਼ਰੂਰੀ ਹੁੰਦਾ ਹੈ, ਇਸ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਯੂਥ ਨੂੰ ਮਜਬੂਤ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਯੂਥ ਕਲੱਬਾਂ ਬਣਾਈਆਂ ਜਾ ਰਹੀਆਂ ਹਨ, ਜਿਸ ਵਿੱਚ ਅਗਾਂਹਵਧੂ ਨੌਜਵਾਨਾਂ ਨੂੰ ਸ਼ਾਮਲ ਕਰਕੇ ਸਰਕਾਰ ਦੀਆਂ ਸਕੀਮਾਂ ਪਿੰਡਾਂ ਤੇ ਸ਼ਹਿਰਾਂ ਵਿੱਚ ਲਾਗੂ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।ਯੂਥ ਆਗੂਆਂ ਨੇ ਅੱਗੇ ਦੱਸਿਆ ਕਿ ਯੂਥ ਕਲੱਬਾਂ 'ਚ ਸ਼ਾਮਲ ਹੋਣ ਵਾਲੇ ਸਾਰੇ ਨੌਜਵਾਨਾਂ ਨੂੰ ਕੰਮ ਕਰਨ ਦੀ ਅਤੇ ਯੂਥ ਕਲੱਬਾਂ ਰਾਹੀਂ ਉਹ ਕੀ-ਕੀ ਕਰ ਸਕਦੇ ਹਨ, ਉਸਦੀ ਟ੍ਰੇਨਿੰਗ ਦਿੱਤੀ ਜਾਵੇਗੀ।ਜਦੋਂ ਸਾਡਾ ਯੂਥ ਇਸ ਪਾਸੇ ਵੱਲ ਅਕਰਸ਼ਿਤ ਹੋਵੇਗਾ, ਉਦੋਂ ਪਿੰਡਾਂ ਦਾ ਵਿਕਾਸ ਤਾਂ ਤੇਜ਼ੀ ਨਾਲ ਹੋਵੇਗਾ ਹੀ, ਸਗੋਂ ਪੰਜਾਬ ਦੇ ਨੌਜਵਾਨ ਨਸ਼ਿਆਂ ਤੇ ਮਾੜੀਆਂ ਅਲਾਮਤਾਂ ਤੋਂ ਦੂਰ ਹੋਣਗੇ ਅਤੇ ਆਪਣੇ ਚੰਗੇ ਭਵਿੱਖ ਪ੍ਰਤੀ ਵੀ ਜਾਗਰੂਕ ਹੋਣਗੇ।ਅਖੀਰ ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮਧੇਕੇ ਨੇ ਸਾਰੇ ਅਹੁਦੇਦਾਰਾਂ ਤੇ ਨੌਜਵਾਨਾਂ ਦਾ ਧੰਨਵਾਦ ਕੀਤਾ ਅਤੇ ਤਕੜੇ ਹੋ ਕੇ ਆਪਣੇ ਆਪਣੇ ਪਿੰਡਾਂ ਵਿੱਚ ਯੂਥ ਨੂੰ ਮਜਬੂਤ ਕਰਨ ਲਈ ਕਿਹਾ।

## ਪੰਜਾਬ ਸਰਕਾਰ ਨੇ ਨਸ਼ੇ ਦਾ ਖਾਤਮਾ ਕਰਨ ਦਾ ਕੀਤਾ ਤਹੱਈਆ : ਗੋਲਡੀ ਕੰਬੋਜ



**ਜਲਾਲਾਬਾਦ (ਜੀਤ ਕੁਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਸ਼ੇ ਦਾ ਖਾਤਮਾ ਕਰਨ ਦਾ ਤਹੱਈਆ ਕੀਤਾ ਹੈ ਤਾਂ ਜੁ ਸੂਬੇ ਦੀ ਨੌਜਵਾਨੀ ਨੂੰ ਇਸ ਕੋਹੜ ਤੋਂ ਬਚਾਇਆ ਜਾ ਸਕੇ ਤੇ ਸਾਡਾ ਸੂਬਾ ਮੁੜ ਤੋਂ ਰੰਗਲਾ ਤੇ ਸਿਹਤਮੰਦ ਹੋਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਲੜੀ ਤਹਿਤ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਪਿੰਡ ਕੁਹਾੜਿਆਂ ਵਾਲੀ ਤੇ ਮੰਮੂ ਖੇੜਾ ਖਾਟਵਾਂ ਵਿਖੇ ਨਸ਼ਾ ਮੁਕਤੀ ਯਾਤਰਾਵਾਂ ਕਰ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁਟ ਹੋ ਕੇ ਇਸ ਲੜਾਈ ਵਿਚ ਪੰਜਾਬ ਸਰਕਾਰ ਦਾ ਸਾਥ ਦੇਣ ਲਈ ਕਿਹਾ। ਵਿਧਾਇਕ ਗੋਲਡੀ ਨੇ ਕਿਹਾ ਕਿ ਉਹ ਪਿੰਡਾਂ ਦੇ ਵਸਨੀਕਾਂ ਤੋਂ ਇਸ ਲੜਾਈ ਵਿਚ ਸਾਥ ਲੈਣ ਲਈ ਆਏ ਹਨ ਤਾਂ ਜੁ ਰਲਮਿਲ ਕੇ ਸਰਕਾਰ ਦੇ ਇਸ ਅਭਿਆਨ ਨੂੰ ਸਫਲ ਬਣਾ ਸਕੀਏ ਤੇ ਆਪਣੇ ਸੂਬੇ ਨੂੰ ਇਸ ਛੇਵੇਂ ਦਰਿਆ ਤੋਂ ਨਿਜ਼ਾਤ ਦਿਵਾ ਸਕੀਏ। ਉਨ੍ਹਾਂ ਵਸਨੀਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਾ ਤਸਕਰਾਂ ਦੀ ਜਾਣਕਾਰੀ ਸਾਂਝੀ ਕਰਨਾ ਲੋਕਾਂ ਦਾ ਕੰਮ ਹੈ ਤੇ ਕਾਰਵਾਈ ਕਰਨਾ ਸਰਕਾਰ ਦਾ, ਨਸ਼ਾ ਆਪਣੇ ਆਪ ਖਤਮ ਹੋ ਜਾਵੇਗਾ।

## 'ਜਾਗੋ ਇੰਟਰਨੈਸ਼ਨਲ' ਪੂਰਾ ਸੱਚ ਸਾਹਮਣੇ ਲਿਆਉਣ 'ਚ ਵਡਮੁੱਲਾ ਯੋਗਦਾਨ ਪਾ ਰਿਹੈ : ਡਾ. ਸਵਰਾਜ ਸਿੰਘ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ.) ਵੱਲੋਂ ਪ੍ਰਕਾਸ਼ਤ ਡਾ. ਭਗਵੰਤ ਸਿੰਘ ਸੰਪਾਦਨਾ ਹੇਠ ਜਾਗੋ ਇੰਟਰਨੈਸ਼ਨਲ ਤ੍ਰੈਮਾਸਿਕ ਪਿਛਲੇ ਸਤਾਰਾਂ ਸਾਲ ਤੋਂ ਨਿਰੰਤਰ ਯੋਗਦਾਨ ਪਾ ਰਿਹਾ ਹੈ।ਨਵੇਂ ਅੰਕ 97-100 'ਚ ਬੌਬੀ ਹੰਸ ਦਾ ਪ੍ਰਵਾਸ ਬਾਰੇ, ਗੁਰਪ੍ਰੀਤ ਸਿੰਘ ਤੂਰ ਦਾ ਜ਼ਮੀਨ ਬਾਰੇ ਤੇ ਅਦਿੱਤਿਆ ਬਹਿਲ ਦਾ ਹਰੇ ਇਨਕਲਾਬ ਦੇ ਬਾਰੇ, ਗੁਰਤੇਜ ਸਿੰਘ ਦੇ ਪੰਜਾਬ ਦੀ ਸਥਿਤੀ ਬਾਰੇ, ਵਰਿਆਮ ਸਿੰਘ ਸੰਧੂ ਦੇ ਹੁਬਾਨ ਦੀ ਕੀਮਤੀ, ਸੰਧੂ ਵਰਿਆਣਵੀ ਦਾ ਸੂਫ਼ੀਆਨਾ ਰਹੱਸ ਅਨਭੂਤੀ ਬਾਰੇ ਲੇਖ ਤੇ ਸੰਪਾਦਕੀ ਕੋਸ਼ਕਾਰੀ ਬਾਰੇ, ਅਮਰਜੀਤ ਸਿੰਘ ਧਵਨ ਦਾ ਮਹਾਨ ਕੋਸ਼ ਬਾਰੇ ਨਵੇਂ ਸੰਵਾਦ ਛੇੜਨ ਵਾਲੀਆਂ ਰਚਨਾਵਾਂ ਹਨ।ਇਸ ਤੋਂ ਇਲਾਵਾ ਅਨੇਕਾਂ ਨਵੀਆਂ ਤੇ ਮੌਲਿਕ ਰਚਨਾਵਾਂ ਪਹਿਲੀ ਵਾਰ ਪੇਸ਼ ਹੋ ਰਹੀਆਂ ਹਨ।ਪ੍ਰੋਫੈਸਰ ਸ਼ੇਰ ਸਿੰਘ ਕੰਵਲ ਦੀਆਂ ਕਾਵਿ-ਰਚਨਾਵਾਂ ਧਿਆਨ ਖਿੱਚਦੀਆਂ ਹਨ।ਇਸ ਅੰਕ ਨੂੰ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ 'ਚ ਲੋਕ ਅਰਪਣ ਕਰਦੇ ਹੋਏ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕਿਹਾ ਕਿ ਜਾਗੋ ਇੰਟਰਨੈਸ਼ਨਲ ਦੀ ਭੂਮਿਕਾ ਦੇ ਸੰਦਰਭ 'ਚ ਗੱਲਬਾਤ ਕਰਦਿਆਂ ਡਾ. ਸਵਰਾਜ ਸਿੰਘ ਨੇ ਕਿਹਾ ਕਿ ਝੂਠਾ ਬਿਰਤਾਂਤ ਤੇ ਅਧੂਰਾ ਸੱਚ ਤੋੜ ਕੇ ਸਹੀ ਤਸਵੀਰ ਪੇਸ਼ ਕਰਨਾ ਬੁੱਧੀਜੀਵੀਆਂ ਦਾ ਫ਼ਰਜ਼ ਹੈ।ਪਹਿਲਾਂ ਪੰਜਾਬ 'ਚ ਇਹ ਝੂਠ ਬਿਰਤਾਂਤ ਪੇਸ਼ ਕੀਤਾ ਗਿਆ ਕਿ ਹਰੇ ਇਨਕਲਾਬ ਨੇ ਪੰਜਾਬ ਨੂੰ ਬਹੁਤ ਫ਼ਾਇਦਾ ਕੀਤਾ ਹੈ।ਪੰਜਾਬ ਦੇ ਅਖੌਤੀ ਬੁੱਧੀਜੀਵੀਆਂ ਨੇ ਨਾ ਸਿਰਫ਼ ਇਸ ਝੂਠੇ ਬਿਰਤਾਂਤ ਨੂੰ ਤੋਰਿਆ ਸਗੋਂ ਇਸ ਦਾ ਪ੍ਰਚਾਰ ਕੀਤਾ, ਪ੍ਰੰਤੂ ਹੁਣ ਲੋਕਾਂ ਨੂੰ ਹਰੇ ਇਨਕਲਾਬ ਦੀ ਸੱਚਾਈ ਦਾ ਪਤਾ ਲੱਗ ਗਿਆ ਹੈ ਕਿ ਉਸ ਨੇ ਪੰਜਾਬ ਦਾ ਕਿੰਨਾ ਕੁ ਨੁਕਸਾਨ ਕੀਤਾ ਹੈ।ਪਰਵਾਸ ਬਾਰੇ ਝੂਠਾ ਬਿਰਤਾਂਤ ਅਤੇ ਅਧੂਰਾ ਸੱਚ ਪੇਸ਼ ਕੀਤਾ ਜਾ ਰਿਹਾ ਹੈ।ਇਹ ਕਿਹਾ ਜਾ ਰਿਹਾ ਹੈ ਕਿ ਅਜੋਕਾ ਪਰਵਾਸ ਪੰਜਾਬ ਤੇ ਪੰਜਾਬੀਆਂ ਦਾ ਬਹੁਤ ਫ਼ਾਇਦਾ ਕਰ ਰਿਹਾ ਹੈ।ਸਾਡੇ ਕਈ ਅਖੌਤੀ ਬੁੱਧੀਜੀਵੀ ਵੀ ਇਸ ਝੂਠੇ ਪ੍ਰਚਾਰ ਦਾ ਨਾ ਸਿਰਫ਼ ਸ਼ਿਕਾਰ ਬਣੇ, ਸਗੋਂ ਇਸ ਪ੍ਰਚਾਰ ਵਿੱਚ ਭਾਗੀਦਾਰ ਬਣੇ, ਜਿੱਥੇ ਕੁੱਝ ਪਰਵਾਸੀਆਂ ਨੇ ਆਪਣੀ ਆਰਥਿਕ ਸਥਿਤੀ ਸੁਧਾਰੀ ਹੈ, ਉੱਥੇ ਪਰਵਾਸ ਨੇ ਪਰਿਵਾਰਿਕ ਰਿਸ਼ਤਿਆਂ, ਸੱਭਿਆਚਾਰ ਤੇ ਕਦਰਾਂ ਕੀਮਤਾਂ ਦਾ ਘਾਣ ਕੀਤਾ ਹੈ।ਲੰਮੇ ਸਮੇਂ 'ਚ ਬਹੁਤ ਸਾਰੇ ਪਰਵਾਸੀ ਜੋ ਆਪਣੇ ਜੀਵਨ ਦਾ ਲੇਖਾ ਜੋਖਾ ਕਰਦੇ ਹਨ ਤਾਂ ਉਨ੍ਹਾਂ ਨੂੰ ਪਰਵਾਸ ਘਾਟੇ ਦਾ ਸੌਦਾ ਨਜ਼ਰ ਆਉਂਦਾ ਹੈ।ਇਸ ਝੂਠੇ ਬਿਰਤਾਂਤ ਤੇ ਅਧੂਰੇ ਸੱਚ ਨੂੰ ਤੋੜਨ ਦੀ ਲੋੜ ਹੈ ਕਿ ਪੰਜਾਬ ਨਰਕ ਹੈ ਤੇ ਵਿਦੇਸ਼ਾਂ ਵਿੱਚ ਸਵਰਗ ਹੈ।ਸੱਚ ਇਹ ਹੈ ਕਿ ਪੰਜਾਬ ਵਿੱਚ ਕੁੱਝ ਚੰਗਾ ਤੇ ਕੁਝ ਮਾੜਾ ਹੈ।

## ਸਰਕਾਰੀ ਆਈ ਟੀ ਆਈ ਮਾਨਸਾ ਵਿਖੇ ਦਾਖਲਾ ਸ਼ੁਰੂ

**ਮਾਨਸਾ (ਆਤਮਾ ਸਿੰਘ ਪਮਾਰ)**-ਡਾਇਰੈਕਟਰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ 'ਤੇ ਸਰਕਾਰੀ ਆਈ. ਟੀ. ਆਈ. ਮਾਨਸਾ ਵਿਖੇ ਸੈਸ਼ਨ 2025-2026 ਤੇ 2025-2027 ਲਈ ਦਾਖਲਾ ਸ਼ੁਰੂ ਹੈ।ਇਹ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਗੁਰਮੇਲ ਸਿੰਘ ਮਾਖਾ ਨੇ ਦੱਸਿਆ ਕਿ ਸੰਸਥਾ ਵਿਖੇ ਕੁੱਲ 11 ਟਰੇਡਾਂ ਦਾ ਦਾਖਲਾ ਹੋ ਰਿਹਾ ਹੈ, ਜਿਨ੍ਹਾਂ ਵਿੱਚ ਇਲੈਕਟ੍ਰੀਸ਼ਨ, ਇਲੈਕਟ੍ਰੋਨਿਕਸ, ਵੈਲਡਰ, ਪਲੰਬਰ, ਕਟਾਈ ਸਿਲਾਈ, ਕਢਾਈ, ਕੋਪਾ ਤੇ ਡੀ. ਐੱਮ. ਸੀ. ਟਰੇਡਾਂ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇੰਡਸਟਰੀ ਦੀ ਮੰਗ ਨੂੰ ਮੁੱਖ ਰੱਖਦਿਆਂ ਸੰਸਥਾ ਵਿਖੇ ਤਿੰਨ ਨਵੇਂ ਕੋਰਸ ਫ਼ਿਟਰ, ਰੈਫਰੀਜਰੇਸ਼ਨ ਤੇ ਏ.ਸੀ. ਮਕੈਨਿਕ ਇਲੈਕਟ੍ਰਿਕ ਵਹੀਕਲ ਵੀ ਇਸ ਸੈਸ਼ਨ ਤੋਂ ਸ਼ੁਰੂ ਕੀਤੇ ਗਏ ਹਨ।ਗੁਰਪ੍ਰੀਤ ਸਿੰਘ ਵੈਲਡਰ ਇੰਸ: ਵੱਲੋਂ ਆਪਣੀ ਸਾਰੀ ਟੀਮ ਸਮੇਤ ਆਨਲਾਈਨ ਦਾਖਲੇ ਦੇ ਕੰਮ ਦੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਜਸਪਾਲ ਸਿੰਘ ਪਲੇਸਮੈਂਟ ਅਫ਼ਸਰ ਨੇ ਦੱਸਿਆ ਕਿ ਸੰਸਥਾ ਵਿਖੇ ਚੱਲ ਰਹੇ ਪਲੇਸਮੈਂਟ ਸੈੱਲ ਵੱਲੋਂ ਕੋਰਸ ਕਰਨ ਉਪਰੰਤ ਸਿਖਿਆਰਥੀਆਂ ਦੀ 100 ਫ਼ੀਸਦੀ ਪਲੇਸਮੈਂਟ ਕਰਵਾਈ ਜਾਂਦੀ ਹੈ।ਸੰਸਥਾ ਵਿਖੇ ਐੱਨ.ਸੀ.ਸੀ. ਤੇ ਐੱਨ.ਐੱਸ.ਐੱਸ. ਦੇ ਯੂਨਿਟ ਦੀ ਸਹੂਲਤ ਵੀ ਹੈ।ਇਸ ਸੈਸ਼ਨ ਦੌਰਾਨ ਸੰਸਥਾ ਵਿਖੇ 420 ਸਿਖਿਆਰਥੀਆਂ ਦਾ ਦਾਖਲਾ ਕੀਤਾ ਜਾਵੇਗਾ।ਦਾਖਲਾ ਲੈਣ ਦੇ ਚਾਹਵਨ ਸਿਖਿਆਰਥੀ ਫੋਨ ਨੰਬਰ 95017-21800, 94177-28448 'ਤੇ ਸੰਪਰਕ ਕਰਕੇ ਵੀ ਜਾਣਕਾਰੀ ਲੈ ਸਕਦੇ ਹਨ।

## ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ 'ਚ ਗਰੀਨ ਡੇ ਮਨਾਇਆ

**ਹਠੂਰ (ਨਛੱਤਰ ਸੰਧੂ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਕਲਾਸ ਨਰਸਰੀ ਤੋਂ ਲੈ ਕੇ ਯੂਕੇਜੀ ਕਲਾਸ ਤੱਕ ਦੇ ਵਿਦਿਆਰਥੀਆਂ ਦਾ ਗਰੀਨ ਡੇ ਮਨਾਇਆ ਗਿਆ, ਜਿਸ ਵਿੱਚ ਸਾਰੇ ਹੀ ਨੰਨ੍ਹੇ ਮੁੰਨੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਹਰੇ ਰੰਗ ਦੇ ਕੱਪੜਿਆਂ ਵਿੱਚ ਆ ਕੇ ਸਾਰੇ ਹੀ ਨੰਨ੍ਹੇ ਮੁੰਨੇ ਵਿਦਿਆਰਥੀ ਬਹੁਤ ਹੀ ਸੁੰਦਰ ਲੱਗ ਰਹੇ ਸਨ।ਵਿਦਿਆਰਥੀਆਂ ਨੇ ਆਪਣੇ ਨਾਲ ਲਿਆਂਦੇ ਹੋਏ ਖਿਡਾਉਣਿਆਂ ਫਲਾਂ ਤੇ ਸਬਜ਼ੀਆਂ ਬਾਰੇ ਬਹੁਤ ਹੀ ਸੋਹਣੇ ਤਰੀਕੇ ਨਾਲ ਬਿਆਨ ਕੀਤਾ।ਅਧਿਆਪਕਾਂ ਦੁਆਰਾ ਵੀ ਵਿਦਿਆਰਥੀਆਂ ਦੇ ਨਾਲ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ ਗਈਆਂ, ਜਿਸ ਵਿੱਚ ਨੰਨ੍ਹੇ ਮੁੰਨੇ ਵਿਦਿਆਰਥੀਆਂ ਨੇ ਖੂਬ ਆਨੰਦ ਮਾਣਿਆ।ਇਸ ਮੌਕੇ ਮੌਜੂਦ ਸਕੂਲ ਪ੍ਰਧਾਨ ਚਰਨ ਸਿੰਘ ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਮਿਸਿਜ਼ ਕੁੰਜੂਮੋਲ ਜੋਅ ਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਕਰਾਉਣ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸਾਡੇ ਜੀਵਨ ਵਿੱਚ ਵੱਖ-ਵੱਖ ਰੰਗਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਦਾ ਆਤਮ ਬਲ ਵਧਾਉਣਾ ਹੈ।ਇਸ ਤੋਂ ਇਲਾਵਾ ਚੱਲ ਰਹੇ ਸਾਵਣ ਦੇ ਮਹੀਨੇ ਤੇ ਹਰ ਪਾਸੇ ਹਰੇ ਭਰੇ ਖੇਤਾ ਦਾ ਸਭ ਨੇ ਆਨੰਦ ਮਾਣਿਆਂ।



## ਸ਼ਹੀਦਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਦੀ ਜ਼ਿੰਮੇਵਾਰੀ ਨੌਜਵਾਨ ਪੀੜ੍ਹੀ ਦੇ ਸਿਰ : ਕੌਸ਼ਲ

### ਮਹਾਨ ਕ੍ਰਾਂਤੀਕਾਰੀ ਚੰਦਰ ਸ਼ੇਖਰ ਆਜ਼ਾਦ ਦੇ 119ਵੇਂ ਜਨਮ ਦਿਨ 'ਤੇ ਕੀਤਾ ਯਾਦ



**ਕੋਟਕਪੂਰਾ (ਰਛਪਾਲ ਭੁੱਲਰ)**-ਮਹਾਨ ਕ੍ਰਾਂਤੀਕਾਰੀ ਚੰਦਰ ਸ਼ੇਖਰ ਆਜ਼ਾਦ ਤੇ ਉਨ੍ਹਾਂ ਦੀ ਜਥੇਬੰਦੀ ਹਿੰਦੁਸਤਾਨ ਸਮਾਜਵਾਦੀ ਰਿਪਬਲਿਕਨ ਐਸੋਸੀਏਸ਼ਨ ਦੇ ਦੂਸਰੇ ਸਾਥੀਆਂ ਨੇ ਅਜ਼ਾਦੀ ਬਾਅਦ ਜਿਸ ਤਰ੍ਹਾਂ ਦੇ ਭਾਰਤ ਦੇਸ਼ ਦਾ ਸੁਪਨਾ ਲਿਆ ਸੀ, ਉਹ ਅਜੇ ਤੱਕ ਪੂਰਾ ਨਹੀਂ ਹੋਇਆ, ਜਿਸ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਨੌਜਵਾਨ ਤੇ ਵਿਦਿਆਰਥੀਆਂ ਦੇ ਸਿਰ ਬਣਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਾਮ ਮੁਹੰਮਦ ਸਿੰਘ ਅਜ਼ਾਦ ਵੈੱਲਫੇਅਰ ਸੋਸਾਇਟੀ ਕੋਟਕਪੂਰਾ ਦੇ ਪ੍ਰਧਾਨ ਅਸ਼ੋਕ ਕੌਸ਼ਲ ਨੇ ਸਥਾਨਕ ਸਰਕਾਰੀ ਮਿਡਲ ਸਕੂਲ ਪੁਰਾਣਾ ਕਿਲਾ ਵਿਖੇ ਅਜ਼ਾਦੀ ਸੰਗਰਾਮ ਦੇ ਮਹਾਨ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਦੇ 119ਵੇਂ ਜਨਮ ਦਿਵਸ ਮੌਕੇ ਸਵੇਰ ਦੀ ਸਭਾ ਨੂੰ ਸੰਬੋਧਨ ਕਰਦੇ ਹੋਏ ਕੀਤਾ।ਉਨ੍ਹਾਂ ਕਿਹਾ ਕਿ ਇਨ੍ਹਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਭਾਵੇਂ ਬਰਤਾਨਵੀ ਸਾਮਰਾਜੀਆਂ ਤੋਂ ਰਾਜਨੀਤਕ ਅਜ਼ਾਦੀ ਤਾਂ ਮਿਲ ਗਈ, ਪਰ ਆਰਥਿਕ ਤੇ ਸਮਾਜਿਕ ਵਿਤਕਰੇ ਤੇ ਵੰਡੀਆਂ ਦਾ ਪਾੜਾ ਹੋਰ ਵੀ ਵਧ ਗਿਆ ਹੈ।ਇਹ ਅਧੂਰੇ ਸੁਪਨੇ ਪੂਰੇ ਕਰਕੇ ਸੰਵਿਧਾਨ ਵਿੱਚ ਦਰਜ ਆਦਰਸ਼ਾਂ ਮੁਤਾਬਕ ਸਮਾਨਤਾ ਤੇ ਸਾਂਝੀਵਾਲਤਾ ਵਾਲਾ ਸਮਾਜ ਉਸਾਰਨ ਦੀ ਵੱਡੀ ਚੁਣੌਤੀ ਦੇਸ਼ ਦੇ ਸਾਹਮਣੇ ਹੈ।ਇੰਚਾਰਜ ਮੈਡਮ ਸੁਖਵਿੰਦਰ ਕੌਰ ਨੇ ਸੋਸਾਇਟੀ ਵੱਲੋਂ ਕਰਵਾਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਇਸ ਸਮਾਗਮ ਵਿੱਚ ਸੋਸਾਇਟੀ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ ਤੇ ਵਿੱਤ ਸਕੱਤਰ ਸੋਮ ਨਾਥ ਅਰੋੜਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਵੀ ਸੁਣਾਏ ਗਏ।ਸਕੂਲ ਵੱਲੋਂ ਰਾਮ ਮੁਹੰਮਦ ਸਿੰਘ ਅਜ਼ਾਦ ਵੈੱਲਫੇਅਰ ਸੋਸਾਇਟੀ ਦੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਸਟਾਫ ਅਧਿਆਪਕ ਪਵਨ ਕੁਮਾਰ ਚਾਵਲਾ, ਡਾਕਟਰ ਅੰਕਰ ਦੁਆ, ਰਜਨੀ ਗੁਪਤਾ, ਰਾਜਵਿੰਦਰ ਕੌਰ ਖਾਲਸਾ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸਰਕਾਰ ਛੁੱਟੀ ਦਾ ਐਲਾਨ ਕਰੇ : ਥਿੰਦ



**ਪਟਿਆਲਾ (ਥਿੰਦ)**-ਕੰਬੋਜ ਮਹਾਂ ਸਭਾ ਬਲਾਕ ਭੁਨਰਹੇੜੀ ਵੱਲੋਂ ਰਾਜਿੰਦਰ ਸਿੰਘ ਥਿੰਦ, ਪ੍ਰਧਾਨ ਸਵਿੰਦਰ ਸਿੰਘ, ਧੰਜੂ ਜਰਨਲ ਸਕੱਤਰ ਦਵਿੰਦਰ ਸਿੰਘ ਮਾੜੂ, ਜੀਤ ਸਿੰਘ ਮੀਰਾਂ ਪੁਰ, ਖ਼ਜ਼ਾਨਚੀ, ਭੁਪਿੰਦਰ ਸਿੰਘ ਐਮ ਡੀ ਮਾਤਾ ਗੁਜਰੀ ਸਕੂਲ ਦੇਵੀਗੜ੍ਹ ਜਸਵਿੰਦਰ ਸਿੰਘ ਪ੍ਰੈਸ ਸਕੱਤਰ, ਬਲਵੰਤ ਸਿੰਘ ਸਰਪੰਚ, ਗੁਰਿੰਦਰ ਸਿੰਘ ਧੰਜੂ, ਹਰਲਾਲ ਸਿੰਘ, ਕਲਾ ਧੰਜੂ ਟਿਵਾਣਾ ਸਰਪੰਚ ਮੋਹਨ ਸਿੰਘ ਬਹਿਲ, ਗੁਰਮੇਜ ਸਿੰਘ ਭੁਨਰਹੇੜੀ ਨੇ ਕਿਹਾ ਕਿ ਕੰਬੋਜ ਭਾਈਚਾਰੇ ਦੀ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਇਨ੍ਹਾਂ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਕੰਬੋਜ ਨੇ ਸੱਤ ਸਮੁੰਦਰ ਪਾਰ ਜਾ ਕੇ ਜਲਿਆਂ ਵਾਲਾ ਬਾਗ ਦੇ ਖੂਨੀ ਸਾਕੇ ਬਦਲਾ ਲਿਆ ਤੇ ਭਾਰਤ ਦੀ ਆਜ਼ਾਦੀ ਲਈ ਕੁਰਬਾਨੀ ਦਿੱਤੀ। ਇਸ ਤੋਂ ਇਲਾਵਾ ਅਨੇਕਾਂ ਕੁਰਬਾਨੀਆਂ ਕੰਬੋਜ ਭਾਈਚਾਰੇ ਵਲੋਂ ਦਿੱਤੀਆਂ ਗਈਆਂ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਪੁਰਜ਼ੋਰ ਮੰਗ ਕੀਤੀ ਕਿ ਉਹੋ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ 31 ਜੁਲਾਈ ਨੂੰ ਪੂਰੇ ਪੰਜਾਬ 'ਚ ਛੁੱਟੀ ਦਾ ਐਲਾਨ ਕਰਨ ਤਾਂ ਜੁ ਦੇਸ ਦੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ 31 ਜੁਲਾਈ ਨੂੰ ਛੁੱਟੀ ਦਾ ਐਲਾਨ ਕੀਤਾ ਜਾ ਚੁੱਕਾ ਹੈ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਸਿਰਫ਼ ਸੁਨਾਮ ਵਿਖੇ ਹੀ ਛੁੱਟੀ ਕੀਤੀ ਜਾਂਦੀ ਹੈ ਨਾ ਕਿ ਪੂਰੇ ਪੰਜਾਬ ਵਿੱਚ, ਇਸ ਲਈ ਸਮੁੱਚੇ ਕੰਬੋਜ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਸੂਬੇਦਾਰ ਇਕਬਾਲ ਸਿੰਘ ਧਾਲੀਵਾਲ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿਛਲੇ ਦਿਨੀਂ ਵਿਜੀਲੈਂਸ ਵਿਭਾਗ ਮੋਗਾ ਦੇ ਮੁਲਾਜ਼ਮ ਦੀਪ ਖੋਟੇ ਤੇ ਐਡਵੋਕੇਟ ਹਰਪ੍ਰੀਤ ਕੌਰ ਧਾਲੀਵਾਲ ਦੇ ਸਤਿਕਾਰਯੋਗ ਪਿਤਾ ਅਤੇ ਐਡਵੋਕੇਟ ਦਵਿੰਦਰ ਸਿੰਘ ਧਾਲੀਵਾਲ ਦੇ ਦਾਦਾ ਸੂਬੇਦਾਰ ਇਕਬਾਲ ਸਿੰਘ ਧਾਲੀਵਾਲ ਪਿੰਡ ਖੋਟੇ (ਮੋਗਾ) ਦਾ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਦਿਹਾਂਤ ਹੋ ਗਿਆ ਸੀ।ਇਸ ਦੁੱਖ ਦੀ ਘੜੀ 'ਚ ਧਾਲੀਵਾਲ ਪਰਿਵਾਰ ਨਾਲ ਸਾਬਕਾ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਦਰਸ਼ਨ ਸਿੰਘ ਬਰਾੜ, ਯੂਥ ਆਗੂ ਕਮਲਜੀਤ ਸਿੰਘ ਬਰਾੜ, ਪ੍ਰਧਾਨ ਹਰੀ ਸਿੰਘ ਖਾਈ, ਐੱਮ. ਐੱਲ. ਏ. ਮਨਜੀਤ ਸਿੰਘ ਬਿਲਾਸਪੁਰ, ਪ੍ਰਧਾਨ ਭੁਪਿੰਦਰ ਸਿੰਘ ਸਾਹੋਕੇ, ਸਾਹਿਤਕਾਰ ਯਸ਼ ਪੱਤੋ, ਸੀਨੀਅਰ ਅਕਾਲੀ ਆਗੂ ਤੀਰਥ ਸਿੰਘ ਮਾਹਲਾ, ਸੀਨੀਅਰ ਅਕਾਲੀ ਆਗੂ ਮੱਖਣ ਸਿੰਘ ਬਰਾੜ, ਪੱਤਰਕਾਰ ਸੁਖਦੇਵ ਸਿੰਘ ਖਾਲਸਾ, ਪੱਤਰਕਾਰ ਰਣਜੀਤ ਕੁਮਾਰ ਬਾਵਾ, ਪੱਤਰਕਾਰ ਕੌਸ਼ਲ ਮੱਲ੍ਹਾ, ਪੱਤਰਕਾਰ ਮਨਪ੍ਰੀਤ ਸਿੰਘ ਮੱਲੇਆਣਾ, ਪ੍ਰਧਾਨ ਸੱਤਪਾਲ ਸਿੰਘ ਗੁੱਗ ਪੱਤੋ, ਮਾਸਟਰ ਅਮਰਜੀਤ ਸਿੰਘ ਪੱਤੋ, ਉੱਘੇ ਸਮਾਜ ਸੇਵੀ ਹਿੰਦਰੀ ਪੱਤੋ, ਪ੍ਰਧਾਨ ਅੰਗਤ ਪੱਤੋ, ਕਾਂਗਰਸ ਦੇ ਯੂਥ ਆਗੂ ਅਕਾਸ਼ਦੀਪ ਸਿੰਘ ਲਾਲੀ ਬੁੱਟਰ, ਪ੍ਰਧਾਨ ਕਰਨਲ ਬਾਬੂ ਸਿੰਘ, ਚੇਅਰਮੈਨ ਖਣਮੁੱਖ ਭਾਰਤੀ ਪੱਤੋ, ਸਰਪੰਚ ਹੈਪੀ ਬਰਾੜ ਪੱਤੋ, ਜਥੇਦਾਰ ਬੂਟਾ ਸਿੰਘ ਰਣਸੀਂਹ, ਪੰਚ ਅਮਨਾ ਪੱਤੋ, ਐਡਵੋਕੇਟ ਚਮਨ ਲਾਲ ਗੋਇਲ, ਚੇਅਰਮੈਨ ਦਰਸ਼ਨ ਬਾਈ ਪੱਤੋ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਐਡਵੋਕੇਟ ਗੁਰਪ੍ਰੀਤ ਸਿੰਘ ਕਾਂਗੜ, ਸਾਹਿਤਕਾਰ ਅਮਰਜੀਤ ਸਿੰਘ ਫੌਜੀ ਦੀਨਾ, ਐਡਵੋਕੇਟ ਸਤਨਾਮ ਸਿੰਘ ਧੂੜਕੋਟ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਸਰਪੰਚ ਪ੍ਰੀਤਇੰਦਰਪਾਲ ਸਿੰਘ ਮਿੰਟੂ ਰਣਸੀਂਹ, ਜੱਸਾ ਪਟਵਾਰੀ ਬਾਘਾ ਪੁਰਾਣਾ, ਪ੍ਰਧਾਨ ਬਲਬੀਰ ਸਿੰਘ ਗੋਗਾ ਪੱਤੋ, ਡਾ. ਦਵਿੰਦਰ ਸਿੰਘ ਦੀਦਾਰੇਵਾਲਾ, ਗਾਇਕ ਰਵਿੰਦਰ ਗਰੇਵਾਲ ਆਦਿ ਤੋਂ ਇਲਾਵਾ ਸਾਹਿਤਕਾਰਾਂ, ਲੇਖਕਾਂ, ਮੁਲਾਜ਼ਮਾਂ ਤੇ ਬੁੱਧੀਜੀਵੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

## ਸ਼ੋਭਾ ਯਾਤਰਾ ਦੌਰਾਨ ਪ੍ਰਧਾਨ ਮਿੱਤਲ ਤੇ ਜਥੇਦਾਰ ਮਾਹਲਾ ਨੂੰ ਕੀਤਾ ਸਨਮਾਨਤ

### ਪ੍ਰਬੰਧਕ ਕਮੇਟੀ ਨੂੰ 64ਵਾਂ ਵਾਰਸ਼ਿਕ ਝੰਡਾ ਸ਼ੋਭਾ ਯਾਤਰਾ ਦੀ ਦਿੱਤੀ ਵਧਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਵੱਲੋਂ 64ਵਾਂ ਵਾਰਸ਼ਿਕ ਝੰਡਾ ਸ਼ੋਭਾ ਯਾਤਰਾ ਮਹਾਂਮਾਈ ਜੀ ਦੇ ਅਸ਼ੀਰਵਾਦ ਨਾਲ ਪ੍ਰਧਾਨ ਰਮਨ ਮਿੱਤਲ ਰਿੰਪੀ ਦੀ ਅਗਵਾਈ ਵਿੱਚ ਸਜਾਈ ਗਈ ਸੀ, ਜਿਸ ਵਿੱਚ ਵੱਡੀ ਗਿਣਤੀ 'ਚ ਧਾਰਮਿਕ, ਰਾਜਸੀ ਤੇ ਸਮਾਜਿਕ ਸ਼ਖਸੀਅਤਾਂ ਨੇ 64ਵੀਂ ਵਾਰਸ਼ਿਕ ਝੰਡਾ ਸ਼ੋਭਾ ਯਾਤਰਾ ਵਿੱਚ ਆਪਣੀ ਹਾਜ਼ਰੀ ਲਗਵਾਉਂਦਿਆਂ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਤੇ ਇਸ ਦੌਰਾਨ ਸ਼ੋਭਾ ਯਾਤਰਾ ਸ੍ਰੀ ਦੁਰਗਾ ਮੰਦਰ ਕਾਲੇਕੇ ਰੋਡ ਤੋਂ ਰਵਾਨਾ ਹੋ ਕੇ ਸ਼ਹਿਰ ਦੀਆਂ ਵੱਖ ਵੱਖ ਗਲੀਆਂ ਦੀ ਪਰਿਕਰਮਾ ਕਰਦੀ ਹੋਈ ਸ੍ਰੀ ਦੁਰਗਾ ਮੰਦਰ ਆ ਕੇ ਸੰਪੰਨ ਹੋਈ। ਇਸ ਦੌਰਾਨ ਸ਼ਹਿਰ ਵਾਸੀਆਂ ਨੇ ਥਾਂ ਥਾਂ ਸ਼ੋਭਾ ਯਾਤਰਾ ਦਾ ਸਵਾਗਤ ਕਰਦਿਆਂ ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦੇ ਜਿੱਥੇ ਲੰਗਰ ਲਗਾਏ, ਉਥੇ ਹੀ ਉਨ੍ਹਾਂ ਫੁੱਲਾਂ ਦੀ ਵਰਖਾ ਕਰਕੇ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ।ਜਦੋਂ ਸਥਾਨਕ ਸ਼ਹਿਰ ਦੇ ਚੰਨੂੰਵਾਲਾ ਰੋਡ ਉਪਰ ਸ਼ੋਭਾ ਯਾਤਰਾ ਪੁੱਜੀ ਤਾਂ ਇਸ ਦੌਰਾਨ ਸਮੂਹ ਦੁਕਾਨਦਾਰਾਂ ਸ਼ੋਭਾ ਯਾਤਰਾ ਤੇ ਸ਼ਰਧਾਲੂਆਂ 'ਤੇ ਫੁੱਲਾਂ ਦੀ ਵਰਖਾ ਕੀਤੀ ਤੇ ਇਸ ਦੌਰਾਨ ਸਮੂਹ ਦੁਕਾਨਦਾਰਾ ਵੱਲੋਂ ਸ੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਿੰਪੀ ਮਿੱਤਲ ਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਸ੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਿੰਪੀ ਮਿੱਤਲ ਤੇ ਸਮੂਹ ਕਮੇਟੀ ਨੂੰ 64ਵਾਂ ਵਾਰਸ਼ਿਕ ਝੰਡਾ ਸ਼ੋਭਾ ਯਾਤਰਾ ਦੀ ਵਧਾਈ ਦਿੱਤੀ।ਇਸ ਮੌਕੇ ਸਮਾਜ ਸੇਵੀ ਪਰਮਿੰਦਰ ਮੋੜ ਦੇ ਇਲਾਵਾ ਪਵਨ ਗੋਇਲ, ਦਵਿੰਦਰ ਚੀਕਾ, ਤੀਰਥ ਬਾਂਸਲ, ਰਾਮ ਬਾਂਸਲ, ਕੁਲਵੰਤ ਅਰੋੜਾ, ਅਸ਼ਵਨੀ ਸਿੰਗਲਾ ਹੈਪੀ, ਲਾਭ ਸਿੰਘ ਕੋਰੀਆ ਟੇਲਰ, ਰਿਟਾਇਰ ਕਣਗੋ ਭੂਸ਼ਣ ਗੋਇਲ, ਟੋਨੀ ਗੋਇਲ, ਦੀਪੂ ਗੋਇਲ, ਵਿਸ਼ੂ ਬਾਂਸਲ, ਸ਼ੇਰ ਚੰਦ, ਰਾਮ ਸਿੰਘ, ਦਲੇਰ ਸਿੰਘ, ਬੰਟੀ ਅਰੋੜਾ, ਜਤਿੰਦਰ ਅਰੋੜਾ, ਬਰਾੜ ਟੀ ਵੀ ਸੈਂਟਰ ਵਾਲੇ, ਗੋਰਾ ਗਿਆਨੀ ਜੂਸ ਵਾਲੇ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਨਰੇਗਾ ਵਿਰੋਧੀ ਸਾਜ਼ਿਸ਼ਾਂ...

ਕੌਸ਼ਲ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਗੋਰਾ ਸਿੰਘ ਪਿਪਲੀ, ਪੱਪੀ ਸਿੰਘ ਢਿਲਵਾਂ, ਜ਼ਿਲ੍ਹਾ ਪ੍ਰਧਾਨ ਵੀਰ ਸਿੰਘ ਕੰਮੇਆਣਾ, ਜ਼ਿਲ੍ਹਾ ਸਲਾਹਕਾਰ ਮਨਜੀਤ ਕੌਰ ਨੱਥੇਵਾਲਾ, ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਬਲਕਾਰ ਸਿੰਘ ਸਹੋਤਾ, ਖੇਤ ਮਜ਼ਦੂਰ ਆਗੂ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜ ਭੰਨ, ਗੁਰਚਰਨ ਸਿੰਘ ਮਾਨ, ਕਿਰਪਾਲ ਸਿੰਘ ਮਚਾਕੀ, ਬਲਾਕ ਜੈਤੋ ਦੇ ਪ੍ਰਧਾਨ ਰੇਸ਼ਮ ਸਿੰਘ ਮੱਤਾ, ਬਲਾਕ ਜੈਤੋ ਦੇ ਸਕੱਤਰ ਰਾਮ ਸਿੰਘ ਚੈਨਾ, ਨੌਜਵਾਨ ਸਭਾ ਦੇ ਆਗੂ ਚਰਨਜੀਤ ਸਿੰਘ ਚਮੇਲੀ ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਨਰੇਗਾ ਨੂੰ ਹੌਲੀ-ਹੌਲੀ ਖਤਮ ਕਰਨਾ ਚਾਹੁੰਦੀ ਹੈ, ਪਹਿਲਾਂ ਨਰੇਗਾ ਦਾ ਬਜਟ ਘੱਟ ਕੀਤਾ, ਫਿਰ ਕਾਫੀ ਸਾਰੇ ਕੰਮਾਂ 'ਤੇ ਰੋਕ ਲਗਾ ਦਿੱਤੀ। ਹੁਣ ਫਿਰ ਇੱਕ ਚਿੱਠੀ ਕੱਢ ਕੇ ਨਰੇਗਾ ਪ੍ਰੋਜੈਕਟਾਂ ਨੂੰ ਪੰਜ ਸਾਲ ਬਾਅਦ ਬਣਾਉਣ ਦੀ ਗੱਲ ਕੀਤੀ ਹੈ।ਜੇਕਰ ਪੰਜ ਸਾਲ ਬਾਅਦ ਪ੍ਰੋਜੈਕਟ ਬਣਨਗੇ ਤਾਂ ਹਰ ਸਾਲ 100 ਦਿਨ ਕੰਮ ਕਿਵੇਂ ਮਿਲੇਗਾ। ਪ੍ਰਧਾਨ ਮੰਤਰੀ, ਸਪੀਕਰ ਲੋਕ ਸਭਾ, ਕੇਂਦਰੀ ਪੇਂਡੂ ਵਿਕਾਸ ਮੰਤਰਾਲਾ ਨੂੰ ਇੱਕ ਮੰਗ ਪੱਤਰ ਡਿਪਟੀ ਕਮਿਸ਼ਨਰ ਦਫਤਰ ਫਰੀਦਕੋਟ ਰਾਹੀਂ ਭੇਜਿਆ ਗਿਆ।ਤਹਿਸੀਲਦਾਰ ਫਰੀਦਕੋਟ ਵੱਲੋਂ ਧਰਨੇ ਵਿੱਚ ਮੌਕੇ 'ਤੇ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ।ਇਕੱਠੇ ਹੋਏ ਨਰੇਗਾ ਮਜ਼ਦੂਰਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਖਿਲਾਫ ਜਬਰਦਸਤ ਨਾਅਰੇਬਾਜੀ ਕੀਤੀ।ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਜਟਾਣਾ, ਵੀਰਪਾਲ ਕੌਰ, ਕੁਲਵਿੰਦਰ ਸਿੰਘ ਚੰਦ ਬਾਜਾ ਤੇ ਬਲੀ ਸਿੰਘ ਢਿੱਲਵਾਂ ਨੇ ਵੀ ਵਿਚਾਰ ਪ੍ਰਗਟ ਕੀਤੇ।ਇਸ ਸਮੇਂ ਜਗਤਾਰ ਸਿੰਘ ਭਾਣਾ ਸਾਬਕਾ ਸਰਪੰਚ, ਰੇਸ਼ਮ ਸਿੰਘ ਜਟਾਣਾ, ਬਲੀ ਸਿੰਘ, ਕਰਮਜੀਤ ਮਚਾਕੀ, ਗੁਰਦੀਪ ਕੰਮੇਆਣਾ, ਰਾਜਵੀਰ ਨੱਥੇਵਾਲਾ, ਦਰਸ਼ਨ ਜਿਉਣ ਵਾਲਾ, ਰੁਪਿੰਦਰ ਔਲਖ, ਕੁਲਵੰਤ ਸਿੰਘ ਚਾਨੀ, ਸੋਮ ਨਾਥ, ਲਵਪ੍ਰੀਤ ਪਿਪਲੀ, ਬੋਹੜ ਸਿੰਘ ਔਲਖ, ਸੁਖਦਰਸ਼ਨ ਰਾਮ ਸ਼ਰਮਾ, ਸ਼ਵਿੰਦਰ ਪਾਲ ਸਿੰਘ ਸੰਧੂ, ਪ੍ਰਦੀਪ ਸਿੰਘ ਬਰਾੜ ਅਤੇ ਗੁਰਦੀਪ ਕੌਰ ਆਦਿ ਆਗੂ ਹਾਜ਼ਰ ਸਨ।

**ਪਟਿਆਲਾ** : ਪਿੰਡਾਂ ਦੇ ਕਿਰਤੀਆਂ ਲਈ 100 ਦਿਨ ਕੰਮ ਦੇ ਕਾਨੂੰਨ ਨਰੇਗਾ 2005 ਨੂੰ ਕਿਸੇ ਵੀ ਕੀਮਤ 'ਤੇ ਖਤਮ ਨਹੀਂ ਹੋਣ ਦਿੱਤਾ ਜਾਵੇਗਾ, ਭਾਵੇਂ ਇਸ ਲਈ ਕੋਈ ਵੀ ਕੁਰਬਾਨੀ ਕਰਨੀ ਪਵੇ, ਕਿਉਂਕਿ 2004 ਵਿੱਚ ਬਣੀਂ ਯੂ ਪੀ ਏ 1 ਸਰਕਾਰ ਦੇ ਸਮੇਂ ਕਮਿਊਨਿਸਟਾਂ ਦੀ ਪਹਿਲਕਦਮੀ ਨਾਲ ਇਹ ਐਕਟ ਹੋਂਦ ਵਿੱਚ ਆਇਆ ਤੇ ਇਸ ਨਾਲ ਪੇਂਡੂ ਕਿਰਤੀਆਂ ਨੂੰ ਕਾਫੀ ਰਾਹਤ ਮਿਲੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਏਟਕ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਨੇ ਡੀ ਸੀ ਦਫ਼ਤਰ ਪਟਿਆਲਾ ਵਿਖੇ ਨਰੇਗਾ ਕਾਮਿਆਂ ਦੇ ਵਿਸ਼ਾਲ ਧਰਨੇ ਨੂੰ ਸੰਬੋਧਨ ਕਰਦਿਆ ਕੀਤਾ।

ਧਾਲੀਵਾਲ ਤੇ ਗਦਾਈਆ ਨੇ ਕਿਹਾ ਕਿ ਤੇਜ਼ੀ ਨਾਲ ਖੇਤੀ ਖ਼ੇਤਰ ਤੇ ਹੋਰਨਾਂ ਖੇਤਰਾਂ 'ਚ ਵਧੇ ਮਸ਼ੀਨੀਕਰਨ ਨੇ ਪੇਂਡੂ ਕਾਮਿਆਂ ਕੋਲੋਂ ਕੰਮ ਘਟਾਇਆ ਹੈ, ਜਿਸ ਕਰਕੇ ਮੌਜੂਦਾ ਸਮੇਂ ਵਿੱਚ ਨਰੇਗਾ 2005 ਨੂੰ ਹੋਰ ਮਜ਼ਬੂਤ ਕਰਦਿਆਂ ਪਾਰਦਰਸ਼ਤਾ ਨਾਲ ਚਲਾ ਕੇ ਕੰਮ ਦੇ ਦਿਨ 200 ਕਰਨ ਦੀ ਅਣਸਰਦੀ ਲੋੜ ਹੈ। ਨਰੇਗਾ ਕਾਮਿਆਂ ਨੂੰ ਰੋਜ਼ਾਨਾ ਉਜਰਤ 449 ਰੁਪਏ ਮਿਲਣੀ ਚਾਹੀਦੀ ਹੈ। ਪੰਜਾਬ ਇਸਤਰੀ ਸਭਾ ਨਾਲ ਸੰਬੰਧਤ ਰਵਿੰਦਰਜੀਤ ਕੌਰ ਪਟਿਆਲਾ, ਹਰਸ਼ਰਨ ਕੌਰ ਪਟਿਆਲਾ, ਬਲਜੀਤ ਕੌਰ ਗਦਾਈਆ ਨੇ ਕਿਹਾ ਕਿ ਨਰੇਗਾ ਵਿੱਚ ਕੰਮ ਵਾਲੀ ਥਾਂ ਬੀਬੀਆਂ ਲਈ ਪਖਾਨੇ ਜਾਣ ਦੀ ਕੋਈ ਸੁਵਿਧਾ ਨਹੀਂ ਹੁੰਦੀ, ਜਦੋਂ ਕਿ ਨਰੇਗਾ 2005 ਇਸ ਲਈ ਪ੍ਰਬੰਧ ਦੀ ਹਾਮੀਂ ਭਰਦਾ ਹੈ ਤੇ ਕੰਮ ਵਾਲੀ ਥਾਂ ਸਾਫ਼ ਪੀਣ ਵਾਲਾ ਪਾਣੀ ਨਹੀਂ ਹੁੰਦਾ ਤੇ ਨਾ ਮੁਢਲੀ ਸਹਾਇਤਾ ਲਈ ਕੋਈ ਪ੍ਰਬੰਧ ਕੀਤਾ ਜਾਂਦਾ। ਸੈਂਕੜੇ ਵਾਰੀ ਨਰੇਗਾ ਕਾਮਿਆਂ ਦੇ ਸੱਟਾਂ ਵਗੈਰਾ ਲੱਗ ਜਾਂਦੀਆਂ ਹਨ ਜਾਂ ਕਾਮੇ ਬਿਮਾਰ ਹੋ ਜਾਂਦੇ ਹਨ, ਇਸ ਦਾ ਪ੍ਰਬੰਧ ਸਖ਼ਤੀ ਨਾਲ ਕਰਵਾਉਣਾ ਚਾਹੀਦਾ ਹੈ। ਧਰਨੇ ਨੂੰ ਗਗਨਦੀਪ ਕੌਰ ਕਕਰਾਲਾ, ਅਮਨਦੀਪ ਕੌਰ ਕਕਰਾਲਾ, ਅਮਰਜੀਤ ਸਿੰਘ ਗਦਾਈਆ, ਬੱਗਾ ਸਿੰਘ ਗਲਵੱਟੀ, ਦਰਸ਼ਨਾ ਕੌਰ ਬਨੇਰਾ ਖੁਰਦ, ਦਲਜੀਤ ਕੌਰ ਕੱਲ੍ਹਾ ਮਾਜਰਾ, ਕੁਲਵੰਤ ਕੌਰ ਨਰਮਾਣਾ, ਚਰਨ ਸਿੰਘ ਬਿਰਧਨੋ, ਕਿਰਨਾ ਕੌਰ, ਹਰਮੇਸ਼ ਸਿੰਘ ਟੋਡਰਵਾਲ ਨੇ ਵੀ ਸੰਬੋਧਨ ਕੀਤਾ।

**ਤਰਨ ਤਾਰਨ** : ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਪੰਜਾਬ ਦੇ ਸੱਦੇ 'ਤੇ ਨਰੇਗਾ ਕਾਮਿਆਂ ਦੀਆਂ ਮੰਗਾਂ ਦੀ ਪੂਰਤੀ ਲਈ ਡਿਪਟੀ ਕਮਿਸ਼ਨਰ ਤਰਨ ਤਾਰਨ ਦਫ਼ਤਰ ਅੱਗੇ ਵਿਸ਼ਾਲ ਪ੍ਰਦਰਸ਼ਨ ਚਰਨ ਸਿੰਘ ਤਰਨ ਤਾਰਨ, ਪਰਮਜੀਤ ਕੌਰ ਮਾੜੀਮੇਘਾ, ਪਰਮਜੀਤ ਸਿੰਘ ਬਾਬਾ ਚੋਹਲਾ ਸਾਹਿਬ, ਬਲਜੀਤ ਸਿੰਘ ਫਤਿਆਬਾਦ, ਕੁਲਵੰਤ ਕੌਰ ਮੂਸੇ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਸੰਬੋਧਨ ਦੌਰਾਨ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਨਰੇਗਾ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਬੀ ਜੇ ਪੀ ਦੀ ਅਗਵਾਈ ਵਾਲੀ ਸਰਕਾਰ ਨਰੇਗਾ ਕਾਨੂੰਨ ਖਤਮ ਕਰਨ ਦੇ ਰਾਹ ਤੁਰੀ ਹੈ। ਪਿਛਲੇ ਦੋ ਸਾਲਾਂ ਤੋਂ ਨਰੇਗਾ ਕੰਮ ਲਈ ਰੱਖੇ ਬੱਜਟ ਵਿੱਚ ਵਾਧਾ ਨਹੀਂ ਕੀਤਾ ਗਿਆ, ਉਤੋਂ ਨਰੇਗਾ ਕੰਮ 'ਤੇ ਹੋਰ ਬੰਦਸ਼ਾਂ ਲਾ ਦਿੱਤੀਆਂ ਗਈਆਂ ਹਨ। ਹੁਣ ਨਰੇਗਾ ਕਾਮੇ ਨਹਿਰਾਂ-ਡਰੇਨਾਂ ਆਦਿ ਥਾਵਾਂ 'ਤੇ ਕੰਮ ਨਹੀਂ ਕਰ ਸਕਣਗੇ।ਆਗੂਆਂ ਨੇ ਅਫ਼ਸਰਸ਼ਾਹੀ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਵੇਲੇ ਨਰੇਗਾ ਕੰਮ ਅਫਸਰਾਂ ਦੀਆਂ ਤਿਜੌਰੀਆਂ ਭਰਨ ਦਾ ਕੰਮ ਕਰ ਰਿਹਾ ਹੈ।ਸਰਕਾਰੀ ਤੰਤਰ ਨਰੇਗਾ ਰਾਹੀਂ ਹੋਇਆ ਜਾਲ੍ਹੀ ਕੰਮ ਵਿਖਾ ਕੇ ਪੈਸੇ ਬਟੋਰ ਲੈਂਦਾ ਹੈ, ਜਦੋਂ ਕਿ ਕੰਮ ਹੋਇਆ ਹੀ ਨਹੀਂ ਹੁੰਦਾ।ਜਿਹੜੇ ਨਰੇਗਾ ਕਾਮੇ ਕੰਮ ਦੇ ਹੱਕਦਾਰ ਹਨ, ਉਨ੍ਹਾਂ ਨੂੰ ਅਫ਼ਸਰਸਾਹੀ ਵੱਲੋਂ ਕੰਮ ਦੇਣ ਤੋਂ ਜਾਣਬੁੱਝ ਕੇ ਆਨਾ-ਕਾਨੀ ਕੀਤੀ ਜਾਂਦੀ ਹੈ।ਜਿਹੜੇ ਨਰੇਗਾ ਕਾਮੇ ਕੰਮ ਮੰਗਦੇ ਹਨ, ਉਨ੍ਹਾਂ ਨੂੰ ਜਲਦੀ ਕੰਮ ਮਿਲਣਾ ਚਾਹੀਦਾ ਹੈ ਅਤੇ ਨਾਲ ਦੀ ਨਾਲ ਖਾਤਿਆਂ ਵਿੱਚ ਪੈਸੇ ਆਉਣੇ ਚਾਹੀਦੇ ਹਨ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਤੇ ਕਿਸਾਨ ਸਭਾ ਦੇ ਆਗੂ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਨਰੇਗਾ ਕਾਨੂੰਨ 2005 ਵਿੱਚ ਕਾਂਗਰਸ ਸਰਕਾਰ ਨੇ ਬਣਾਇਆ ਸੀ।ਇਸ ਸਰਕਾਰ ਨੂੰ ਕਮਿਊਨਿਸਟ ਪਾਰਲੀਮੈਂਟ ਮੈਂਬਰਾਂ ਦੀ ਹਮਾਇਤ ਪ੍ਰਾਪਤ ਸੀ।ਪਹਿਲਾਂ ਇਹ ਦੇਸ਼ ਦੇ 100 ਜ਼ਿਲ੍ਹਿਆਂ ਵਿੱਚ ਲਾਗੂ ਹੋਇਆ ਅਤੇ ਫਿਰ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ 2007 ਤੇ ਪੂਰੇ ਦੇਸ਼ ਵਿੱਚ ਲਾਗੂ ਕਰਨ ਦਾ ਐਲਾਨ ਹੋ ਗਿਆ।ਨਰੇਗਾ ਕਾਨੂੰਨ ਤੇ ਬਹੁਤ ਮਹੱਤਤਾ ਵਾਲਾ ਹੈ। ਜਦੋਂ ਕੋਰੋਨਾ ਦਾ ਦੌਰ ਸੀ ਤੇ ਇਸ ਕਾਨੂੰਨ ਨੇ ਹੀ ਦੇਸ਼ ਦੀ ਆਰਥਿਕਤਾ ਨੂੰ ਡਾਵਾਂਡੋਲ ਹੋਣ ਤੋਂ ਬਚਾਇਆ ਸੀ। ਪਿੰਡਾਂ ਦੇ ਮਜ਼ਦੂਰ ਦੂਰ-ਦੁਰਾਡੇ ਜਾ ਨਹੀਂ ਸਕਦੇ ਸਨ ਤੇ ਉਨ੍ਹਾਂ ਨੇ ਨਰੇਗਾ ਕਾਨੂੰਨ ਤਹਿਤ ਪਿੰਡਾਂ ਦੇ ਇਰਦ-ਗਿਰਦ ਕੰਮ ਕਰਕੇ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕੀਤਾ ਸੀ।ਆਗੂਆਂ ਨੇ ਕਿਹਾ ਕਿ ਜੇ ਨਰੇਗਾ ਕਾਨੂੰਨ ਪਾਰਦਰਸ਼ੀ ਢੰਗ ਨਾਲ ਲਾਗੂ ਹੋਵੇ ਤਾਂ ਪਿੰਡਾਂ ਦੇ ਲੋਕਾਂ ਨੂੰ ਜਦੋਂ ਖੇਤੀਬਾੜੀ ਦਾ ਕੰਮ ਨਹੀਂ ਹੁੰਦਾ, ਉਦੋਂ ਕੰਮ ਮਿਲ ਸਕਦਾ ਹੈ।ਪਰਵਾਰ ਖੁਸ਼ਹਾਲੀ ਵਾਲਾ ਜੀਵਨ ਗੁਜ਼ਾਰ ਸਕਦੇ ਹਨ। ਨਰੇਗਾ ਕੰਮ ਸਾਲ ਵਿੱਚ ਘੱਟੋ-ਘੱਟ 200 ਦਿਨ ਅਤੇ ਦਿਹਾੜੀ 1000 ਰੁਪਏ ਹੋਣੀ ਚਾਹੀਦੀ ਹੈ। ਸੰਬੋਧਨ ਕਰਨ ਵਾਲਿਆਂ ਵਿੱਚ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਜੁਗਿੰਦਰ ਸਿੰਘ ਵਲਟੋਹਾ, ਬਲਵਿੰਦਰ ਸਿੰਘ ਦਦੇਹਰ ਸਾਹਿਬ, ਜਸਬੀਰ ਸਿੰਘ ਜਿਉਣਕੇ, ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਸੀਮਾ ਸੋਹਲ, ਵਿਸ਼ਾਲ ਦੀਪ ਸਿੰਘ ਵਲਟੋਹਾ, ਟਹਿਲ ਸਿੰਘ ਲੱਧੂ, ਜਗੀਰ ਸਿੰਘ ਭਰੋਵਾਲ, ਬੂਟਾ ਸਿੰਘ ਢੋਟੀਆਂ ਵੀ ਸਨ।

### ਭਲਕੇ ਬਿਜਲੀ ਮੰਤਰੀ...

ਸੋਲੇਸ਼ੀਅਮ ਪਾਲਿਸੀ ਰਾਹੀਂ ਭਰਤੀ ਕਰਮਚਾਰੀਆਂ ਤੋਂ ਮੋੜਨਯੋਗ ਰਕਮ ਉਪਰ 12 ਪ੍ਰਤੀਸ਼ਤ ਵਿਆਜ ਦੀ ਜਬਰੀ ਵਸੂਲੀ ਕਰਨ ਦੇ ਪੱਤਰ ਜਾਰੀ ਕਰਕੇ ਕਾਮਿਆਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ, ਪਰ ਮੁਲਾਜ਼ਮ ਵਿਰੋਧੀ ਪਾਲਿਸੀ ਵਿੱਚ ਬਣਦੀ ਸੋਧ ਨਹੀਂ ਕੀਤੀ ਜਾ ਰਹੀ, ਇਨ ਹਾਊਸ ਕੰਟ੍ਰੈਕਟ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਮਸਲੇ ਨੂੰ ਲਮਕਾ ਅਵਸਥਾ ਵਿੱਚ ਰੱਖ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਜੇ ਈ ਕੇਡਰ ਅਤੇ ਫੀਲਡ ਸਟਾਫ ਦੀਆਂ ਮੁਸ਼ਕਲਾਂ ਦਾ ਹੱਲ ਜਾਣਬੁੱਝ ਕੇ ਨਹੀਂ ਕੀਤਾ ਜਾ ਰਿਹਾ, ਆਨੇ-ਬਹਾਨੇ ਕਰਮਚਾਰੀਆਂ ਦੀਆਂ ਸਿਆਸੀ ਅਧਾਰ 'ਤੇ ਕੀਤੀਆਂ ਨਜਾਇਜ਼ ਬਦਲੀਆਂ ਰੱਦ ਨਹੀਂ ਕੀਤੀਆਂ ਗਈਆਂ ,ਵੱਖ-ਵੱਖ ਸੀ ਆਰ ਏ ਰਾਹੀਂ ਭਰਤੀ ਲਾਈਨਮੈਨ/ਐੱਸ ਐੱਸ ਏ ਕਰਮਚਾਰੀਆਂ ਦੇ ਕੰਟਰੈਕਟ ਸਮੇਂ ਦਾ ਲਾਭ ਨਾ ਦੇ ਕੇ ਮੁਲਾਜ਼ਮ ਵਰਗ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਪੈਨਸ਼ਨਰਾਂ ਦੀ ਵਿਕਾਸ ਟੈਕਸ ਦੇ ਨਾਂਅ 'ਤੇ ਹਰੇਕ ਮਹੀਨੇ ਧੱਕੇ ਨਾਲ 200 ਰੁਪਏ ਦੀ ਕੀਤੀ ਜਾ ਰਹੀ ਕਟੌਤੀ ਬੰਦ ਨਹੀਂ ਕੀਤੀ ਜਾ ਰਹੀ। ਆਗੂਆਂ ਕਿਹਾ ਕਿ ਏ ਈ ਦੀ ਡਿਗਰੀ ਹੋਲਡਰ ਕੋਟੇ ਵਿੱਚ ਵਾਧੇ ਦੀ ਮੰਗ ਲਾਗੂ ਕਰਨ, ਭੱਤਿਆਂ ਵਿੱਚ ਵਾਧਾ ਕਰਨ, ਪਾਵਰਕਾਮ ਅਤੇ ਟ੍ਰਾਂਸਕੋ ਦੀਆਂ ਮਹਿਕਮਾਨਾ ਇਮਾਰਤਾਂ ਦੀ ਤਰਸਯੋਗ ਹਾਲਤ ਵਿੱਚ ਸੁਧਾਰ ਕਰਨ, ਦਫਤਰੀ ਕਰਮਚਾਰੀਆਂ ਲਈ ਵਾਤਾਵਰਨ ਦੇ ਅਨਕੂਲ ਦਫਤਰਾਂ ਵਿੱਚ ਬੈਠਣ ਦਾ, ਪੀਣ ਵਾਲੇ ਪਾਣੀ ਦਾ ਅਤੇ ਮਹਿਲਾ ਕਰਮਚਾਰੀਆਂ ਲਈ ਵੱਖਰੇ ਵਾਸ਼ਰੂਮਾਂ ਦਾ ਢੁਕਵਾਂ ਪ੍ਰਬੰਧ ਕਰਨ ਆਦਿ ਮੰਗਾਂ ਵੱਲ ਮੈਨੇਜਮੈਂਟ ਧਿਆਨ ਨਹੀਂ ਦੇ ਰਹੀ, ਜਿਸ ਦੇ ਰੋਸ ਵਜੋਂ ਬਿਜਲੀ ਕਰਮਚਾਰੀਆਂ ਵੱਲੋਂ 25 ਜੂਨ ਤੋਂ ਵਰਕ-ਟੂ-ਰੂਲ ਅਨੁਸਾਰ ਸਿਰਫ ਆਪਣੀ ਬਣਦੀ ਡਿਊਟੀ ਕਰਨ ਤੋਂ ਇਲਾਵਾ 11 ਜੁਲਾਈ ਤੋਂ 22 ਜੁਲਾਈ ਤੱਕ ਸਮੁੱਚੇ ਸਰਕਲਾਂ ਵਿੱਚ ਰੋਸ ਧਰਨੇ ਦੇਣ ਤੋਂ ਬਾਅਦ 24 ਜੁਲਾਈ ਨੂੰ ਡਵੀਜ਼ਨ ਪੱਧਰ 'ਤੇ ਰੋਸ ਰੈਲੀਆ ਕਰਨ ਦੇ ਬਾਅਦ ਬਿਜਲੀ ਕਾਮੇ ਅਤੇ ਪੈਨਸ਼ਨਰ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਵਾਅਦਾਖਿਲਾਫ਼ੀ ਵਿਰੁੱਧ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਨਿਊ ਅੰਮ੍ਰਿਤਸਰ ਰਿਹਾਇਸ਼ ਅੱਗੇ ਵਿਸ਼ਾਲ ਰੋਸ ਧਰਨਾ ਲਗਾ ਕੇ ਰੋਸ ਮਾਰਚ ਕਰਨਗੇ। ਮੀਟਿੰਗ ਦੌਰਾਨ ਇਹ ਫੈਸਲਾ ਵੀ ਕੀਤਾ ਗਿਆ ਕਿ ਜੇਕਰ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਨੇ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਬਿਜਲੀ ਕਾਮੇ ਮਜਬੂਰਨ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ 11 ਅਗਸਤ ਤੋਂ 13 ਅਗਸਤ ਤੱਕ ਸਮੂਹਿਕ ਛੁੱਟੀ ਭਰ ਕੇ ਸਮੁੱਚੇ ਪੰਜਾਬ ਦੇ ਬਿਜਲੀ ਦਫਤਰਾਂ ਸਾਹਮਣੇ ਪ੍ਰਦਰਸ਼ਨ ਕਰਨਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।

ਮੀਟਿੰਗ ਵਿੱਚ ਮੁਲਾਜ਼ਮ ਆਗੂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਸੁਰਿੰਦਰਪਾਲ ਲਾਹੌਰੀਆ, ਰਵੇਲ ਸਿੰਘ ਸਹਾਏਪੁਰ, ਦੇਵਿੰਦਰ ਸਿੰਘ ਪਿਸੌਰ, ਬਲਜੀਤ ਸਿੰਘ ਮੋਦਲਾ, ਗੁਰਵਿੰਦਰ ਸਿੰਘ, ਚਮਕੌਰ ਸਿੰਘ ਬਰਮੀ, ਕੇਵਲ ਸਿੰਘ ਬਨਵੈਤ, ਬੀ ਐੱਸ ਸੇਖੋਂ, ਸਰਬਜੀਤ ਸਿੰਘ ਭਾਣਾ, ਪਵਨਪ੍ਰੀਤ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਗੁਰਤੇਜ ਸਿੰਘ ਪੱਖੋ, ਬਾਬਾ ਅਮਰਜੀਤ ਸਿੰਘ, ਸੁਖਵਿੰਦਰ ਸਿੰਘ ਚਾਹਲ, ਰਘਬੀਰ ਸਿੰਘ, ਰਛਪਾਲ ਸਿੰਘ ਪਾਲੀ, ਕੌਰ ਸਿੰਘ ਸੋਹੀ, ਕੁਲਵੰਤ ਸਿੰਘ, ਲਖਵੰਤ ਸਿੰਘ ਦਿਉਲ ਆਦਿ ਆਗੂਆਂ ਨੇ ਹਿੱਸਾ ਲਿਆ।

### ਲੁਧਿਆਣਾ ਜ਼ਿਲ੍ਹਾ ਪਾਰਟੀ...

ਕੁਮਾਰ ਅਤੇ ਹੋਰ ਸਾਥੀਆਂ ਨੇ ਚਰਚਾ ਵਿੱਚ ਭਾਗ ਲਿਆ।ਅੱਜ ਦੀ ਇਸ ਮੀਟਿੰਗ ਦੀ ਪ੍ਰਧਾਨਗੀ ਡਾ. ਰਜਿੰਦਰ ਪਾਲ ਸਿੰਘ ਔਲਖ ਨੇ ਕੀਤੀ, ਜਿਨ੍ਹਾਂ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਬੋਲਦਿਆਂ ਪੰਜਾਬ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਨੀਤੀ ਬਾਰੇ ਕਿਹਾ ਕਿ ਕਿਸ ਤਰ੍ਹਾਂ ਇਹ ਨੀਤੀ ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰ ਦੇਵੇਗੀ।ਪਾਰਟੀ ਵੱਲੋਂ ਸੂਬਾ ਪਾਰਟੀ ਦੀ ਹਦਾਇਤ ਮੁਤਾਬਕ ਸੋਸ਼ਲ ਮੀਡੀਆ ਸੈੱਲ ਦੀ ਸਥਾਪਨਾ ਕੀਤੀ ਗਈ, ਜਿਸ ਦੇ ਇੰਚਾਰਜ ਐੱਮ ਐੱਸ ਭਾਟੀਆ ਅਤੇ ਰਮੇਸ਼ ਰਤਨ ਨੂੰ ਥਾਪਿਆ ਗਿਆ, ਜੋ ਸੋਸ਼ਲ ਮੀਡੀਆ ਦੀ ਟੀਮ ਨਾਲ ਮਿਲ ਕੇ ਜ਼ਿਲ੍ਹਾ ਲੁਧਿਆਣਾ ਵਿੱਚ ਪਾਰਟੀ ਦੇ ਕੌਮੀ ਮਹਾਂ ਸੰਮੇਲਨ ਦਾ ਪ੍ਰਚਾਰ ਅਤੇ ਪਸਾਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਪਹੁੰਚਾਉਣਗੇ।ਜ਼ਿਲ੍ਹਾ ਆਗੂਆਂ ਨੇ ਲੁਧਿਆਣਾ ਜ਼ਿਲ੍ਹਾ ਪਾਰਟੀ ਵੱਲੋਂ ਇਕ ਲੱਖ ਤੀਹ ਹਜ਼ਾਰ ਰੁਪਏ ਦਾ ਚੈੱਕ ਸਾਥੀ ਬੰਤ ਸਿੰਘ ਬਰਾੜ ਨੂੰ ਭੇਟ ਕੀਤਾ।ਪ੍ਰਿੰਸੀਪਲ ਜਗਜੀਤ ਸਿੰਘ, ਸੋਬਨ ਸਿੰਘ, ਬਲਬੀਰ ਸਿੰਘ ਮਾਨ, ਕਮੇਸ਼ਵਰ ਯਾਦਵ ਅਤੇ ਚੰਡੀਗੜ੍ਹ ਸੂਬਾ ਦਫ਼ਤਰ ਤੋਂ ਆਏ ਸਾਥੀ ਮਹਿੰਦਰ ਪਾਲ ਸਿੰਘ ਹਾਜ਼ਰ ਸਨ।ਸਾਥੀ ਰੈਕਟਰ ਕਥੂਰੀਆ ਨੇ ਨਵਾਂ ਜ਼ਮਾਨਾ ਲਈ ਕਵਰੇਜ ਕਰਦਿਆਂ ਉਚੇਚੇ ਤੌਰ 'ਤੇ ਆਗੂਆਂ ਦੇ ਵਿਚਾਰ ਲਏ।


## ਸੇਲਜ਼ਮੈਨ ਦੀ ਭਰਤੀ ਸੰਬੰਧੀ ਨੋਟਿਸ

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੀ ਅਬਦਾਲ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ:, ਪਿੰਡ ਅਬਦਾਲ, ਜ਼ਿਲ੍ਹਾ ਅੰਮ੍ਰਿਤਸਰ, ਦੀ ਅਸਾਮੀ 'ਤੇ ਸੇਲਜ਼ਮੈਨ ਦੀ ਭਰਤੀ ਕੀਤੀ ਜਾਣੀ ਹੈ। ਭਰਤੀ ਦੀ ਪ੍ਰਕਿਰਿਆ ਮਿਤੀ 6/8/2025 ਨੂੰ ਸਵੇਰੇ 10 ਵਜੇ ਸਭਾ ਦੇ ਦਫ਼ਤਰ ਪਿੰਡ ਅਬਦਾਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕੀਤੀ ਜਾਵੇਗੀ। ਭਰਤੀ ਸੰਬੰਧੀ ਯੋਗਤਾ ਅਤੇ ਸ਼ਰਤਾਂ ਹੇਠ ਅਨੁਸਾਰ ਹਨ: 1) ਉਮੀਦਵਾਰ ਦੀ ਉਮਰ 18 ਤੋਂ 37 ਸਾਲ, 2) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਸ਼ਨ ਯੋਗਤਾ ਦੇ ਡਿਗਰੀ ਅਤੇ ਦਸਵੀ ਪੱਧਰ ਦੀ ਪੰਜਾਬੀ ਦੀ ਵਿੱਦਿਅਕ ਯੋਗਤਾ, 3) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟਰੋਨਿਕਸ ਵਿਭਾਗ ਦੇ 'ਓ' ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਮਸ਼ਹੂਰ ਸੰਸਥਾ ਜੋ ISO 9001 ਅਨੁਸਾਰ ਤਸਦੀਕਸ਼ੁਦਾ ਹੋਵੇ, ਤੋਂ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ: (ੳ) ਪਰਸਨ ਕੰਪਿਊਟਰ ਦਾ ਕੋਰਸ, ਜਾਂ (ਅ) ਇਨਫੋਰਮੇਸ਼ਨ ਟੈਕਨੋਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ (ੲ) ਡੈਸਕਟਾਪ ਪਬਲਿਸ਼ਿੰਗ ਦਾ ਕੋਰਸ, (4) ਉਮੀਦਵਾਰ ਦਾ ਪਿਛੋਕੜ ਪੇਂਡੂ ਹੋਣਾ ਚਾਹੀਦਾ ਹੈ (5) ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਨੂੰ ਆਪਣੀ ਨਿਯੁਕਤੀ ਦੇ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਦਰਸਾਈ ਗਈ ਜ਼ਮਾਨਤ ਉਮੀਦਵਾਰ ਕੋਲੋਂ ਗਰੰਟੀ ਦੇ ਤੌਰ 'ਤੇ ਦੇਣੀ ਪਵੇਗੀ। ਉਮੀਦਵਾਰ ਆਪਣੀ ਅਰਜ਼ੀ ਦੇ ਨਾਲ-ਨਾਲ ਆਪਣੀ ਯੋਗਤਾ ਸੰਬੰਧੀ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ, ਪਾਸਪੋਰਟ ਸਾਈਜ਼ ਫੋਟੋ ਅਤੇ ਹਲਫੀਆ ਬਿਆਨ ਸਭਾ ਦੇ ਦਫ਼ਤਰ ਵਿਖੇ ਮਿਤੀ 28/07/2025 ਤੋਂ 04/08/2025 ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ 1000/- ਰੁਪਏ ਦੀ ਡੀ.ਡੀ. ਫੀਸ ਸਮੇਤ ਦਸਤੀ ਜਾਂ ਡਾਕ ਰਾਹੀਂ ਕਿਸੇ ਵੀ ਕੰਮ-ਕਾਜ ਦੇ ਦਿਨ ਜਮ੍ਹਾਂ ਕਰਵਾ ਸਕਦੇ ਹਨ। ਮਿਤੀ 4/08/2025 ਨੂੰ ਸ਼ਾਮ 4 ਵਜੇ ਤੋਂ ਬਾਅਦ ਕੋਈ ਵੀ ਅਰਜੀ ਪ੍ਰਾਪਤ ਨਹੀਂ ਕੀਤੀ ਜਾਵੇਗੀ। ਭਰਤੀ ਪ੍ਰਕਿਰਿਆ ਤੇ ਇੰਟਰਵਿਊ ਸੰਬੰਧੀ ਕੋਈ ਵੀ ਜਾਣਕਾਰੀ ਕਿਸੇ ਵੀ ਕੰਮ ਕਾਜ ਦੇ ਦਿਨ ਸਭਾ ਦੇ ਦਫ਼ਤਰ ਵਿੱਚ ਹਾਜ਼ਰ ਹੋ ਕੇ ਜਾਂ +91 8437447877 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਉਮੀਦਵਾਰ ਦੀ ਭਰਤੀ ਕਰਨ ਜਾਂ ਨਾ ਕਰਨ ਸੰਬੰਧੀ ਹੱਕ ਸਿਲੈਕਸ਼ਨ ਕਮੇਟੀ ਕੋਲ ਰਾਖਵੇਂ ਰੱਖੇ ਜਾਣਗੇ।

ਸਹੀ/- ਪ੍ਰਧਾਨ, ਦੀ ਅਬਦਾਲ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਪਿੰਡ ਅਬਦਾਲ ਜ਼ਿਲ੍ਹਾ ਅੰਮ੍ਰਿਤਸਰ

## ਉਤਰ ਰੇਲਵੇ

### ਦਰਖਾਸਤ ਸੂਚਨਾ

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੇ ਮਾਧਿਅਮ ਨਾਲ ਫਿਰੋਜ਼ਪੁਰ ਮੰਡਲ ਤੇ ਹਾਲਟ ਸਟੇਸ਼ਨਾਂ ਤੇ ਟਿਕਟ ਵੰਡ ਕਰਨ ਲਈ ਹਾਲਟ ਠੇਕੇਦਾਰ ਦੀ ਨਿਯੁਕਤੀ ਲਈ ਦਰਖਾਸਤ ਪੱਤਰ ਦੀ ਮੰਗ ਕੀਤੀ ਗਈ ਹੈ:-

| | | |
|---|---|---|
| 1 | ਕੰਮ ਦਾ ਨਾਮ | ਫਿਰੋਜ਼ਪੁਰ ਮੰਡਲ (1) ਬੋਲੀਨਾ ਦੋਆਬਾ (2) ਮਾਲੂਪੋਤਾ (3) ਗੜ੍ਹਸ਼ੰਕਰ (4) ਘੱਲੂ (5) ਸੈਲਾਖੁਰਦ (6) ਸ਼ਾਮ ਚੌਰਾਸੀ (7) ਖੜਕੜ ਕਲਾਂ ਝੰਡਾ ਜੀ (8) ਜੈਜੋਂ ਦੋਆਬਾ (9) ਜਮਸ਼ੇਰ ਖਾਸ ਹਾਲਟ ਸਟੇਸ਼ਨ ਆਉਂਦੇ 5 ਸਾਲ ਦੇ ਲਈ ਠੇਕੇ ਦਾ ਅਲਾਟਮੈਂਟ |
| 2 | ਨਿਵਿਦਾ ਜਮ੍ਹਾ ਕਰਨ ਦੀ ਅੰਤਿਮ ਮਿਤੀ ਤੇ ਨਿਵਿਦਾ ਖੁੱਲਣ ਦਾ ਸਮਾਂ | ਮਿਤੀ 25.08.2025 ਨੂੰ 15:00 ਵਜੇ ਤਕ (ਕਿਸੇ ਕਾਰਨ ਦਫ਼ਤਰ ਬੰਦ ਹੋਣ ਦੀ ਸਥਿਤੀ ਵਿਚ ਦਰਖਾਸਤ ਪੱਤਰ ਅਗਲੇ ਕੰਮ ਵਾਲੇ ਦਿਨ ਖੋਲ੍ਹੇ ਜਾਣਗੇ।) |
| 3 | ਦਰਖਾਸਤ ਦਾ ਪਤਾ ਅਤੇ ਤਾਰੀਕ ਜਿਥੇ ਤੋਂ ਦਰਖਾਸਤ ਪੱਤਰ ਪ੍ਰਾਪਤ ਕੀਤੇ ਜਾ ਸਕਦੇ ਹਨ | ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਮਿਤੀ 25.07.2025 ਤੋਂ 25.08.2025 ਤਕ ਕਿਸੇ ਵੀ ਕੰਮ ਵਾਲੇ ਦਿਨ ਅਤੇ ਉਤਰ ਰੇਲਵੇ ਦੀ ਵੈਬਸਾਈਟ www.nr.indianrailways.gov.in ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। |

ਇਸ ਅਲਾਟਮੈਂਟ ਨਾਲ ਸਬੰਧਿਤ ਦਸਤਾਵੇਜ਼ ਜਿਵੇਂ ਪੱਤਰ, ਅਨੁਦੇਸ਼ ਕਰਾਰਨਾਮਾ ਅਤੇ ਨਿਯਮ ਤੇ ਸ਼ਰਤਾਂ ਨੂੰ ਉਤਰ ਰੇਲਵੇ ਦੀ ਵੈਬਸਾਈਟ www.nr.indianrailways.gov.in 'ਤੇ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। 2267/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


### ਜੂਨ ਦੀ ਤਨਖਾਹ ਨਾ ਮਿਲਣ...

ਤਰੱਕੀਆਂ ਨੂੰ ਲਟਕਾ ਕੇ ਰੱਖਿਆ ਹੋਇਆ ਹੈ।ਵਰਕਰਾਂ ਦੇ ਅਥਾਹ ਗੁੱਸੇ ਦਾ ਸਪੱਸ਼ਟ ਤੌਰ 'ਤੇ ਝਲਕਦੇ ਰੋਸ ਮੁਜ਼ਾਹਰੇ ਨੂੰ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖਟੜਾ, ਗੁਰਜੰਟ ਸਿੰਘ, ਮੁਹੰਮਦ ਖਲੀਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਤਨਖਾਹ ਸਮੇਂ ਸਿਰ ਨਾ ਮਿਲਣ ਦੀ ਸਿੱਧੀ ਜ਼ਿੰਮੇਵਾਰੀ ਅਦਾਰੇ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਦੇ ਸਿਰ ਆਉਂਦੀ ਹੈ, ਜਿਹੜੇ ਕਿ ਬਣਦੇ 700 ਕਰੋੜ ਵਿੱਚੋਂ ਤਨਖਾਹ ਲਈ ਪੈਸੇ ਨਹੀਂ ਹਾਸਲ ਕਰਵਾ ਸਕਦੇ। ਸਰਕਾਰ ਦੇ ਪੰਜ-ਛੇ ਸਿਆਸੀ ਨੁਮਾਇੰਦੇ ਪੀ ਆਰ ਟੀ ਸੀ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਨਿਯੁਕਤ ਕੀਤੇ ਹੋਏ ਹਨ, ਪਰ ਉਹਨਾਂ ਸਭਨਾਂ ਦੀ ਕਾਰਗੁਜ਼ਾਰੀ ਅਦਾਰੇ ਪ੍ਰਤੀ ਸਿਫਰ ਦੇ ਬਰਾਬਰ ਹੈ। ਮੁੱਖ ਆਗੂਆਂ ਤੋਂ ਇਲਾਵਾ ਜਿਹਨਾਂ ਹੋਰ ਆਗੂਆਂ ਨੇ ਮੁਜ਼ਾਹਰਕਾਰੀਆਂ ਨੂੰ ਸੰਬੋਧਨ ਕੀਤਾ, ਉਹਨਾਂ ਵਿੱਚ ਗੰਡਾ ਸਿੰਘ, ਦਲਜੀਤ ਸਿੰਘ, ਉਤਮ ਸਿੰਘ ਬਾਗੜੀ ਅਤੇ ਨਸੀਬ ਚੰਦ ਸ਼ਾਮਲ ਸਨ। ਸਟੇਜ ਸਕੱਤਰ ਦੇ ਤੌਰ 'ਤੇ ਸੁਖਦੇਵ ਰਾਮ ਸੁੱਖੀ ਨੇ ਮੰਚ ਸੰਚਾਲਨ ਕੀਤਾ। ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਇੱਕ-ਦੋ ਦਿਨ ਉਡੀਕ ਕਰਨ ਉਪਰੰਤ ਅਗਲੇ ਸਖ਼ਤ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

26 July Page 3.qxd 7/25/2025 11:06 PM Page 1



# ਡੀਸੀ ਰਾਹੀਂ ਮਨਰੇਗਾ ਵਰਕਰਾਂ ਨੇ ਪੰਜਾਬ ਸਰਕਾਰ ਦੇ ਨਾਂਅ ਭੇਜਿਆ ਮੰਗ ਪੱਤਰ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**— ਮਨਰੇਗਾ ਵਰਕਰਜ਼ ਯੂਨੀਅਨ ਦੀ ਭਰਵੀਂ ਮੀਟਿੰਗ ਪਿੰਡ ਰਟੋਲ 'ਚ ਕੁਲਦੀਪ ਸਿੰਘ ਮੰਗਲ ਸਿੰਘ ਰਟੋਲ ਦੀ ਪ੍ਰਧਾਨਗੀ ਹੇਠ ਹੋਈ।ਮਨਰੇਗਾ ਵਰਕਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ,ਜਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਰਟੋਲ,ਕਰਮ ਸਿੰਘ ਪੰਡੋਰੀ ਨੇ ਕਿਹਾ ਕਿ ਮਨਰੇਗਾ ਵਰਕਰਾ ਦੇ ਕਾਫੀ ਸਮੇਂ ਤੋਂ ਰੁਕੇ ਬਕਾਏ ਨਹੀਂ ਪਾਏ ਜਾ ਰਹੇ ਤੁਰੰਤ ਪਾਏ ਜਾਣ ਅਤੇ ਕਾਫੀ ਵਰਕਰਾਂ ਦੇ ਪਿਛਲੇ ਬਣਦੇ ਬੁਕਾਏ ਛੇਤੀ ਤੋਂ ਛੇਤੀ ਜਾਰੀ ਕੀਤੇ ਜਾਣ ।ਮਨਰੇਗਾ ਵਰਕਰਾ ਦੇ ਜੋਬ ਕਾਰਡ ਬਿਨਾਂ ਭੇਦਭਾਵ ਬਣਾਏ ਜਾਣ ਅਤੇ ਹਾਜ਼ਰੀ ਜੋਬ ਕਾਰਡਾਂ ਤੇ ਲਾਈ ਜਾਵੇ।ਇਨ੍ਹਾਂ ਆਗੂਆਂ ਨੇ ਕਿਹਾ ਕਿ ਮਨਰੇਗਾ ਵਰਕਰਾਂ ਨੂੰ100 ਦਿਨ ਕੰਮ ਯਕੀਨੀ ਬਣਾਇਆ ਜਾਵੇ ਅਤੇ ਪਿੰਡਾਂ ਦੇ ਸਰਪੰਚਾਂ ਦੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਜਿਹੜਾ ਵੀ ਕੰਮ ਕਰਨਾ ਚਾਹੁੰਦਾ ਹੈ,ਹਰੇਕ ਨੂੰ ਕੰਮ ਦਿੱਤਾ ਜਾਵੇ ਅਤੇ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਚੱਲਣ ਦਿੱਤਾ ਜਾਵੇ। ਮਨਰੇਗਾ ਵਰਕਰਾਂ ਦੇ ਸਾਰੇ ਪ੍ਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ।ਮਨਰੇਗਾ ਵਰਕਰਾਂ ਦਾ ਸਿਹਤ ਬੀਮਾ ਫ੍ਰੀ ਕੀਤਾ ਜਾਵੇ।ਸਾਰੇ ਬਲਾਕਾਂ 'ਚ ਮਨਰੇਗਾ ਦਾ ਬੰਦ ਕੰਮ ਚਾਲੂ ਕਰਾਇਆ ਜਾਵੇ ।ਬਲਾਕ ਅਧਿਕਾਰੀਆਂ ਮਨਰੇਗਾ, ਸੈਕਟਰੀਆ ਵੱਲੋਂ ਮੇਡਾ/ਵਰਕਰਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ ।ਮਨਰੇਗਾ ਵਰਕਰਾਂ ਤੇ ਜੋਬ ਕਾਰਡ ਤੇ ਹੋਰ ਵਰਕਰਾਂ ਦੇ ਖਾਤਿਆਂ 'ਚ ਪੈਸੇ ਪਾਏ ਜਾ ਰਹੇ ਹਨ। ਇਸ ਦੀ ਪੜਤਾਲ ਕਰਾਈ ਜਾਵੇ ।ਆਗੂਆਂ ਨੇ ਕਿਹਾ ਕਿ ਜੇਕਰ ਮਨਰੇਗਾ ਵਰਕਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ 12 ਅਗਸਤ ਨੂੰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਅੱਗੇ ਧਰਨਾ ਦਿੱਤਾ ਜਾਵੇਗਾ । ਇਸ ਮੌਕੇ ਅਮਰਜੀਤ ਸਿੰਘ ਕੋਟਲੀ, ਕੁਲਵਿੰਦਰ ਸਿੰਘ ਮੈਂਬਰ, ਅਵਤਾਰ ਸਿੰਘ ਮੈਂਬਰ, ਵੱਸਣ ਸਿੰਘ,ਸੁਖਵਿੰਦਰ ਸਿੰਘ ,ਬਲਕਾਰ ਸਿੰਘ, ਗੁਲਜਾਰ ਸਿੰਘ, ਬਲਵਿੰਦਰ ਸਿੰਘ, ਰਣਧੀਰ ਸਿੰਘ, ਕੁਲਵਿੰਦਰ ਕੌਰ, ਬੀਰ ਕੌਰ, ਅਮਰਜੀਤ ਕੌਰ, ਦਿਲਬਾਗ ਸਿੰਘ, ਰਾਣੀ ਗੁਰਮੀਤ ਕੌਰ ਆਦਿ ਹਾਜ਼ਰ ਸਨ।

# ਸੜਕਾਂ ਕੰਢੇ ਖਿਡੌਣੇ ਵੇਚਣ ਵਾਲੇ ਵਾਹਨ ਚਾਲਕਾਂ ਲਈ ਬਣੇ ਵੱਡੀ ਮੁਸੀਬਤ



**ਗੁਰਦਾਸਪੁਰ (ਜਨਕ ਮਹਾਜਨ)**- ਸੜਕਾਂ ਕੰਢੇ ਖਿਡਾਉਣੇ ਤੇ ਹੋਰ ਸਮਾਨ ਵੇਚਣ ਵਾਲੇ ਅਕਸਰ ਹੀ ਹਾਦਸਿਆਂ ਨੂੰ ਖੁਦ ਸੱਦਾ ਦਿੰਦੇ ਨਜ਼ਰ ਆਉਂਦੇ ਹਨ। ਅਜਿਹੀ ਹੀ ਇੱਕ ਮਿਸਾਲ ਗੁਰਦਾਸਪੁਰ-ਮੁਕੇਰੀਆਂ ਸੜਕ ਕੰਢੇ ਪੁਰਾਣਾ ਸ਼ਾਲਾ ਨਜ਼ਦੀਕ ਵੇਖਣ ਨੂੰ ਮਿਲੀ ਹੈ। ਇਸ ਸੜਕ ਕੰਢੇ 'ਤੇ ਕਸਬਾ ਪੁਰਾਣਾ ਸ਼ਾਲਾ ਤੋਂ ਪਹਿਲਾਂ ਗੁਰਦਾਸਪੁਰ ਵਾਲੇ ਪਾਸੇ ਇਕ ਨਿੱਜੀ ਸਕੂਲ ਨੇੜੇ ਖਿਡੌਣੇ ਵੇਚਣ ਵਾਲੇ ਵਿਅਕਤੀ ਨੇ ਸੜਕ ਦੇ ਉਪਰ ਆਪਣੇ ਖਿਡੌਣੇ ਰੱਖੇ ਹੋਏ ਹਨ ਜਿਸ ਨਾਲ ਵਾਹਨ ਚਾਲਕਾਂ ਨੂੰ ਲੰਘਣ ਸਮੇਂ ਕਾਫੀ ਸਾਵਧਾਨੀ ਨਾਲ ਲੰਘਣਾ ਪੈ ਰਿਹਾ ਹੈ। ਕਈ ਵਾਰ ਆਹਮਣੇ-ਸਾਹਮਣੇ ਤੋਂ ਗੁਜ਼ਰਨ ਵਾਲੇ ਵਾਹਨ ਚਾਲਕ ਦੂਸਰੇ ਵਾਹਨ ਨੂੰ ਰਸਤਾ ਦੇਣ ਸਮੇਂ ਸੜਕ ਦੇ ਕੱਚੇ ਰਸਤੇ 'ਤੇ ਉਤਰ ਜਾਂਦੇ ਹਨ ਪਰ ਅਜਿਹੇ ਕੇਸ ਵਿੱਚ ਸੜਕ 'ਤੇ ਉਤਰਨ ਦੀ ਕੋਈ ਸੰਭਾਵਨਾ ਨਾ ਹੋਣ ਕਾਰਨ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ ਅਤੇ ਇਸ ਦਾ ਜ਼ਿੰਮੇਵਾਰ ਵਾਹਨ ਚਾਲਕ ਨੂੰ ਠਹਿਰਾਇਆ ਜਾਂਦਾ ਹੈ। ਸੜਕਾਂ 'ਤੇ ਡਿਊਟੀ ਕਰ ਰਹੇ ਸੜਕ ਸੁਰੱਖਿਆ ਫੋਰਸ ਦੇ ਕਰਮਚਾਰੀਆਂ ਨੂੰ ਵੀ ਅਜਿਹੇ ਸਮਾਨ ਆਦਿ ਵੇਚਣ ਵਾਲੇ ਵਿਅਕਤੀਆਂ ਨੂੰ ਰੋਕਣਾ ਚਾਹੀਦਾ ਹੈ। ਕਈ ਕੇਸਾਂ ਵਿੱਚ ਵੇਖਿਆ ਜਾਂਦਾ ਹੈ ਕਿ ਸੜਕ ਕੰਢੇ ਸਮਾਨ ਵੇਚਣ ਵਾਲੇ ਆਪਣਾ ਸਮਾਨ ਆਦਿ ਰੱਖ ਕੇ ਖੁਦ ਲੰਮੇ ਪੈ ਕੇ ਆਰਾਮ ਕਰਨ ਲੱਗ ਪੈਂਦੇ ਹਨ ਅਤੇ ਸੜਕ 'ਤੇ ਤੇਜ਼ ਰਫਤਾਰ ਨਾਲ ਚੱਲ ਰਹੇ ਵਾਹਨ ਚਾਲਕਾਂ ਨੂੰ ਇੱਥੋਂ ਗੁਜ਼ਰਨ ਸਮੇਂ ਕਾਫੀ ਚੁਕੰਨੇ ਹੋ ਕੇ ਲੰਘਣਾ ਪੈਂਦਾ ਹੈ। ਇਲਾਕੇ ਨਾਲ ਸੰਬੰਧਤ ਪੁਲਿਸ ਪ੍ਰਸ਼ਾਸਨ ਨੂੰ ਅਜਿਹੇ ਕੇਸਾਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ।

## ਗੁਰਵਿੰਦਰ ਸਿੰਘ ਨੂੰ 21 ਮੈਂਬਰੀ ਬੂਥ ਲੈਵਲ ਕਮੇਟੀ ਦਾ ਪ੍ਰਧਾਨ ਚੁਣਿਆ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਹਲਕਾ ਅਜਨਾਲਾ ਦੇ ਪਿੰਡ ਲਸ਼ਕਰੀ ਨੰਗਲ ਵਿਖੇ ਕਾਂਗਰਸੀ ਵਰਕਰਾਂ ਦੀ ਮੀਟਿੰਗ ਹੋਈ। ਮੀਟਿੰਗ ਸਮੇਂ ਕਾਂਗਰਸ ਜ਼ਿਲ੍ਹਾ ਦਿਹਾਤੀ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਉਚੇਚੇ ਰੂਪ ਵਿੱਚ ਸ਼ਾਮਲ ਹੋਏ। ਇਸ ਮੀਟਿੰਗ ਸਮੇਂ ਆਉਣ ਵਾਲੀਆਂ ਬਲਾਕ ਸੰਮਤੀ ਚੋਣਾਂ ਅਤੇ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਉਪਰੰਤ ਪਿੰਡ ਵਿੱਚ 21 ਮੈਂਬਰੀ ਬੂਥ ਲੈਵਲ ਕਮੇਟੀ ਬਣਾਈ ਗਈ। ਕਮੇਟੀ ਵੱਲੋਂ ਗੁਰਵਿੰਦਰ ਸਿੰਘ ਲਸ਼ਕਰੀ ਨੰਗਲ ਨੂੰ ਸਰਬ ਸੰਮਤੀ ਨਾਲ ਬੂਥ ਲੈਵਲ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਸਮੇਂ ਚੁਣੀ ਗਈ ਕਮੇਟੀ ਦੇ ਬਾਕੀ ਮੈਂਬਰਾਂ ਵਿੱਚ ਸਤਨਾਮ ਸਿੰਘ, ਪ੍ਰਭਪਾਲ ਸਿੰਘ, ਕਸ਼ਮੀਰ ਸਿੰਘ, ਸਰਦੂਲ ਸਿੰਘ, ਪ੍ਰਕਾਸ਼ ਸਿੰਘ, ਕਰਨਬੀਰ ਸਿੰਘ, ਮਨਸਿਮਰਨ ਸਿੰਘ, ਸੁਖਤਾਜ ਸਿੰਘ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ, ਜਤਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ, ਜਦ ਕਿ ਇਸਤਰੀ ਮੈਂਬਰਾਂ ਵਿੱਚ ਹਰਜੀਤ ਕੌਰ, ਜਸਬੀਰ ਕੌਰ, ਨਰਿੰਦਰ ਕੌਰ, ਅਮਰਜੀਤ ਕੌਰ, ਬਲਵਿੰਦਰ ਕੌਰ ਅਤੇ ਸਰਬਜੀਤ ਕੌਰ ਨੂੰ ਚੁਣਿਆ ਗਿਆ।

## ਮਾਰਕੀਟ ਕਮੇਟੀ ਝਬਾਲ ਦੇ ਸਕੱਤਰ ਸਤਿੰਦਰ ਰੂਪ ਸਿੰਘ ਗਿੱਲ ਨੇ ਚਾਰਜ ਸੰਭਾਲਿਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਮਾਰਕੀਟ ਕਮੇਟੀ ਝਬਾਲ ਵਿਖੇ ਬੀਤੇ ਦਿਨੀਂ ਸਤਿੰਦਰ ਰੂਪ ਸਿੰਘ ਗਿੱਲ ਵੱਲੋਂ ਬਤੌਰ ਸਕੱਤਰ ਮਾਰਕੀਟ ਕਮੇਟੀ ਝਬਾਲ ਆਪਣਾ ਚਾਰਜ ਸੰਭਾਲ ਲਿਆ ਗਿਆ।ਇਸ ਮੌਕੇ ਮਾਰਕੀਟ ਕਮੇਟੀ ਤਰਨਤਾਰਨ ਦੇ ਚੇਅਰਮੈਨ ਡਾ ਕੁਲਦੀਪ ਸਿੰਘ ਰੰਧਾਵਾ ਅਤੇ ਮਾਰਕੀਟ ਕਮੇਟੀ ਝਬਾਲ ਦੇ ਚੇਅਰਮੈਨ ਬਲਵਿੰਦਰ ਸਿੰਘ ਦਿਉਲ ਕੋਟ ਨੇ ਸਕੱਤਰ ਸਤਿੰਦਰ ਰੂਪ ਸਿੰਘ ਨੂੰ ਅਹੁਦਾ ਸੰਭਾਲਣ ਤੇ ਸ਼ੁਭਕਾਮਨਾ ਦਿੰਦਿਆਂ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ।ਜਦ ਕਿ ਸਕੱਤਰ ਕੰਵਲਪ੍ਰੀਤ ਸਿੰਘ ਕਲਸੀ, ਲੇਖਾਕਾਰ ਬਲਜੀਤ ਸਿੰਘ, ਭੁਪਿੰਦਰਜੀਤ ਸਿੰਘ ਮੰਡੀ ਸੁਪਰਵਾਈਜ਼ਰ, ਹਰਮਨਪਾਲ ਸਿੰਘ ਚੀਮਾ ਗਰੇਡਿੰਗ ਸੁਪਰਵਾਈਜ਼ਰ, ਸਤਿੰਦਰਬੀਰ ਸਿੰਘ ਆਕਸਨ ਰਿਕਾਰਡ, ਮਨਜਿੰਦਰ ਸਿੰਘ ਆਕਸ਼ਨ ਰਿਕਾਰਡ, ਹਰਚੰਦ ਸਿੰਘ, ਰਾਜ ਸਿੰਘ ਗਿੱਲ, ਸਤਪਾਲ ਸਿੰਘ ਗਿੱਲ, ਬਖਸ਼ੀਸ਼ ਸਿੰਘ, ਰਵਿੰਦਰ ਸਿੰਘ, ਚੰਦਰ ਮੋਹਨ, ਯੋਗੇਸ਼ ਕੁਮਾਰ, ਬਲਵਿੰਦਰ ਸਿੰਘ, ਬਿਕਰਮਜੀਤ ਸਿੰਘ, ਹਰਦੀਪ ਸਿੰਘ, ਜਤਿੰਦਰ ਸਿੰਘ, ਸੁਖਜੀਤ ਸਿੰਘ ਵੱਲੋਂ ਸਕੱਤਰ ਰੂਪ ਗਿੱਲ ਦਾ ਜੀ ਆਇਆਂ ਆਖਦਿਆਂ ਭਰਵਾਂ ਸਵਾਗਤ ਕਰਦਿਆਂ ਸਨਮਾਨ ਚਿੰਨ੍ਹ ਤੇ ਸਿਰਪਾਉ ਦੇ ਕੇ ਸਨਮਾਨ ਕੀਤਾ ਗਿਆ।



# ਪ੍ਰਸਿੱਧ ਮੈਰਾਥਨ ਦੌੜਾਕ ਫੌਜਾ ਸਿੰਘ ਨੇ ਸੰਸਾਰ ਭਰ 'ਚ ਪੰਜਾਬੀਆਂ ਦਾ ਨਾਂਅ ਰੌਸ਼ਨ ਕੀਤਾ : ਪ੍ਰੋ. ਕਰਮਜੀਤ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**: ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਕੁਲਪਤੀ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਫੌਜਾ ਸਿੰਘ ਸਿਰਫ ਇੱਕ ਅਥਲੀਟ ਨਹੀਂ ਸਨ, ਉਹ ਪੰਜਾਬੀਅਤ, ਸੰਘਰਸ਼ ਅਤੇ ਆਤਮ-ਸ਼ਕਤੀ ਦੇ ਪ੍ਰਤੀਕ ਸਨ। ਉਨ੍ਹਾਂ ਨੇ ਸੰਸਾਰ ਭਰ 'ਚ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ। ਉਹ ਆਪਣੀ ਜ਼ਿੰਦਗੀ ਨੂੰ ਇਕ ਸੰਦੇਸ਼ ਵਾਂਗ ਜੀ ਕੇ ਸਾਨੂੰ ਇਹ ਸਿਖਾ ਗਏ ਕਿ ਗੁਰੂ ਸਾਹਿਬਾਨ ਦੀ ਰਾਹੀਂ ਦਿੱਤੀ ਸਿੱਖਿਆ ਨੂੰ ਅਮਲ 'ਚ ਲਿਆਂਦਾ ਜਾਵੇ। ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਫੌਜਾ ਸਿੰਘ ਦੀ ਯਾਦ ਨੂੰ ਸਮਰਪਿਤ ਸ਼ਰਧਾਂਜਲੀਨੁਮਾਂ ਰਾਸ਼ਟਰੀ ਸੈਮੀਨਾਰ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਮਹਿਮਾਨਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਐਲਾਨ ਕੀਤਾ ਕਿ ਯੂਨੀਵਰਸਿਟੀ ਵੱਲੋਂ ਹਰ ਸਾਲ ਫੌਜਾ ਸਿੰਘ ਦੀ ਯਾਦ ਵਿੱਚ ਯਾਦਗਾਰੀ ਸਮਾਰੋਹ ਕਰਵਾਇਆ ਜਾਵੇਗਾ ਤਾਂ ਜੋ ਨੌਜਵਾਨ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਣ। ਉਨ੍ਹਾਂ ਕਿਹਾ ਕਿ ਕੁਝ ਕਰ ਗੁਜ਼ਰਨ ਲਈ ਉਮਰ ਦੀ ਕੋਈ ਸੀਮਾ ਨਹੀਂ ਹੁੰਦੀ, ਇਹ ਗੱਲ ਫੌਜਾ ਸਿੰਘ ਨੇ ਸਾਬਤ ਕਰ ਦਿੱਤੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਇੱਕ ਡਿਜ਼ੀਟਲ ਆਰਕਾਈਵ ਅਤੇ ਡਾਕੂਮੈਂਟਰੀ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਜਾਵੇਗੀ ਜਿਸ ਰਾਹੀਂ ਸ. ਫੌਜਾ ਸਿੰਘ ਜੀ ਦੀ ਜ਼ਿੰਦਗੀ, ਉਨ੍ਹਾਂ ਦੀ ਮੋਟੀਵੇਸ਼ਨਲ ਯਾਤਰਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਉਣ ਵਾਲੀ ਪੀੜ੍ਹੀ ਲਈ ਸੰਭਾਲ ਕੇ ਰੱਖਿਆ ਜਾਵੇਗਾ। ਸਮਾਰੋਹ ਦੌਰਾਨ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਅਤੇ ਪ੍ਰਸਿੱਧ ਸਮਾਜ ਸੇਵੀ ਸ. ਸੁੱਖੀ ਬਾਠ ਨੇ ਕਿਹਾ ਕਿ ਫੌਜਾ ਸਿੰਘ ਨੂੰ ਰੂਬਰੂ ਮਿਲਣਾ ਮੇਰੇ ਪਿਤਾ ਦੀ ਆਖ਼ਰੀ ਇੱਛਾ ਸੀ। ਜਦ ਉਨ੍ਹਾਂ ਨੇ ਉਨ੍ਹਾਂ ਨੂੰ ਵੇਖਿਆ ਤਾਂ ਆਖਿਆ-ਬੇਟਾ, ਮੈਂ ਰੱਬ ਦਾ ਰੂਪ ਵੇਖ ਲਿਆ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅੱਜ ਦੀ ਨੌਜਵਾਨ ਪੀੜ੍ਹੀ ਪੈਸੇ ਦੀ ਦੌੜ ਵਿਚ ਦੌੜ ਰਹੀ ਹੈ, ਫੌਜਾ ਸਿੰਘ ਸਾਨੂੰ ਦੱਸਦੇ ਹਨ ਕਿ ਅਸਲ ਵਿਰਾਸਤ ਪਿਆਰ, ਸਾਫ਼-ਨਿਯਤ ਅਤੇ ਆਤਮ ਸੰਤੁਸ਼ਟੀ ਹੈ, ਜੋ ਉਨ੍ਹਾਂ ਨੇ ਆਪਣੀ ਸਾਦਗੀ ਅਤੇ ਨਿਯਮਤ ਜੀਵਨ ਰਾਹੀਂ ਸਿੱਖਾਈ। ਨਾਮਵਰ ਲੇਖਕ ਸੌਰਵ ਦੁੱਗਲ ਨੇ ਵੀ ਫੌਜਾ ਸਿੰਘ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਹ ਆਉਣ ਵਾਲੀਆਂ ਕਈ ਸਦੀਆਂ ਤਕ ਸਾਡੇ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ।

# ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਦੇ ਵਧੀਆ ਨਤੀਜੇ ਸਾਹਮਣੇ ਆ ਰਹੇ : ਚੇਅਰਮੈਨ ਮਾਣਿਕ ਮਹਿਤਾ



**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਨੂੰ ਕਾਮਯਾਬ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਜ਼ਿਲ੍ਹਾ ਕੋਆਰਡੀਨੇਟਰ ਅਤੇ ਮਾਰਕਿਟ ਕਮੇਟੀ ਬਟਾਲਾ ਦੇ ਚੇਅਰਮੈਨ ਮਾਣਿਕ ਮਹਿਤਾ ਵੱਲੋਂ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ, ਏ ਸੀ ਐਸ ਡਾ. ਪ੍ਰਭਜੋਤ ਕੌਰ ਕਲਸੀ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਡੀ ਐਮ ਸੀ ਡਾਕਟਰ ਵਰਿੰਦਰ ਮੋਹਨ, ਐੱਸ.ਐੱਮ.ਓ ਡਾ. ਲਲਿਤ ਮੋਹਨ, ਡਾ. ਸੁਖਦੀਪ ਸਿੰਘ ਭਾਗੋਵਾਲ, ਡਾ. ਨੀਲਮ ਕੁਮਾਰੀ, ਡਾ. ਰਵਿੰਦਰ ਸਿੰਘ, ਡਾ. ਮਨਮੋਹਨ ਜੀਤ ਸਿੰਘ, ਡਾ. ਬ੍ਰਿਜੇਸ਼ ਸਿੰਘ, ਡਾ. ਅਮਰਦੀਪ ਸਿੰਘ ਬੈਂਸ, ਡਾ. ਅੰਕੁਰ, ਡਾ. ਕੁਲਜੀਤ ਕੌਰ, ਡਾ. ਅਮਨਦੀਪ, ਡਾ. ਰਮਨ ਅਤੇ ਡਾ. ਮੈਤਰੀ ਤੋਂ ਇਲਾਵਾ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਇੰਚਾਰਜ ਨੀਰਜ ਸਲਹੋਤਰਾ, ਅਮਿਤ ਸੋਢੀ ਤੇ ਹੋਰ ਆਗੂ ਵੀ ਹਾਜ਼ਰ ਸਨ।ਮੀਟਿੰਗ ਦੌਰਾਨ ਜ਼ਿਲ੍ਹਾ ਕੋਆਰਡੀਨੇਟਰ ਚੇਅਰਮੈਨ ਮਾਣਿਕ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਦੇ ਵਧੀਆ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਸੂਬੇ ਭਰ ਵਿੱਚ ਨਸ਼ੇ ਦੇ ਕਾਰੋਬਾਰ ਨੂੰ ਠੱਲ੍ਹ ਪਾਈ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਨੇ ਨਸ਼ੇ ਦੇ ਖ਼ਾਤਮੇ ਲਈ ਨਵੀਂ ਵਿਉਂਤਬੰਦੀ ਕੀਤੀ ਹੈ, ਜਿਸ ਤਹਿਤ ਸਮੂਹ ਓਟ ਕਲੀਨਿਕਾਂ ਵਿੱਚ ਬਾਓਮੀਟ੍ਰਿਕ ਮਸ਼ੀਨਾਂ ਲਾਉਣ ਦੀ ਤਜਵੀਜ਼ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਬਾਓਮੀਟ੍ਰਿਕ ਮਸ਼ੀਨਾਂ ਰਾਹੀਂ ਸਮੂਹ ਓਟ ਮਰੀਜ਼ਾਂ ਦੀ ਸ਼ਨਾਖ਼ਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਓਟ ਮਰੀਜ਼ਾਂ ਦੇ ਇਲਾਜ ਲਈ ਮਾਨਸਿਕ ਰੋਗਾਂ ਦੇ ਮਾਹਿਰਾਂ ਦੀ ਇੰਪੈਨਲਮੈਂਟ ਕੀਤੀ ਜਾਵੇਗੀ।ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਹੁਣ ਤੋਂ ਓਟ ਮਰੀਜ਼ਾਂ ਨੂੰ ਹੋਮ ਡੋਜ਼ ਦੇਣ ਦਾ ਫ਼ੈਸਲਾ ਸਿਰਫ਼ ਮਾਨਸਿਕ ਰੋਗਾਂ ਦੇ ਮਾਹਰ ਡਾਕਟਰ ਕਰਨਗੇ। ਹੋਮ ਡੋਜ਼ ਉਨ੍ਹਾਂ ਓਟ ਮਰੀਜ਼ਾਂ ਨੂੰ ਹੀ ਮਿਲੇਗੀ ਜੋ ਅਪਾਹਜ, 65 ਸਾਲ ਤੋਂ ਵੱਧ ਉਮਰ ਹੋਵੇ ਜਾਂ ਬਿਮਾਰੀ ਆਦਿ ਕੋਈ ਹੋਰ ਕਾਰਨ ਹੋਵੇਗਾ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਓਟ ਸੈਂਟਰ ਵਿੱਚ ਸ਼ਨਾਖ਼ਤ ਤੋਂ ਬਾਅਦ ਹੀ ਦਵਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸੁਰੱਖਿਆ ਦੇ ਲਿਹਾਜ਼ ਨਾਲ ਓਟ ਸੈਂਟਰਾਂ ਵਿੱਚ ਪੁਲਸ ਕਰਮਚਾਰੀਆਂ ਨੂੰ ਤਾਇਨਾਤ ਕਰਨ ਲਈ ਤਜਵੀਜ਼ ਭੇਜੀ ਗਈ ਹੈ।

## ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਆਬਾਦ ਵਿਖੇ ਬੂਟੇ ਲਗਾਏ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਆਬਾਦ ਵਿਖੇ ਵਾਤਾਵਰਣ ਦੀ ਸ਼ੁੱਧਤਾ ਲਈ ਸਕੂਲ ਦੀ ਗਰਾਊਂਡ ਵਿੱਚ ਅਧਿਆਪਕਾਂ ਤੇ ਵਿਦਿਆਰਥੀਆਂ ਦੁਆਰਾ ਵੱਖ ਵੱਖ ਕਿਸਮਾਂ ਦੇ ਬੂਟੇ ਲਗਾਏ ਗਏ। ਸਕੂਲ ਦੇ ਐਮ ਡੀ. ਸੁਰਜੀਤ ਸਿੰਘ ਭਰੋਵਾਲ ਨੇ ਦੱਸਿਆ ਕਿ ਅਸੀਂ ਸਾਰੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਘਰ ਜਾਂ ਖੁੱਲ੍ਹੀਆਂ ਥਾਵਾਂ 'ਤੇ ਘੱਟੋ ਘੱਟ ਇੱਕ ਇੱਕ ਬੂਟਾ ਹਰ ਸਾਲ ਜ਼ਰੂਰ ਲਗਾਉਣ ਤਾਂ ਕਿ ਗਰਮੀਆਂ ਵਿੱਚ ਤਾਪਮਾਨ ਹੇਠਾਂ ਲਿਆਂਦਾ ਜਾ ਸਕੇ ਤੇ ਸਾਡਾ ਵਾਤਾਵਰਣ ਠੀਕ ਹੋ ਸਕੇ ।

# ਟਰਾਂਸਪੋਰਟ ਤੇ ਮਾਲ ਵਿਭਾਗ ਨਾਲ ਸਬੰਧਤ ਸੇਵਾਵਾਂ ਦਾ ਸੈਂਕੜੇ ਲੋਕਾਂ ਨੇ ਲਿਆ ਲਾਹਾ : ਡਿਪਟੀ ਕਮਿਸ਼ਨਰ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਈਜ਼ੀ ਰਜਿਸਟਰੇਸ਼ਨ ਨਾਲ ਸੰਬੰਧਤ ਮਾਲ ਵਿਭਾਗ ਦੀਆਂ ਸੇਵਾਵਾਂ ਅਤੇ ਡਰਾਈਵਿੰਗ ਲਾਇਸੰਸ ਨਾਲ ਸੰਬੰਧਤ ਟਰਾਂਸਪੋਰਟ ਵਿਭਾਗ ਦੀਆਂ ਸੇਵਾਵਾਂ ਹੁਣ ਸੁਵਿਧਾ ਕੇਂਦਰਾਂ ਤੋਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ ਅਤੇ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਵਾਸੀ ਇਨ੍ਹਾਂ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਰਹੇ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੱਸਿਆ ਕਿ ਮਾਲ ਵਿਭਾਗ ਨਾਲ ਸਬੰਧਤ ਸੇਵਾਵਾਂ 12 ਜੂਨ 2025 ਤੋਂ ਲੈ ਕੇ 22 ਜੁਲਾਈ 2025 ਤੱਕ 205 ਲੋਕਾਂ ਵਲੋਂ ਇਸ ਦਾ ਲਾਹਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਵਾਸੀਆਂ ਵਲੋਂ 168 ਫਰਦ, 17 ਫਰਦ ਬਦਰ, 10 ਵਿਰਾਸਤ ਦੇ ਆਧਾਰ 'ਤੇ ਪਰਿਵਰਤਨ ਅਤੇ 10 ਲੋਕਾਂ ਵਲੋਂ ਹੀ ਆਪਣੀ ਵਸੀਅਤ ਨੂੰ ਰਜਿਸਟਰਡ ਕਰਵਾਇਆ ਗਿਆ ਹੈ। ਟਰਾਂਸਪੋਰਟ ਵਿਭਾਗ ਨਾਲ ਸੰਬੰਧਤ 30 ਸੇਵਾਵਾਂ ਸੇਵਾ ਕੇਂਦਰਾਂ ਵਿੱਚ ਮੁਹੱਈਆ ਕਰਵਾਈਆਂ ਗਈਆਂ ਹਨ। ਉਨਾਂ ਦੱਸਿਆ ਕਿ 30 ਜੂਨ 2025 ਤੋਂ 22 ਜੁਲਾਈ 2025 ਤੱਕ 84 ਲੋਕਾਂ ਵਲੋਂ ਟਰਾਂਸਪੋਰਟ ਨਾਲ ਸੰਬੰਧਤ ਸੇਵਾਵਾਂ ਦਾ ਲਾਭ ਪ੍ਰਾਪਤ ਕੀਤਾ ਗਿਆ ਹੈ। ਜਿਨਾਂ ਵਿਚੋਂ 40 ਲੋਕਾਂ ਵਲੋਂ ਲਰਨਿੰਗ ਲਾਇਸੰਸ, 2 ਲੋਕਾਂ ਵਲੋਂ ਲਾਇਸੰਸ ਵਿੱਚ ਨਾਮ ਦੀ ਤਬਦੀਲੀ, 2 ਲੋਕਾਂ ਵਲੋਂ ਲਾਇਸੰਸ ਐਕਸਟ੍ਰੈਕਟ, 14 ਲੋਕਾਂ ਵਲੋਂ ਲਾਇਸੰਸ ਦੀ ਮਿਆਦ ਵਿੱਚ ਵਾਧਾ, 7 ਲੋਕਾਂ ਵਲੋਂ ਡੁਪਲੀਕੇਟ ਲਾਇਸੰਸ, 13 ਲੋਕਾਂ ਵਲੋਂ ਲਾਇਸੰਸ ਦਾ ਨਵੀਨੀਕਰਨ, 3 ਲੋਕਾਂ ਵਲੋਂ ਡਰਾਇਵਿੰਗ ਲਾਇਸੰਸ ਵਿੱਚ ਤਬਦੀਲੀ ਅਤੇ 3 ਲੋਕਾਂ ਵਲੋਂ ਟਰਾਂਸਪੋਰਟ ਨਾਲ ਸਬੰਧਤ ਸੇਵਾਵਾਂ ਵਿੱਚ ਮੋਬਾਇਲ ਨੰਬਰ ਨੂੰ ਅਪਡੇਟ ਕਰਵਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਟਰਾਂਸਪੋਰਟ ਵਿਭਾਗ ਨਾਲ ਕੁੱਲ 30 ਸੇਵਾਵਾਂ ਅਤੇ ਮਾਲ ਵਿਭਾਗ ਨਾਲ ਸਬੰਧਤ 6 ਸੇਵਾਵਾਂ ਲੋਕ ਸੇਵਾ ਕੇਂਦਰਾਂ ਵਿੱਚੋਂ ਬਿਨਾਂ ਕਿਸੇ ਖਜਲ ਖੁਆਰੀ ਦੇ ਪ੍ਰਾਪਤ ਕਰ ਸਕਦੇ ਹਨ। ਉਨਾਂ ਦੱਸਿਆ ਕਿ ਜੋ ਨਾਗਰਿਕ ਸੁਵਿਧਾ ਕੇਂਦਰ ਵੀ ਨਹੀਂ ਆ ਸਕਦੇ ਉਹ ਸਾਡੇ ਫੋਨ ਨੰਬਰ 1076 ਡਾਇਲ ਕਰਕੇ ਇਨ੍ਹਾ ਸੇਵਾਵਾਂ ਦਾ ਲਾਭ ਘਰ ਬੈਠੇ ਵੀ ਪ੍ਰਾਪਤ ਕਰ ਸਕਦੇ ਹਨ।

# ਮਜੀਠਾ ਹਲਕੇ 'ਚ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ, ਕਈ ਪਰਿਵਾਰ ਕਾਂਗਰਸ 'ਚ ਸ਼ਾਮਲ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸਿਆਸਤ ਦੇ ਗਲਿਆਰਿਆਂ ਵਿੱਚ ਹਮੇਸ਼ਾ ਚਰਚਾ ਵਿੱਚ ਰਹਿਣ ਵਾਲੇ ਵਿਧਾਨ ਸਭ ਹਲਕਾ ਮਜੀਠਾ ਵਿੱਚ ਕਈ ਰਾਜਨੀਤਕ ਉਥਲ ਪੁੱਥਲ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਕਿਸੇ ਵੇਲੇ ਅਕਾਲੀ ਪੱਖੀ, ਕਦੇ ਕਾਂਗਰਸ ਪੱਖੀ ਕਹੀ ਜਾਣ ਵਾਲੀ ਇਸ ਸੀਟ 'ਤੇ ਐਡੇ ਵੱਡੇ ਪੰਜਾਬ ਵਿੱਚ ਚੱਲੇ ਤੂਫ਼ਾਨ ਜਿਸ ਵਿੱਚ ਝਾੜੂ ਨੇ 92 ਸੀਟਾਂ ਜਿੱਤ ਕੇ ਇਤਿਹਾਸ ਸਿਰਜਿਆ ਸੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਪਿੰਡ ਅਬਦਾਲ ਵਿੱਚ ਮਨਜੀਤ ਸਿੰਘ ਦੇ ਗ੍ਰਹਿ ਵਿਖੇ ਸੈਂਕੜੇ ਆਮ ਆਦਮੀ ਪਾਰਟੀ ਦੇ ਵਿਅਕਤੀਆਂ ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਲ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਲੋਕਾਂ ਨੂੰ ਲਾਰਿਆਂ ਨਾਲ ਹੀ ਰਜਾਇਆ ਜਾ ਰਿਹਾ ਹੈ ਜਾਂ ਯੁੱਧ ਨਸ਼ਿਆਂ ਵਿਰੁੱਧ ਦੇ ਨਾਮ ਹੇਠ ਸਰਕਾਰੀ ਫੰਡਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਕਿਉਂਕਿ ਨਸ਼ੇ ਤਾਂ ਓਸੇ ਹੀ ਸਪੀਡ ਨਾਲ ਵਿਕ ਰਹੇ ਹਨ। ਇਸ ਮੌਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਮਨਜੀਤ ਸਿੰਘ ਪ੍ਰਧਾਨ, ਮੇਜਰ ਸਿੰਘ, ਸੁਖਦੇਵ ਸਿੰਘ ਜਥੇਦਾਰ, ਦਲਬੀਰ ਸਿੰਘ, ਸੇਵਾ ਮੁਕਤ ਏਐਸਆਈ ਰਣਧੀਰ ਸਿੰਘ, ਰਾਜਵਿੰਦਰ ਸਿੰਘ, ਬਲਵਿੰਦਰ ਸਿੰਘ, ਜਗੀਰ ਸਿੰਘ ਗਿੱਲ, ਸਰਬਜੀਤ ਸਿੰਘ, ਲੱਖਾ ਸਿੰਘ, ਮਨਦੀਪ ਸਿੰਘ, ਹਰਦੀਪ ਸਿੰਘ ਠੇਕੇਦਾਰ, ਅਨੂਪ ਸਿੰਘ ਫੌਜੀ, ਰੋਬਨਪ੍ਰੀਤ ਸਿੰਘ, ਬਲਾਕ ਕਾਂਗਰਸ ਦੇ ਪ੍ਰਧਾਨ ਨਵਤੇਜ ਸਿੰਘ, ਬਲਾਕ ਕਾਂਗਰਸ ਮਜੀਠਾ ਸ਼ਹਿਰੀ ਦੇ ਪ੍ਰਧਾਨ ਨਵਦੀਪ ਸਿੰਘ ਸੋਨਾ, ਸੁਲੱਖਣ ਸਿੰਘ ਕੱਥੂ ਨੰਗਲ, ਡਾ. ਸੁਖਵਿੰਦਰ ਸਿੰਘ ਰੰਧਾਵਾ, ਮੋਹਨ ਸਿੰਘ, ਸਤਨਾਮ ਸਿੰਘ, ਮਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਸਾਹਿਲ ਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਬੀਰ ਸਿੰਘ, ਰੇਸ਼ਮ ਸਿੰਘ, ਲੱਖਾ ਸਿੰਘ, ਰਾਹੁਲ ਸਿੰਘ, ਤਰਲੋਕ ਸਿੰਘ, ਜਸਵੰਤ ਸਿੰਘ, ਗੁਰਜੰਟ ਸਿੰਘ, ਕਸ਼ਮੀਰ ਸਿੰਘ ਠੇਕੇਦਾਰ, ਜਗਰੂਪ ਸਿੰਘ, ਹਰਪਿੰਦਰ ਸਿੰਘ ਗੋਲਡੀ, ਕੁਲਦੀਪ ਸਿੰਘ, ਬਾਬਾ ਅਜਮੇਰ ਸਿੰਘ, ਸੁਖਦੀਪ ਸਿੰਘ, ਵਿਕਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ ਆਦਿ ਆਗੂ ਹਾਜ਼ਰ ਸਨ।

## ਪੰਜਾਬੀ ਸੁਪਰਸਟਾਰ ਐਮੀ ਵਿਰਕ ਵੱਲੋਂ 'ਸਰਬਾਲਾ ਜੀ' ਦੇ ਖਾਸ ਪ੍ਰੀਮੀਅਰ 'ਚ ਸ਼ਿਰਕਤ

**ਅੰਮ੍ਰਿਤਸਰ** : ਪੰਜਾਬੀ ਸੁਪਰਸਟਾਰ ਐਮੀ ਵਿਰਕ ਆਪਣੀ ਆਉਣ ਵਾਲੀ ਫਿਲਮ 'ਸਰਬਾਲਾ ਜੀ' ਦੇ ਵਿਸ਼ੇਸ਼ ਪ੍ਰੀਮੀਅਰ ਦੌਰਾਨ ਮੁੱਖ ਆਕਰਸ਼ਣ ਬਣੇ। ਇਹ ਪ੍ਰੀਮੀਅਰ ਦੁਬਈ ਦੇ ਵੀ ਓ ਐਕਸ ਸਿਨੇਮਾ ਨਕੀਲ ਮਾਲ ਵਿੱਚ ਹੋਇਆ। ਇਸ ਖਾਸ ਸਕ੍ਰੀਨਿੰਗ ਦਾ ਆਯੋਜਨ ਬੀ ਐਨ ਡਬਲਯੂ ਡਿਵੈਲਪਮੈਂਟਸ ਦੇ ਚੇਅਰਮੈਨ ਅੰਕੁਰ ਅਗਰਵਾਲ ਵਲੋਂ ਕੀਤਾ ਗਿਆ। ਇਹ ਸਮਾਰੋਹ ਫਿਲਮ ਦੀ ਗਲੋਬਲ ਰਿਲੀਜ਼ ਤੋਂ ਪਹਿਲਾਂ ਰੱਖਿਆ ਗਿਆ ਸੀ, ਜਿਸ ਦਾ ਉਦੇਸ਼ ਭਾਰਤੀ ਸਿਨੇਮਾ ਅਤੇ ਦੁਬਈ ਦੇ ਜ਼ਿੰਦਾਦਿਲ ਪਰਵਾਸੀ ਭਾਈਚਾਰੇ ਨੂੰ ਇੱਕ ਥਾਂ ਇਕੱਠਾ ਕਰਨਾ ਸੀ। ਐਮੀ ਵਿਰਕ ਨੇ ਖੁਦ ਆਪਣੇ ਚਹੇਤਿਆਂ ਅਤੇ ਮੀਡੀਆ ਨਾਲ ਮੁਲਾਕਾਤ ਕੀਤੀ। ਇਸ ਮੌਕੇ ਬੀ ਐਨ ਡਬਲਯੂ ਲੀਡਰਸ਼ਿਪ ਵੀ ਮੌਜੂਦ ਰਹੀ, ਜਿਸ ਵਿੱਚ ਬੀ ਐਨ ਡਬਲਯੂ ਡਿਵੈਲਪਮੈਂਟਸ ਦੇ ਫਾਊਂਡਰ ਅਤੇ ਚੇਅਰਮੈਨ ਅੰਕੁਰ ਅਗਰਵਾਲ, ਮਸ਼ਹੂਰ ਸਾਬਕਾ ਕ੍ਰਿਕਟਰ ਸ਼੍ਰੀਸੰਤ, ਬਾਲੀਵੁੱਡ ਅਦਾਕਾਰਾ ਡੌਲੀ ਬਿੰਦਰਾ, ਚੈਨਲ ਪਾਰਟਨਰਜ਼, ਟਾਪ ਰੀਅਲ ਅਸਟੇਟ ਏਜੰਟਸ, ਕੰਪਨੀ ਦੇ ਸੀਨੀਅਰ ਅਧਿਕਾਰੀ ਅਤੇ ਮੀਡੀਆ ਨੁਮਾਇੰਦੇ ਸ਼ਾਮਿਲ ਸਨ।

## ਚੇਅਰਮੈਨ ਰਮਨ ਬਹਿਲ ਨੇ ਪੰਜਾਬ ਵਾਚ ਹਾਊਸ ਦੇ ਮਾਲਕਾਂ ਨਾਲ ਕੀਤੀ ਮੁਲਾਕਾਤ

**ਗੁਰਦਾਸਪੁਰ (ਜਨਕ ਮਹਾਜਨ)**- ਬੀਤੀ 17 ਜੁਲਾਈ ਨੂੰ ਗੁਰਦਾਸਪੁਰ ਸ਼ਹਿਰ ਦੇ ਮੇਨ ਬਜ਼ਾਰ ਵਿੱਚ ਪੰਜਾਬ ਵਾਚ ਹਾਊਸ ਨਾਮਕ ਸ਼ੋਅਰੂਮ 'ਤੇ ਗੋਲੀਆਂ ਚਲਾਉਣ ਵਾਲੇ ਦੋ ਦੋਸ਼ੀਆਂ ਵਿੱਚੋਂ ਇੱਕ ਦੋਸ਼ੀ ਫੜੇ ਜਾਣ ਤੋਂ ਬਾਅਦ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵਲੋਂ ਪੰਜਾਬ ਵਾਚ ਹਾਊਸ ਦੇ ਮਾਲਕਾਂ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਪਾਰ ਮੰਡਲ ਗੁਰਦਾਸਪੁਰ ਦੇ ਪ੍ਰਧਾਨ ਰਘੁਬੀਰ ਸਿੰਘ ਖ਼ਾਲਸਾ ਤੇ ਹੋਰ ਆਗੂ ਵੀ ਮੌਜੂਦ ਸਨ। ਪੰਜਾਬ ਵਾਚ ਹਾਊਸ ਦੇ ਮਾਲਕਾਂ ਨਾਲ ਮੁਲਾਕਾਤ ਦੌਰਾਨ ਰਮਨ ਬਹਿਲ ਨੇ ਕਿਹਾ ਕਿ ਜੋ ਬੀਤੀ 17 ਜੁਲਾਈ ਨੂੰ ਗੋਲੀ ਕਾਂਡ ਹੋਇਆ ਸੀ ਉਸ ਦਾ ਇੱਕ ਦੋਸ਼ੀ ਪੁਲਸ ਨੇ ਫੜ ਲਿਆ ਹੈ, ਜਦਕਿ ਦੂਜੇ ਦੋਸ਼ੀ ਨੂੰ ਵੀ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਸ ਅਧਿਕਾਰੀਆਂ ਵੱਲੋਂ ਪੂਰੀ ਗਹਿਰਾਈ ਨਾਲ ਇਸ ਸਾਜ਼ਿਸ਼ ਦਾ ਪਤਾ ਲਗਾਇਆ ਜਾ ਰਿਹਾ ਹੈ ਅਤੇ ਇਸ ਘਟਨਾ ਦੇ ਸਾਰੇ ਜ਼ਿੰਮੇਵਾਰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਸੱਤ ਨੌਜਵਾਨਾਂ 'ਤੇ ਝੂਠੇ ਕੇਸ ਬਣਾਉਣ ਵਿਰੁੱਧ ਪੁਲਸ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਜਨਤਕ ਜਥੇਬੰਦੀਆਂ ਦੀ ਭਰਵੀਂ ਮੀਟਿੰਗ ਸਮਾਜ ਸੇਵਕ ਸਾਬਕਾ ਸਰਪੰਚ ਮਹਿੰਗਾ ਸਿੰਘ ਪੂੰਗਾ ਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਮੀਤ ਪ੍ਰਧਾਨ ਸ਼ਮਸ਼ੇਰ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਹੋਈ, ਜਿੱਥੇ ਪਿੰਡ ਪੂੰਗਾ ਦੇ 7 ਨੌਜਵਾਨਾਂ ਤੇ ਵਿਰੁੱਧ ਐਸ ਐਚ ਓ ਅਜਨਾਲਾ ਮੁਖਤਿਆਰ ਸਿੰਘ ਵਲੋਂ ਝੂਠਾ ਕੇਸ 179/2025 ਬਣਾਉਣ ਵਿਰੁੱਧ ਪੁਲਸ ਪ੍ਰਸ਼ਾਸਨ ਦੀ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਮੀਟਿੰਗ 'ਚ ਇਹ ਫੈਸਲਾ ਕੀਤਾ ਗਿਆ ਕਿ ਇਕ ਵੱਡਾ ਵਫ਼ਦ ਡੀ ਐਸ ਪੀ ਅਜਨਾਲਾ ਨੂੰ ਮਿਲ ਕੇ ਇਸ ਝੂਠੇ ਕੇਸ ਨੂੰ ਰੱਦ ਕਰਵਾਉਣ ਲਈ ਕਹੇਗਾ। ਜੇਕਰ ਡੀ ਐਸ ਪੀ ਅਜਨਾਲਾ ਵਲੋਂ ਇਸ ਕੇਸ ਨੂੰ ਰੱਦ ਨਾ ਕੀਤਾ ਗਿਆ ਤਾਂ ਮਿਤੀ 28 ਜੁਲਾਈ ਨੂੰ ਅਜਨਾਲਾ ਥਾਣਾ ਸਾਹਮਣੇ ਜਨਤਕ ਜਥੇਬੰਦੀਆਂ ਵੱਲੋਂ ਜ਼ਬਰਦਸਤ ਧਰਨਾ ਦਿੱਤਾ ਜਾਵੇਗਾ, ਜਿਸ ਵਿਚ ਇਲਾਕੇ ਭਰ ਵਿੱਚੋਂ ਸੈਂਕੜੇ ਨੌਜਵਾਨ , ਕਿਸਾਨ, ਮਜ਼ਦੂਰ ਤੇ ਔਰਤਾਂ ਵੀ ਸ਼ਾਮਲ ਹੋਣਗੀਆਂ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਬਾਕਾ ਮੈਂਬਰ ਦਲੀਪ ਸਿੰਘ ਪੂੰਗਾ, ਕਾਲਾ ਸਿੰਘ, ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਤਹਿਸੀਲ ਪ੍ਰਧਾਨ ਜੱਗਾ ਸਿੰਘ ਡੱਲਾ ਰਾਜਪੂਤਾਂ, ਉੱਘੇ ਸਮਾਜ ਸੇਵਕ ਪ੍ਰੋਫੈਸਰ ਮਲਿਕ ਸਿੰਘ ਗੁਰਾਲਾ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਰਾਣਾ ਸਿੰਘ ਪੂੰਗਾ, ਲਾਭ ਸਿੰਘ, ਗੁਰਨਾਮ ਸਿੰਘ, ਗੁਰਮੇਜ ਸਿੰਘ, ਮੇਜਰ ਸਿੰਘ, ਕਾਲਾ ਸਿੰਘ, ਆਦਿ ਨੇ ਵੀ ਮੀਟਿੰਗ ਵਿਚ ਪੁਲਿਸ ਵਧੀਕੀਆਂ ਵਿਰੁੱਧ ਬੋਲਦਿਆ ਕਿਹਾ ਕਿ ਇਸ ਇਲਾਕੇ ਵਿਚ ਦਿਨ ਬਦਿਨ ਕਾਨੂੰਨ ਦੀ ਹਾਲਤ ਖਰਾਬ ਹੋ ਰਹੀ ਹੈ, ਚੋਰੀਆਂ ਤੇ ਡਾਕੇ ਵਧ ਰਹੇ ਹਨ, ਲਗਾਤਾਰ ਸਰਹੱਦ 'ਤੇ ਡਰੋਨਾਂ ਰਾਹੀਂ ਨਸ਼ਾ ਤਸਕਰੀ ਹੋ ਰਹੀ ਹੈ ਅਤੇ ਪਾਕਿਸਤਾਨ ਤੋਂ ਹਥਿਆਰ ਗੁੰਡਿਆਂ ਕੋਲ ਪਹੁੰਚ ਰਹੇ ਹਨ, ਪ੍ਰੰਤੂ ਪੁਲਸ ਵੱਲੋਂ ਇਹਨਾਂ 'ਤੇ ਕਾਰਵਾਈ ਕਰਨ ਦੀ ਬਜਾਏ, ਗਰੀਬ ਲੋਕਾਂ 'ਤੇ ਨਜਾਇਜ਼ ਪਰਚੇ ਕੀਤੇ ਜਾ ਰਹੇ ਹਨ।

# ਆਜ਼ਾਦੀ ਦਿਵਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਇਸ ਵਾਰ ਵੀ 15 ਅਗਸਤ ਨੂੰ ਆਜ਼ਾਦੀ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਆਜ਼ਾਦੀ ਦਿਵਸ ਮਨਾਉਣ ਸਬੰਧੀ ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਨਗਰ ਨਿਗਮ ਦਫਤਰ ਬਟਾਲਾ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਆਜ਼ਾਦੀ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸ ਨੂੰ ਪੂਰੇ ਚਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਤਹਿਸੀਲਦਾਰ ਅਰਜਨ ਸਿੰਘ ਗਰੇਵਾਲ, ਡੀ.ਐੱਸ.ਪੀ.(ਐੱਚ) ਤੇਜਿੰਦਰਪਾਲ ਸਿੰਘ ਅਤੇ ਡੀ.ਐੱਸ.ਪੀ.(ਸਿਟੀ) ਸੰਜੀਵ ਕੁਮਾਰ ਹਾਜ਼ਰ ਸਨ। ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਪਾਂਥੇ ਨੇ ਅੱਗੇ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਪੁਲਸ ਜਵਾਨਾਂ, ਪੰਜਾਬ ਹੋਮਗਾਰਡ ਅਤੇ ਐੱਨ.ਐੱਨ.ਸੀ. ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸੇ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਬੈਂਡ ਦੇ ਮਾਰਚ ਪਾਸਟ 'ਚ ਹਿੱਸਾ ਲਿਆ ਜਾਵੇਗਾ। ਆਜ਼ਾਦੀ ਦਿਵਸ ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮਾਰਚ ਪਾਸਟ (ਬੈਂਡ/ਐਨ.ਸੀ.ਸੀ ਕੈਡਿਟ) ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਰਿਹਰਸਲ 8 ਅਤੇ 11 ਅਗਸਤ ਨੂੰ ਪੁਲਸ ਲਾਈਨ ਬਟਾਲਾ ਵਿਖੇ ਸਵੇਰੇ 9 ਵਜੇ ਤੋਂ ਹੋਵੇਗੀ, ਜਦਕਿ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਸਮਾਗਮ ਵਾਲੀ ਥਾਂ ਰਾਜੀਵ ਗਾਂਧੀ ਸਟੇਡੀਅਮ ਵਿਖੇ ਹੋਵੇਗੀ। ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 8 ਅਤੇ 11 ਅਗਸਤ ਨੂੰ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਆਡੋਟੋਰੀਅਮ, ਜਲੰਧਰ ਰੋਡ ਬਟਾਲਾ ਵਿਖੇ ਸਵੇਰੇ 9 ਵਜੇ ਤੋਂ ਹੋਵੇਗੀ। ਜਦਕਿ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਸਮਾਗਮ ਵਾਲੀ ਥਾਂ ਰਾਜੀਵ ਗਾਂਧੀ ਸਟੇਡੀਅਮ ਵਿਖੇ ਹੋਵੇਗੀ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਲੋਕਾਂ ਦੇ ਬੈਠਣ, ਪੀਣ ਲਈ ਸਾਫ ਪਾਣੀ ਅਤੇ ਵਾਹਨਾਂ ਲਈ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਇਸ ਮੌਕੇ ਉਨਾਂ ਨਗਰ ਕੌਂਸਲ ਬਟਾਲਾ ਨੂੰ ਹਦਾਇਤ ਕੀਤੀ ਕਿ ਸਮਾਗਮ ਵਾਲੇ ਸਥਾਨ ਅਤੇ ਸ਼ਹਿਰ ਵਿੱਚ ਸਫ਼ਾਈ ਦੇ ਪ੍ਰਬੰਧਾਂ ਦਾ ਖਾਸ ਖਿਆਲ ਰੱਖਿਆ ਜਾਵੇ। ਮੀਟਿੰਗ ਵਿੱਚ ਸੁਪਰਡੈਂਟ ਸੁੰਦਰ ਸ਼ਰਮਾ, ਐਸ.ਐੱਚ.ਓ ਟਰੈਫਿਕ ਸੁਖਵਿੰਦਰ ਸਿੰਘ, ਡਾ. ਸਤਿੰਦਰ ਕੌਰ, ਸ਼ਸ਼ੀ ਭੂਸ਼ਨ ਵਰਮਾ ਐਮ ਡੀ, ਐਫ.ਸੀ ਵਰਮਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭੰਡਾਰੀ ਗੇਟ ਬਟਾਲਾ, ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਕੂਲਾਂ ਦੇ ਨੁਮਾਇੰਦੇ ਹਾਜ਼ਰ ਸਨ।

## ਇਮਾਨਦਾਰੀ ਨਾਲ ਕੰਮ ਕਰਨ ਵਾਲੇ ਅਫਸਰਾਂ ਦਾ ਆਲ ਇੰਡੀਆ ਯੋਧਾ ਸੰਘਰਸ਼ ਦਲ ਦੇ ਵੱਲੋਂ ਸਨਮਾਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਆਲ ਇੰਡੀਆ ਜੋਧਾ ਸੰਘਰਸ਼ ਦਲ ਵੱਲੋਂ ਕੌਮੀ ਪ੍ਰਧਾਨ ਸੁਖਵੰਤ ਸਿੰਘ ਭੋਮਾ ਅਤੇ ਪੰਜਾਬ ਪ੍ਰਧਾਨ ਹਰਦੀਪ ਸਿੰਘ ਸ਼ਾਹ ਕਾਦੀਆਂ ਦੀ ਅਗਵਾਈ ਵਿੱਚ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਅਤੇ ਪੜ੍ਹੇ ਲਿਖੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਅਫਸਰਾਂ ਦਾ ਸਨਮਾਨ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਜਥੇਬੰਦੀ ਦੇ ਵੱਲੋਂ ਸਮਾਜ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ ,ਜਿਹਦੇ ਚਲਦਿਆਂ ਜਥੇਬੰਦੀ ਦੇ ਵੱਲੋਂ ਵੱਖ-ਵੱਖ ਵਿਭਾਗਾਂ ਦੇ ਵਿੱਚ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਸੂਝਵਾਨ ਅਫਸਰਾਂ ਦਾ ਸਨਮਾਨ ਕੀਤਾ ਜਾ ਰਿਹਾ ਜਿਸ ਦੇ ਤਹਿਤ ਐੱਸਡੀਐੱਮ ਸਭ ਡਿਵੀਜ਼ਨ ਲੋਪੋਕੇ ਅਤੇ ਉਨ੍ਹਾਂ ਦੇ ਰੀਡਰ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਨਮਾਨ ਲੈਣ ਉਪਰੰਤ ਅਫਸਰਾਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ ਅਤੇ ਭਵਿੱਖ ਵਿੱਚ ਵੀ ਜਥੇਬੰਦੀ ਨੂੰ ਉਨਾਂ ਵੱਲੋਂ ਪੂਰਾ ਸਹਿਯੋਗ ਕੀਤਾ ਜਾਵੇਗਾ ।ਇਸ ਮੌਕੇ ਉਨ੍ਹਾਂ ਤੋਂ ਇਲਾਵਾ ਕੌਮੀ ਪ੍ਰਧਾਨ ਸੁਖਵੰਤ ਸਿੰਘ ਭੋਮਾ,ਪੰਜਾਬ ਪ੍ਰਧਾਨ ਹਰਦੀਪ ਸਿੰਘ ਸ਼ਾਹ ਕਾਦੀਆਂ, ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਖਜਾਨਚੀ ਦੇਵ ਸੁਖਪਾਲ ਸਿੰਘ ਸੇਖਵਾਂ, ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਸਤਨਾਮ ਸਿੰਘ ਬਸਰਾਵਾਂ, ਹੀਰਾ ਸਿੰਘ ਭੋਮਾ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਸਾਹਿਬ ਦਿਹਾਤੀ, ਨਰਿੰਦਰ ਸਿੰਘ ਪ੍ਰਧਾਨ ਫਤਿਹਗੜ੍ਹ ਚੂੜੀਆਂ, ਮਨਜੀਤ ਸਿੰਘ ਕਾਹਲੋਂ ਜਨਰਲ ਸਕੱਤਰ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦਿਹਾਤੀ ਆਦਿ ਹਾਜ਼ਰ ਸਨ।

# ਨੈਸ਼ਨਲ ਸੈਂਪਲ ਸਰਵੇ ਦੀ 75ਵੀਂ ਵਰ੍ਹੇਗੰਢ ਮੌਕੇ ਪ੍ਰੋਗਰਾਮ ਦਾ ਆਯੋਜਨ



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਭਾਰਤ ਦੇ ਨੀਤੀ ਨਿਰਮਾਣ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਨੈਸ਼ਨਲ ਸੈਂਪਲ ਸਰਵੇ ਦੀ 75ਵੀਂ ਵਰ੍ਹੇਗੰਢ ਮੌਕੇ ਕੌਮੀ ਅੰਕੜਾ ਦਫ਼ਤਰ, ਜਲੰਧਰ ਨੇ ਵੀਰਵਾਰ ਨੂੰ ਰੇਲ ਕੋਚ ਫੈਕਟਰੀ, ਕਪੂਰਥਲਾ ਵਿਖੇ ਇੱਕ ਐਨ ਐੱਸ ਐੱਸ ਬੂਥ ਲਾਇਆ । ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਨੇ ਐਨ ਐੱਸ ਐੱਸ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਅਤੇ ਸਰਵੇਖਣਾਂ ਨੂੰ ਦਰਸਾਉਂਦੇ ਹੋਏ ਪੈਂਫਲੇਟ ਵੰਡੇ, ਜਿਸ ਦਾ ਵਿਸ਼ਾ ਸੀ: ਐਨ ਐੱਸ ਐੱਸ ਇੱਕ ਸ਼ਾਨਦਾਰ ਅਤੀਤ ਤੋਂ ਵਿਕਸਤ ਭਾਰਤ ਲਈ ਇੱਕ ਉਜਵਲ ਭਵਿੱਖ।ਇਸ ਪ੍ਰੋਗਰਾਮ ਦੌਰਾਨ ਅਰੁਣ ਕੁਮਾਰ, ਸਹਾਇਕ ਨਿਦੇਸ਼ਕ, ਉਮੇਸ਼ ਕੁਮਾਰ ਲਿਮ ?ਬੂ, ਬਲਰਾਮ ਸਿੰਘ ਅਤੇ ਸ੍ਰੀਮਤੀ ਮਨੀਸ਼ਾ, ਰਾਹੁਲ ਸ਼ਰਮਾ, ਸੀਨੀਅਰ ਸਟੈਟਿਸਟਿਕਲ ਅਫ਼ਸਰ, ਅਤੇ ਬਲਵਿੰਦਰ ਕੌਰ, ਸੋਨਿਕਾ ਅਤਰੀ, ਰਵਿੰਦਰ, ਚੇਤਨ ਕੁਮਾਰ ਅਤੇ ਸਤਨਾਮ ਸਿੰਘ ਮੌਜੂਦ ਸਨ ।ਕੌਮੀ ਅੰਕੜਾ ਦਫ਼ਤਰ ਜੋ ਕਿ ਅੰਕੜਾ ਅਤੇ ਕਾਰਜਕ੍ਰਮ ਲਾਗੂਕਰਨ ਮੰਤਰਾਲੇ ਦੇ ਅਧੀਨ ਹੈ, 1950 ਤੋਂ ਦੇਸ਼ ਦੀ ਸੇਵਾ ਵਿੱਚ ਹੈ। ਐਨ ਐੱਸ ਐੱਸ ਅਕਤੂਬਰ 2024 ਤੋਂ ਸਤੰਬਰ 2025 ਤੱਕ ਆਪਣੇ ਸਰਵੇਖਣਾਂ ਦੀ 75 ਸਾਲਾਂ ਦੀ ਯਾਤਰਾ ਦਾ ਜਸ਼ਨ ਮਨਾ ਰਿਹਾ ਹੈ। ਐਨ ਐੱਸ ਐੱਸ ਦੇਸ਼-ਪੱਧਰੀ ਵੱਡੇ ਪੈਮਾਨੇ ਦੇ ਨਮੂਨਾ ਸਰਵੇਖਣਾਂ ਰਾਹੀਂ ਵੱਖ-ਵੱਖ ਸਮਾਜਿਕ-ਆਰਥਿਕ ਪੈਮਾਨਿਆਂ 'ਤੇ ਮਜ਼ਬੂਤ ਡਾਟਾਬੇਸ ਵਿਕਸਤ ਕਰ ਰਿਹਾ ਹੈ, ਜਿਸ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਵਿਕਾਸ ਯੋਜਨਾ ਅਤੇ ਨੀਤੀ ਬਣਾਉਣ ਵਿੱਚ ਮਦਦ ਕੀਤੀ ਹੈ।

# ਮੈਨਕਾਈਂਡ ਐਗਰੀਟੈਕ ਪੰਜਾਬ ਵੱਲੋਂ ਕਿਸਾਨ ਸਿਖਲਾਈ ਤੇ ਜਾਗਰੂਕਤਾ ਕੈਂਪ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਮੈਨਕਾਈਂਡ ਐਗਰੀਟੈਕ ਪੰਜਾਬ ਵੱਲੋਂ ਜਗਤਪੁਰਾ ਖੇਤੀ ਸਟੋਰ ਅੱਡਾ ਮੰਨਣ ਦੇ ਮਾਲਕ ਆੜ੍ਹਤੀ ਅੰਗਰੇਜ਼ ਸਿੰਘ ਸੰਧੂ ਜਗਤਪੁਰਾ, ਕਸ਼ਮੀਰ ਸਿੰਘ ਸੰਧੂ, ਗੁਰਮੇਜ ਸਿੰਘ ਰੰਧਾਵਾ, ਤੇਜਿੰਦਰ ਸਿੰਘ ਲਾਡੀ ਸੰਧੂ ਜਗਤਪੁਰਾ, ਜਸਬੀਰ ਸਿੰਘ ਸੰਧੂ ਜਗਤਪੁਰਾ, ਗੁਰਮੀਤ ਸਿੰਘ ਸੰਧੂ ਜਗਤਪੁਰਾ, ਬਲਵਿੰਦਰ ਸਿੰਘ ਸੰਧੂ ਦੇ ਵੱਡਮੁੱਲੇ ਸਹਿਯੋਗ ਨਾਲ ਕਸਬਾ ਝਬਾਲ ਦੇ ਬੀ. ਐੱਸ. ਰਿਜ਼ੋਰਟ ਅੰਮ੍ਰਿਤਸਰ ਰੋਡ ਝਬਾਲ ਵਿਖੇ ਕਿਸਾਨ ਸਿਖਲਾਈ ਤੇ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਸੈਂਕੜੇ ਕਿਸਾਨਾਂ ਨੇ ਭਾਗ ਲਿਆ।ਇਸ ਮੌਕੇ ਮੈਨਕਾਈਂਡ ਐਗਰੀਟੈਕ ਪੰਜਾਬ ਦੇ ਅਧਿਕਾਰੀ ਡਾ. ਸੁਦਰਸ਼ਨ ਸ਼ਰਮਾ, ਬ੍ਰਜੇਸ਼ ਸ੍ਰੀਵਾਸਤਵ ਅਤੇ ਏਰੀਆ ਮੈਨੇਜਰ ਹਰਮਿੰਦਰ ਸਿੰਘ ਸੰਧੂ ਨੇ ਵੱਡੀ ਗਿਣਤੀ ਵਿੱਚ ਇਕੱਤਰ ਕਿਸਾਨਾਂ ਨੂੰ ਝੋਨੇ, ਕਣਕ ਤੇ ਮੱਕੀ ਆਦਿ ਦੀਆਂ ਫ਼ਸਲਾਂ ਦੇ ਵੱਧ ਝਾੜ ਲੈਣ ਅਤੇ ਫ਼ਸਲੀ ਬਿਮਾਰੀਆਂ ਤੇ ਕੀੜਿਆ ਨੂੰ ਖਤਮ ਕਰਨ ਲਈ ਲੋੜ ਪੈਣ ਤੇ ਸਮੇਂ ਸਮੇਂ ਮੈਨਕਾਈਂਡ ਐਗਰੀਟੈਕ ਪੰਜਾਬ ਦੀਆਂ ਵੱਖ-ਵੱਖ ਕੀਟਨਾਸ਼ਕ ਦਵਾਈਆਂ ਵਰਤਣ ਦੀ ਸਲਾਹ ਦਿੰਦਿਆਂ ਇਸ ਸਮੇਂ ਝੋਨੇ ਦੀ ਫ਼ਸਲ ਨੂੰ ਬਿਮਾਰੀਆਂ ਤੇ ਉਨ੍ਹਾਂ ਦੇ ਹੁੰਦੇ ਨੁਕਸਾਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਕਸ਼ਮੀਰ ਸਿੰਘ ਸੰਧੂ ਜਗਤਪੁਰਾ, ਗੁਰਮੇਜ ਸਿੰਘ ਰੰਧਾਵਾ ਜਗਤਪੁਰਾ, ਆੜ੍ਹਤੀ ਗੁਰਜੀਤ ਸਿੰਘ ਝਬਾਲ, ਕੁਲਦੀਪ ਸਿੰਘ ਪ੍ਰਧਾਨ ਕਿਸਾਨ ਯੂਨੀਅਨ, ਬਲਵਿੰਦਰ ਸਿੰਘ ਸੰਧੂ, ਜਥੇਦਾਰ ਕਸ਼ਮੀਰ ਸਿੰਘ ਮੰਨਣ, ਭੁਪਿੰਦਰ ਸਿੰਘ ਗੱਗੋਬੂਹਾ, ਹਰਪ੍ਰੀਤ ਸਿੰਘ ਹੈਪੀ ਨਗਰ, ਸਿਮਰਜੀਤ ਸਿੰਘ ਅਚਿੰਤਕੋਟ, ਡਾ. ਜਸਵਿੰਦਰ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਨਸ਼ਾ ਪੀੜਤ ਖੁਦ ਨਸ਼ਿਆਂ ਤੋਂ ਮੁਕਤ ਹੋ ਕੇ ਸਮਾਜਿਕ ਵਿਕਾਸ 'ਚ ਆਪਣਾ ਬਣਦਾ ਯੋਗਦਾਨ ਪਾਉਣ: ਅੰਮ੍ਰਿਤ ਕਲਸੀ



**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਦੀ ਅਗਵਾਈ ਹਲਕੇ ਅੰਦਰ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਨ ਲਈ ਲਗਾਤਾਰ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਨ ਸਭਾਵਾਂ ਕੀਤੀਆਂ ਜਾ ਰਹੀਆਂ ਹਨ।ਪੰਜਾਬ ਸਰਕਾਰ ਵਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡ ਪੈਰੋਸ਼ਾਹ, ਸਤਕੋਹਾ ਅਤੇ ਸੰਤਨਗਰ ਵਿਖੇ 'ਨਸ਼ਾ ਮੁਕਤੀ ਯਾਤਰਾਵਾਂ' ਕੀਤੀਆਂ ਗਈਆਂ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ, ਮਨਦੀਪ ਸਿੰਘ ਗਿੱਲ, ਜ਼ਿਲ੍ਹਾ ਯੂਥ ਆਗੂ ਗੁਰਦਾਸਪੁਰ, ਮਨਜੀਤ ਸਿੰਘ ਬੁਮਰਾਹ ਵਾਇਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ, ਮਾਸਟਰ ਸੁਖਦੇਵ ਸਿੰਘ, ਸਰਪੰਚ ਪ੍ਰਭਦੀਪਕ ਸਿੰਘ, ਸਰਪੰਚ ਸਤਨਾਮ ਸਿੰਘ, ਸਾਬੀ, ਕਰਮ ਸਿੰਘ, ਵਿਲਸਨ ਸਤਕੋਹਾ ਅਤੇ ਪਿੰਡ ਵਾਸੀ ਮੌਜੂਦ ਸਨ।ਅੰਮ੍ਰਿਤ ਕਲਸੀ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਹਿਲੀ ਮਾਰਚ ਤੋਂ ਸ਼ੁਰੂ ਹੋਇਆ ਯੁੱਧ ਨਸ਼ਿਆ ਵਿਰੁੱਧ ਨਿਰਣਾਇਕ ਦੌਰ ਵਿੱਚ ਪੁੱਜ ਗਿਆ ਹੈ ਅਤੇ ਲਗਾਤਾਰ ਨਸ਼ਾ ਤਸਕਰਾਂ ਵਿਰੁੱਧ ਨਕੇਲ ਕੱਸੀ ਜਾ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਪੀੜਤਾਂ ਦਾ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਨਸ਼ਾ ਪੀੜਤਾਂ ਨੂੰ ਸੱਦਾ ਦਿੰਦਿਆ ਕਿਹਾ ਕਿ ਉਨ੍ਹਾਂ ਨੂੰ ਝਿਜਕਣਾ ਨਹੀਂ ਚਾਹੀਦਾ ਅਤੇ ਉਹ ਨਸ਼ਿਆਂ ਤੋਂ ਪੱਕੇ ਤੌਰ 'ਤੇ ਛੁਟਕਾਰਾ ਪਾਉਣ ਤੇ ਮੁੱਖ ਧਾਰਾ ਵਿੱਚ ਪਰਤ ਕੇ ਸਮਾਜਿਕ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ ਲਈ ਆਪਣੇ ਪਰਿਵਾਰਕ ਮੈਂਬਰਾਂ ਜਾਂ ਗ੍ਰਾਮ ਪੰਚਾਇਤਾਂ ਰਾਹੀਂ ਪੰਜਾਬ ਸਰਕਾਰ ਵਲੋਂ ਮੁਫ਼ਤ ਇਲਾਜ ਲਈ ਸੰਚਾਲਿਤ ਨਸ਼ਾ ਛਡਾਊ ਕੇਂਦਰਾਂ ਵਿੱਚ ਇਲਾਜ ਲਈ ਭਰਤੀ ਹੋਣ ਲਈ ਬਿਨਾਂ ਝਿਜਕ ਤੋਂ ਅੱਗੇ ਆਉਣਾ ਚਾਹੀਦਾ ਹੈ।

26-July-PAGE-4.qxd 7/25/2025 11:10 PM Page 1



# ਪਛੜਿਆਂ ਨਾਲ ਘੋਰ ਵਿਤਕਰਾ

*ਜਨਤਕ ਰੈਲੀਆਂ ਵਿੱਚ ਖੁਦ ਨੂੰ ਪਛੜੇ ਵਰਗ ਤੋਂ ਹੋਣ ਦਾ ਦਾਅਵਾ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਵਿੱਚ ਕੇਂਦਰੀ ਯੂਨੀਵਰਸਿਟੀਆਂ ਵਿੱਚ ਓ ਬੀ ਸੀ ਲਈ ਰਿਜ਼ਰਵ ਅਹੁਦਿਆਂ ਵਿੱਚੋਂ 80 ਫੀਸਦੀ ਖਾਲੀ ਪਏ ਹਨ। ਕੇਂਦਰੀ ਸਿੱਖਿਆ ਰਾਜ ਮੰਤਰੀ ਸੁਕਾਂਤਤ ਮਜੂਮਦਾਰ ਨੇ ਰਾਜ ਸਭਾ ਵਿੱਚ ਰਾਜਦ ਦੇ ਮੈਂਬਰ ਪ੍ਰੋਫੈਸਰ ਮਨੋਜ ਝਾਅ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਇਹ ਖੁਲਾਸਾ ਕੀਤਾ। 30 ਜੂਨ 2025 ਦੀ ਸਥਿਤੀ ਮੁਤਾਬਕ ਪ੍ਰੋਫੈਸਰਾਂ ਲਈ ਓ ਬੀ ਸੀ ਦੇ 423 ਅਹੁਦਿਆਂ ਵਿੱਚੋਂ ਸਿਰਫ 84 ਭਰੇ ਸਨ, ਯਾਨਿ ਕਿ 80 ਫੀਸਦੀ ਖਾਲੀ। ਐੱਸ ਟੀ 144 ਵਿੱਚੋਂ ਸਿਰਫ 24 ਭਰੇ ਸਨ, ਯਾਨਿ ਕਿ 83 ਫੀਸਦੀ ਖਾਲੀ। ਐੱਸ ਸੀ ਦੇ 308 ਵਿੱਚੋਂ ਸਿਰਫ 111 ਭਰੇ ਸਨ, ਯਾਨਿ ਕਿ 64 ਫੀਸਦੀ ਖਾਲੀ। ਐਸੋਸੀਏਟ ਪ੍ਰੋਫੈਸਰ ਦੇ ਐੱਸ ਸੀ 632 ਵਿੱਚੋਂ 308, ਐੱਸ ਟੀ 307 ਵਿੱਚੋਂ 108 ਤੇ ਓ ਬੀ ਸੀ ਦੇ 883 ਵਿੱਚੋਂ ਸਿਰਫ 275 ਹੀ ਭਰੇ ਸਨ। ਅਸਿਸਟੈਂਟ ਪ੍ਰੋਫੈਸਰਾਂ ਦੇ ਐੱਸ ਸੀ ਦੇ 1370 ਵਿੱਚੋਂ 1180, ਐੱਸ ਟੀ ਦੇ 704 ਵਿੱਚੋਂ 595 ਤੇ ਓ ਬੀ ਸੀ ਦੇ 2382 ਵਿੱਚੋਂ 1838 ਭਰੇ ਸਨ। ਆਮ ਸ਼੍ਰੇਣੀਆਂ ਵਿੱਚ ਪ੍ਰੋਫੈਸਰਾਂ ਦੇ 1538 ਵਿੱਚੋਂ 935 ਭਰੇ ਸਨ, ਯਾਨਿ 39 ਫੀਸਦੀ ਖਾਲੀ। ਐਸੋਸੀਏਟ ਪ੍ਰੋਫੈਸਰਾਂ ਦੇ 3013 ਵਿੱਚੋਂ 2533 ਭਰੇ ਸਨ, ਯਾਨਿ ਕਿ ਸਿਰਫ 16 ਫੀਸਦੀ ਖਾਲੀ ਤੇ ਅਸਿਸਟੈਂਟ ਪ੍ਰੋਫੈਸਰਾਂ ਦੇ 2021 ਅਹੁਦਿਆਂ ਵਿੱਚੋਂ ਕੋਈ ਖਾਲੀ ਨਹੀਂ ਸੀ।*

*ਇਨ੍ਹਾਂ ਅੰਕੜਿਆਂ ਤੋਂ ਸਾਫ ਹੈ ਕਿ ਰਿਜ਼ਰਵ ਸ਼੍ਰੇਣੀਆਂ ਵਿੱਚ ਖਾਲੀ ਅਹੁਦਿਆਂ ਦਾ ਫੀਸਦ ਆਮ ਸ਼੍ਰੇਣੀਆਂ ਦੀ ਤੁਲਨਾ ਵਿੱਚ ਅਸਾਧਾਰਨ ਤੌਰ 'ਤੇ ਵੱਧ ਹੈ। ਅਸਿਸਟੈਂਟ ਪ੍ਰੋਫੈਸਰਾਂ ਦੇ ਪੱਧਰ 'ਤੇ ਖਾਲੀ ਅਸਾਮੀਆਂ ਮੁਕਾਬਲਤਨ ਘੱਟ ਹਨ, ਕਿਉਂਕਿ ਉਹ ਪ੍ਰਵੇਸ਼ ਪੱਧਰ ਦਾ ਅਹੁਦਾ ਹੈ, ਜਿੱਥੇ ਨਿਯੁਕਤੀਆਂ ਨੂੰ ਰੋਕਣਾ ਥੋੜ੍ਹਾ ਔਖਾ ਹੈ, ਪਰ ਪ੍ਰੋਫੈਸਰ ਤੇ ਐਸੋਸੀਏਟ ਪ੍ਰੋਫੈਸਰ ਵਰਗੇ ਅਹੁਦਿਆਂ 'ਤੇ ਵੱਡੇ ਪੈਮਾਨੇ 'ਤੇ ਅਸਾਮੀਆਂ ਦਾ ਨਾ ਭਰਿਆ ਜਾਣਾ ਚਿੰਤਾਜਨਕ ਹੈ। ਰਿਜ਼ਰਵ ਵਰਗਾਂ ਦੇ ਨੁਮਾਇੰਦੇ ਅਕਸਰ 'ਨਨ ਫਾਊਂਡ ਸੂਟੇਬਲ (ਐੱਨ ਐੱਫ ਐੱਸ—ਯੋਗ ਉਮੀਦਵਾਰ ਨਹੀਂ ਲੱਭਾ) ਦੇ ਨਾਂਅ 'ਤੇ ਚੱਲ ਰਹੇ ਖੜਯੰਤਰ ਦਾ ਹਵਾਲਾ ਦਿੰਦੇ ਹਨ। ਸਾਂਸਦ ਮਨੋਜ ਝਾਅ ਨੇ ਵੀ ਇਸ ਦਾ ਅੰਕੜਾ ਮੰਨਿਆ ਸੀ, ਪਰ ਸਰਕਾਰ ਦਾ ਕਹਿਣਾ ਹੈ ਕਿ ਐੱਨ ਐੱਫ ਐੱਸ ਦਾ ਕੇਂਦਰੀ ਪੱਧਰ 'ਤੇ ਕੋਈ ਡਾਟਾ ਨਹੀਂ ਰੱਖਿਆ ਜਾਂਦਾ। ਦੋਸ਼ ਹੈ ਕਿ ਇੰਟਰਵਿਊ ਦੇ ਬਾਅਦ ਕਹਿ ਦਿੱਤਾ ਜਾਂਦਾ ਹੈ ਕਿ ਕੋਈ ਵੀ ਯੋਗ ਨਹੀਂ ਮਿਲਿਆ। ਬਾਅਦ ਵਿੱਚ ਇਸ ਅਹੁਦੇ ਨੂੰ ਜਨਰਲ ਐਲਾਨ ਦਿੱਤਾ ਜਾਂਦਾ ਹੈ।*

*ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਦੇ ਸਾਬਕਾ ਚੇਅਰਮੈਨ ਪ੍ਰੋਫੈਸਰ ਸੁਖਦੇਵ ਥੋਰਾਟ ਨੇ 2007 ਵਿੱਚ ਉੱਚ ਸਿੱਖਿਆ ਵਿੱਚ ਜਾਤੀਗਤ ਭੇਦਭਾਵ 'ਤੇ ਇੱਕ ਅਧਿਐਨ ਕਰਕੇ ਪੁਸ਼ਟੀ ਕੀਤੀ ਸੀ ਕਿ ਉੱਚ ਸਿੱਖਿਆ ਸੰਸਥਾਨਾਂ ਵਿੱਚ ਜਾਤੀਗਤ ਭੇਦਭਾਵ ਇੱਕ ਗੰਭੀਰ ਸਮੱਸਿਆ ਹੈ। ਰਿਜ਼ਰਵ ਦਾ ਉਦੇਸ਼ ਭੇਦਭਾਵ ਖਤਮ ਕਰਨਾ ਹੈ, ਪਰ ਸਿਖਰਲੇ ਅਹੁਦਿਆਂ 'ਤੇ ਰਿਜ਼ਰਵ ਸ਼੍ਰੇਣੀਆਂ ਦੀ ਭਾਗੀਦਾਰੀ ਨਾਮਾਤਰ ਹੈ, ਜਿਹੜੀ ਸਿਸਟਮ ਵਿੱਚ ਪੱਖਪਾਤ ਵੱਲ ਇਸ਼ਾਰਾ ਕਰਦੀ ਹੈ।*

*ਵਾਈਸ ਚਾਂਸਲਰਾਂ ਦੀਆਂ ਨਿਯਕਤੀਆਂ ਵਿੱਚ ਵੀ ਇਹੀ ਸਥਿਤੀ ਹੈ। 1078 ਯੂਨੀਵਰਸਿਟੀਆਂ (54 ਕੇਂਦਰੀ, 464 ਰਾਜ, 432 ਨਿੱਜੀ, 128 ਡੀਮਡ) ਵਿੱਚ ਰਿਜ਼ਰਵ ਵਰਗਾਂ ਦੇ ਵਾਈਸ ਚਾਂਸਲਰਾਂ ਦੀ ਗਿਣਤੀ ਉਂਗਲੀਆਂ 'ਤੇ ਕੀਤੀ ਜਾ ਸਕਦੀ ਹੈ। ਇਹ ਸੰਜੋਗ ਨਹੀਂ, ਸਗੋਂ ਇੱਕ ਵਿਵਸਥਤ ਮਾਨਸਿਕਤਾ ਦਾ ਨਤੀਜਾ ਹੈ। ਭਾਜਪਾ ਹਮੇਸ਼ਾ ਰਿਜ਼ਰਵ ਵਿਰੋਧੀ ਹੋਣ ਦੀ ਤੁਹਮਤ ਨੂੰ ਕੂੜ-ਪ੍ਰਚਾਰ ਦੱਸਦੀ ਹੈ, ਪਰ 80 ਫੀਸਦੀ ਤੱਕ ਅਹੁਦੇ ਖਾਲੀ ਰੱਖਣ ਦਾ ਮਤਲਬ ਇੱਕ ਤਰ੍ਹਾਂ ਨਾਲ ਰਿਜ਼ਰਵੇਸ਼ਨ ਖਤਮ ਕਰਨਾ ਹੀ ਹੈ। ਆਈ ਆਈ ਟੀ ਤੇ ਆਈ ਆਈ ਐੱਮ ਵਰਗੇ ਵਕਾਰੀ ਅਦਾਰਿਆਂ ਵਿੱਚ ਓ ਬੀ ਸੀ ਤੇ ਐੱਸ ਟੀ ਪ੍ਰੋਫੈਸਰਾਂ ਤੇ ਅਸਿਸਟੈਂਟ ਪ੍ਰੋਫੈਸਰਾਂ ਦੇ 80-83 ਫੀਸਦੀ ਅਹੁਦੇ ਖਾਲੀ ਹਨ।*

*ਮੈਰਿਟ ਦੀ ਧਾਰਨਾ ਨੂੰ ਅਕਸਰ ਰਿਜ਼ਰਵੇਸ਼ਨ ਦੇ ਖਿਲਾਫ ਤਰਕ ਵਜੋਂ ਵਰਤਿਆ ਜਾਂਦਾ ਹੈ, ਪਰ ਮੈਰਿਟ ਵਸੀਲਿਆਂ ਤੇ ਮੌਕਿਆਂ 'ਤੇ ਨਿਰਭਰ ਕਰਦੀ ਹੈ। ਜੇ ਰਿਜ਼ਰਵ ਵਰਗਾਂ ਨੂੰ ਬਰਾਬਰ ਮੌਕੇ ਨਹੀਂ ਮਿਲਣਗੇ ਤਾਂ ਮੈਰਿਟ ਦੀ ਗੱਲ ਬੇਮਾਅਨੀ ਹੈ। ਭਾਰਤੀ ਯੂਨੀਵਰਸਿਟੀਆਂ ਦੀ ਖਰਾਬ ਵਿਸ਼ਵ ਰੈਂਕਿੰਗ ਇਸ ਅਖੌਤੀ 'ਮੈਰਿਟ' ਦੀ ਨਾਕਾਮੀ ਨੂੰ ਦਰਸਾਉਂਦੀ ਹੈ। ਰਿਜ਼ਰਵ ਇੱਕ ਖਾਮੋਸ਼ ਕ੍ਰਾਂਤੀ ਹੈ, ਜਿਸ ਨੇ ਭਾਰਤ ਦੇ ਕਰੋੜਾਂ ਲੋਕਾਂ ਦੇ ਜੀਵਨ ਨੂੰ ਬਦਲਿਆ ਹੈ। ਉੱਚ ਸਿੱਖਿਆ ਅਦਾਰਿਆਂ ਵਿੱਚ ਰਿਜ਼ਰਵ ਅਹੁਦਿਆਂ ਨੂੰ ਨਾ ਭਰਨਾ ਇਸ ਕ੍ਰਾਂਤੀ ਨੂੰ ਕਮਜ਼ੋਰ ਕਰਦਾ ਹੈ। ਇਹ ਨਾ ਸਿਰਫ ਰਿਜ਼ਰਵ ਵਰਗਾਂ, ਸਗੋਂ ਪੂਰੇ ਦੇਸ਼ ਦੇ ਖਿਲਾਫ ਇੱਕ ਖੜਯੰਤਰ ਹੈ, ਕਿਉਂਕਿ ਭਾਰਤ ਦਾ ਭਵਿੱਖ ਇਸ ਦੇ ਲੋਕਾਂ ਤੇ ਉਨ੍ਹਾਂ ਦੇ ਸੁਪਨਿਆਂ ਵਿੱਚ ਨਿਹਿਤ ਹੈ। ਸਰਕਾਰ ਨੂੰ ਰਿਜ਼ਰਵ ਵਰਗਾਂ ਦੇ ਖਾਲੀ ਅਹੁਦੇ ਭਰਨ ਦੀ ਮੁਹਿੰਮ ਨੂੰ ਤੇਜ਼ ਕਰਨਾ ਚਾਹੀਦਾ ਹੈ, ਤਾਂ ਕਿ ਸਮਾਜੀ ਨਿਆਂ ਦੇ ਟੀਚੇ ਨੂੰ ਹਾਸਲ ਕੀਤਾ ਜਾ ਸਕੇ।*

# ਧਾਰਮਿਕ ਅੰਡਬਰ ਛੱਡ ਅੱਤਿਆਚਾਰਾਂ ਖਿਲਾਫ ਲੜਨਾ ਹੀ ਧਰਮ ਹੈ

**ਜਸਵੰਤ ਜ਼ੀਰਖ**

ਧਾਰਮਿਕ ਆਸਥਾ ਦੇ ਨਾਂਅ 'ਤੇ ਚੱਲ ਰਹੀਆਂ ਗੈਰ-ਵਿਗਿਆਨਿਕ ਪਰੰਪਰਾਵਾਂ ਨੂੰ ਜਾਰੀ ਰੱਖਣ ਲਈ ਸਰਕਾਰੀ ਸਰਪ੍ਰਸਤੀ ਹੇਠ ਪਨਪ ਰਹੀ ਤਾਲਿਬਾਨਾ ਪਹੁੰਚ, ਜਿੱਥੇ ਲੋਕਾਂ ਦੇ ਧੰਦੇ ਚੌਪਟ ਕਰ ਰਹੀ ਹੈ, ਉੱਥੇ ਮਨੁੱਖਤਾ ਦੇ ਦੋਸ਼ੀਆਂ ਨੂੰ ਹੋਰ ਉਤਸ਼ਾਹਿਤ ਕਰਨ ਵਾਲਾ ਮਹੌਲ ਸਿਰਜਣ ਲਈ ਵੀ ਭਾਗੀਦਾਰ ਬਣਦੀ ਹੈ।ਅਜਿਹੀ ਧਾਰਮਿਕ ਆਸਥਾ ਰਾਹੀਂ ਮਨੁੱਖੀ ਸਾਂਝ ਬਰਕਰਾਰ ਰੱਖਣ ਦੀ ਥਾਂ ਇੱਕ-ਦੂਜੇ ਖਿਲਾਫ ਨਫ਼ਰਤ ਦੀ ਅੱਗ ਉੱਪਰ ਤੇਲ ਪਾਉਣ ਦਾ ਕੰਮ ਹੋ ਰਿਹਾ ਹੈ। ਧਰਮ ਤੋੜਦਾ ਨਹੀਂ, ਜੋੜਦਾ ਹੈ , ਕਹਿਣ ਵਾਲੇ ਵੇਖ ਸਕਦੇ ਹਨ ਕਿ ਕਿਵੇਂ ਹਿੰਦੂ, ਮੁਸਲਮਾਨ, ਸਿੱਖ, ਈਸਾਈ ਧਰਮਾਂ ਦੇ ਨਾਂਅ 'ਤੇ ਹੁੰਦੇ ਝਗੜਿਆਂ ਰਾਹੀਂ ਮਨੁੱਖਤਾ ਵਿਰੋਧੀ ਕਾਰਗੁਜ਼ਾਰੀ ਦੀਆਂ ਹੱਦਾਂ ਪਾਰ ਕੀਤੀਆਂ ਜਾ ਰਹੀਆਂ ਹਨ। ਇਸ ਕੜੀ ਵਿੱਚ ਅੱਜਕੱਲ੍ਹ ਧਰਮ ਦੇ ਨਾਂਅ ਹੇਠ ਮੋਢਿਆਂ ਉੱਪਰ ਵਹਿੰਗੀਆਂ ਚੁੱਕ ਹਰਦਵਾਰ ਤੋਂ ਦਿੱਲੀ ਤੱਕ ਪੈਦਲ ਯਾਤਰਾ ਰਾਹੀਂ ਗੰਗਾ ਜਲ ਲੈ ਕੇ ਆ ਰਹੇ ਕਾਂਵੜੀਆਂ ਕਹੇ ਜਾਣ ਵਾਲੇ 'ਧਰਮੀ' ਨੌਜਵਾਨ ਲੋਕਾਂ ਵੱਲੋਂ ਕੀਤੇ ਜਾ ਰਹੇ ਕਈ ਤਰ੍ਹਾਂ ਦੇ ਗੈਰ-ਮਨੁੱਖੀ ਅਤਿਆਚਾਰ ਸਾਹਮਣੇ ਆ ਰਹੇ ਹਨ। ਇਹਨਾਂ ਵੱਲੋਂ ਇਨਸਾਨੀ ਕਦਰਾਂ-ਕੀਮਤਾਂ ਨੂੰ ਬੁਰੀ ਤਰ੍ਹਾਂ ਦਫਨ ਕਰਦਿਆਂ ਕੀਤੀ ਜਾ ਰਹੀ ਹੁੱਲੜਬਾਜ਼ੀ ਰਾਹੀਂ ਮਨੁੱਖੀ ਕੁੱਟ-ਮਾਰ ਸਮੇਤ ਸਕੂਲੀ ਵਾਹਨਾਂ, ਬੱਸਾਂ, ਕਾਰਾਂ, ਮੋਟਰਸਾਈਕਲ, ਈ ਰਿਕਸ਼ਾ, ਦੁਕਾਨਾਂ, ਹੋਟਲਾਂ ਆਦਿ ਦੀ ਭਿਆਨਕ ਭੰਨਤੋੜ ਕਰਨ ਦੀਆਂ ਘਟਨਾਵਾਂ ਆਮ ਹੀ ਮੀਡੀਆ ਵਿੱਚ ਵੇਖਣ ਨੂੰ ਮਿਲ ਰਹੀਆਂ ਹਨ। ਇੱਥੋਂ ਤੱਕ ਕਿ ਲੜਕੀਆਂ ਦੀ ਕੁੱਟਮਾਰ ਕਰਨ ਵਰਗੇ ਅਤਿ ਸ਼ਰਮਨਾਕ ਕਾਰਨਾਮੇ ਕੀਤੇ ਜਾ ਰਹੇ ਹਨ।ਇਹ ਸਭ ਕੁਝ ਕਰਨ ਵਾਲੇ ਆਮ ਘਰਾਂ ਦੇ ਨੌਜਵਾਨ ਹਨ, ਜੋ ਇਸ ਕਾਂਵੜ ਯਾਤਰਾ ਦੌਰਾਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹੜਦੁੰਗ ਮਚਾਉਂਦੇ ਆਮ ਹੀ ਸੋਸ਼ਲ ਮੀਡੀਆ ਰਾਹੀਂ ਵਿਖਾਈ ਦਿੰਦੇ ਹਨ। ਧਾਰਮਿਕ ਆਸਥਾ ਦੇ ਨਾਂਅ 'ਤੇ ਸਰਕਾਰੀ ਪ੍ਰਬੰਧਾਂ ਹੇਠ ਇਹਨਾਂ ਦੇ ਕਾਫ਼ਲਿਆਂ ਉੱਪਰ ਹੈਲੀਕਾਪਟਰ ਦੁਆਰਾ ਕੀਤੀ ਜਾਂਦੀ ਫੁੱਲਾਂ ਦੀ ਵਰਖਾ ਰਾਹੀਂ ਸ਼ੋਹਰਤ ਦੇ ਕੇ ਉਚਿਆਇਆ ਜਾ ਰਿਹਾ ਹੈ। ਪੁਲਸ ਕਰਮਚਾਰੀ ਇਹਨਾਂ ਦੇ ਪੈਰ ਘੁਟਦੇ, ਮਾਲਿਸ ਕਰਦੇ, ਪੱਖੀਆਂ ਝੱਲਦੇ ਤਾਂ ਦਿਸਦੇ ਹਨ, ਪਰ ਇਹਨਾਂ ਦੁਆਰਾ ਕੀਤੀ ਜਾ ਰਹੀ ਅਣਮਨੁੱਖੀ ਕਾਰਗੁਜ਼ਾਰੀ ਰੋਕਣ ਲਈ ਕਿਧਰੇ ਵਿਖਾਈ ਨਹੀਂ ਦਿੰਦੇ। ਇਹਨਾਂ ਦੀ ਇਸ ਪੈਦਲ ਯਾਤਰਾ ਦੇ ਰਸਤੇ ਵਿੱਚ ਪੈਂਦੀਆਂ ਫਲ-ਫਰੂਟ ਦੀਆਂ ਦੁਕਾਨਾਂ ਅਤੇ ਹੋਟਲਾਂ ਆਦਿ ਦੇ ਮਾਲਕਾਂ ਨੂੰ ਆਪਣਾ ਨਾਂਅ ਲਿਖ ਕੇ ਦੁਕਾਨ ਅੱਗੇ ਲਗਾਉਣ ਦੇ ਹੁਕਮ ਸਰਕਾਰੀ ਤੌਰ 'ਤੇ ਕੀਤੇ ਜਾ ਰਹੇ ਹਨ, ਤਾਂ ਕਿ ਕਾਂਵੜੀਆਂ ਨੂੰ ਦੁਕਾਨ ਵਾਲੇ ਦੇ ਧਰਮ ਬਾਰੇ ਪਤਾ ਲੱਗ ਸਕੇ। ਭੰਨਤੋੜ ਕਰਨ ਦੀਆਂ ਕਈ ਘਟਨਾਵਾਂ ਵਿੱਚ ਇੱਕ ਹੋਟਲ ਦੀ ਮਾਲਕ ਔਰਤ ਨੂੰ ਮੁਸਲਮਾਨ ਸਮਝ ਕੇ ਹੋਟਲ ਦੇ ਮੇਜ਼, ਕੁਰਸੀਆਂ, ਸ਼ੀਸ਼ੇ ਆਦਿ ਦੀ ਭੰਨਤੋੜ ਅਤੇ ਕਾਮਿਆਂ ਦੀ ਪਿਟਾਈ ਕਰਨ ਆਦਿ ਦੇ ਸਬੂਤ ਪ੍ਰਤੱਖ ਵੇਖੇ ਜਾ ਸਕਦੇ ਹਨ।

ਇਹ ਵੀ ਇੱਕ ਸਚਾਈ ਹੈ ਕਿ ਇਸ ਕਾਂਵੜ ਯਾਤਰਾ ਵਿੱਚ ਹਮੇਸ਼ਾ ਆਮ ਗਰੀਬ ਪਰਵਾਰਾਂ ਦੇ ਨੌਜਵਾਨ ਅਤੇ ਬੱਚੇ ਤਾਂ ਭਾਗ ਲੈਂਦੇ ਹਨ, ਪਰ ਕਿਸੇ ਵੀ ਉੱਚ ਅਧਿਕਾਰੀ, ਮੰਤਰੀ, ਸਿਆਸਤਦਾਨ ਜਾਂ ਅਮੀਰ ਪਰਵਾਰਾਂ ਦਾ ਇੱਕ ਵੀ ਨੌਜਵਾਨ ਇਹਨਾਂ ਕਾਂਵੜੀਆਂ ਵਿੱਚ ਸ਼ਾਮਲ ਨਹੀਂ ਹੁੰਦਾ, ਕਿਉਂਕਿ ਉਹਨਾਂ ਦੇ ਬੱਚੇ ਦੇਸ਼ਾਂ ਤੇ ਵਿਦੇਸ਼ਾਂ ਵਿੱਚ ਉਚੇਰੀ ਪੜ੍ਹਾਈ ਕਰ ਰਹੇ ਹਨ ਜਾਂ ਚੰਗੀ ਜ਼ਿੰਦਗੀ ਮਾਣ ਰਹੇ ਹਨ। ਇਹਨਾਂ ਵੱਲੋਂ ਆਪਣੇ ਹੀ ਧਰਮ ਦੇ ਨੀਵੀਆਂ ਜਾਤਾਂ ਵਿੱਚ ਗਿਣੇ ਜਾਂਦੇ ਗਰੀਬੀ, ਅਨ੍ਹਪੜ੍ਹਤਾ ਤੇ ਬੇਰੁਜ਼ਗਾਰੀ ਦੇ ਮਾਰਿਆਂ ਨੂੰ ਪੜ੍ਹਾਈ ਦੀ ਬਜਾਏ, ਇਸ ਤਰ੍ਹਾਂ ਧਰਮ ਅਧਾਰਤ ਆਸਥਾ ਦੀ ਪਾਲਣਾ ਕਰਨ ਦਾ ਪਾਠ ਪੜ੍ਹਾ ਕੇ ਗੰਗਾ ਜਲ ਲਿਆਉਣ ਲਈ ਇਸ ਯਾਤਰਾ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਰਕਾਰੀ ਤੌਰ 'ਤੇ ਭਾਵੇਂ 70,000 ਦੀ ਗਿਣਤੀ ਵਿੱਚ ਪੁਲਸ ਕਰਮਚਾਰੀ ਇਸ ਯਾਤਰਾ ਦੌਰਾਨ ਤਾਇਨਾਤ ਕੀਤੇ ਗਏ ਜਾਣ ਦੀਆਂ ਖਬਰਾਂ ਹਨ, ਪਰ ਕਾਂਵੜੀਆਂ ਨੂੰ ਨਿਯਮਾਂ ਅਨੁਸਾਰ ਸੜਕ ਦੇ ਵਿਚਕਾਰ ਚੱਲਣ ਤੋਂ ਰੋਕ, ਇੱਕ ਪਾਸੇ ਚੱਲਣ ਲਈ ਪ੍ਰੇਰਿਤ ਕਰਨ ਲਈ ਕੋਈ ਵੀ ਕਰਮਚਾਰੀ ਵਿਖਾਈ ਨਹੀਂ ਦਿੰਦਾ। ਕੀ ਅਜਿਹੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਧਰਮ ਅਖਵਾਉਂਦਾ ਹੈ? ਧਰਮ ਹੇਠ ਇਸ ਤਰ੍ਹਾਂ ਦਾ ਹੜਦੁੰਗ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ, ਪਰ ਇੱਕ ਸਕੂਲ ਅਧਿਆਪਕ ਜੋ ਬੱਚਿਆਂ ਨੂੰ ਗਿਆਨ ਦਾ ਦੀਵਾ ਜਗਾ ਅਜਿਹੇ ਵਰਤਾਰਿਆਂ ਤੋਂ ਪਾਸੇ ਰਹਿਣ ਦਾ ਆਪਣੀ ਕਵਿਤਾ ਰਾਹੀਂ ਸੰਦੇਸ ਦੇ ਰਿਹਾ ਹੈ, ਉਸ ਖਿਲਾਫ ਪੁਲਸ ਕੇਸ ਤੁਰੰਤ ਦਰਜ ਕਰ ਦਿੱਤਾ ਜਾਂਦਾ ਹੈ।ਇਹਨਾਂ ਦਿਨਾਂ ਵਿੱਚ ਇਸ ਯਾਤਰਾ ਕਾਰਨ ਟਰੈਫਿਕ ਦੀ ਸਮੱਸਿਆ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਦੀ ਬਜਾਏ ਸਕੂਲਾਂ ਨੂੰ ਬੰਦ ਕਰ ਦੇਣਾ ਕਿੰਨਾ ਕੁ ਸਹੀ ਹੈ? ਸਰਕਾਰ ਦੀ ਮੁਢਲੀ ਸੰਵਿਧਾਨਿਕ ਜ਼ੁੰਮੇਵਾਰੀ ਹੈ ਕਿ ਉਹ ਹਰ ਨਾਗਰਿਕ ਨੂੰ ਸਿੱਖਿਆ, ਰੋਜ਼ਗਾਰ, ਸਿਹਤ ਸਹੂਲਤਾਂ ਦੇਣ ਆਦਿ ਦਾ ਪ੍ਰਬੰਧ ਕਰੇ, ਪਰ ਉਹ ਇਸ ਨੂੰ ਨਿਭਾਉਣ ਵਿੱਚ ਨਾਕਾਮ ਰਹਿਣ ਕਾਰਨ ਦੇਸ਼ ਦੀ ਨੌਜਵਾਨੀ ਨੂੰ ਧਰਮ ਅਤੇ ਸੰਸਕ੍ਰਿਤੀ ਦੇ ਨਾਂਅ ਹੇਠ ਸਮਾਜ ਵਿੱਚ ਮਨੁੱਖੀ ਨਫ਼ਰਤ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਦਾ ਕੰਮ ਕਰਕੇ ਦੇਸ਼ ਨੂੰ ਕਿੱਧਰ ਲੈ ਜਾਣਾ ਚਾਹੁੰਦੀ ਹੈ? ਬਹੁਤ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

ਰਾਜ ਕਰਤਾ ਸ਼੍ਰੇਣੀ ਵੱਲੋਂ ਇਨਸਾਫ਼ ਦੇਣ ਨੂੰ ਆਪਣਾ ਧਰਮ ਸਮਝਣ ਦੀ ਥਾਂ ਰਾਜ ਸੱਤਾ ਨੂੰ ਬੇਇਨਸਾਫ਼ੀ ਲਈ ਵਰਤਣਾ ਆਮ ਹੋ ਗਿਆ ਹੈ। ਮਿਸਾਲ ਵਜੋਂ ਬਿਲਕਿਸ ਬਾਨੋ ਦੇ ਕੇਸ ਵਿੱਚ ਬਲਾਤਕਾਰੀਆਂ ਦੀਆਂ ਸਜ਼ਾਵਾਂ ਨੂੰ 'ਸੰਸਕਾਰੀ ਬ੍ਰਾਹਮਣ' ਕਰਾਰ ਦੇ ਕੇ ਮੁਆਫ ਕਰਵਾ ਦਿੱਤਾ ਜਾਣਾ ਅਤੇ ਜੇਲ੍ਹ ਵਿੱਚੋਂ ਰਿਹਾਈ ਹੋਣ ਉਪਰੰਤ ਮਠਿਆਈਆਂ ਵੰਡ ਕੇ ਅਤੇ ਫੁੱਲਾਂ ਦੇ ਹਾਰ ਪਹਿਨਾ ਕੇ ਸੁਆਗਤ ਕਰਨਾ ਕਿਹੜਾ ਧਰਮ ਅਖਵਾਉਂਦਾ ਹੈ? ਇਸੇ ਤਰ੍ਹਾਂ ਗਊ ਰੱਖਿਆ ਦੇ ਨਾਂਅ ਹੇਠ ਕੀਤੇ ਜਾ ਰਹੇ ਬੇਦੋਸ਼ਿਆਂ ਨੂੰ ਕਤਲ ਕਰਨਾ ਕਿਹੜਾ ਧਰਮ ਹੈ?

ਇਸੇ ਤਰ੍ਹਾਂ ਭੋਲੇ-ਭਾਲੇ ਲੋਕਾਂ ਦੀ ਗਰੀਬੀ ਅਤੇ ਅਗਿਆਨਤਾ ਦਾ ਫਾਇਦਾ ਉਠਾ ਕੇ ਧਰਮ ਤਬਦੀਲੀ ਕਰਵਾਉਣ ਦੇ ਮਾਮਲੇ ਅਕਸਰ ਹੀ ਸਾਹਮਣੇ ਆ ਰਹੇ ਹਨ। ਹੋਰ ਧਰਮਾਂ ਦੇ ਲੋਕਾਂ ਦਾ ਧਰਮ ਤਬਦੀਲ ਕਰਵਾ ਕੇ ਈਸਾਈ ਬਣਾਉਣ ਦੇ ਰੁਝਾਨ ਦੀਆਂ ਖਬਰਾਂ ਦਾ ਬਜ਼ਾਰ ਵੀ ਗਰਮ ਹੈ। ਇਹਨਾਂ ਵੱਲੋਂ ਵੀ ਮਨੁੱਖਤਾ ਉੱਪਰ ਹੋ ਰਹੇ ਅੱਤਿਆਚਾਰਾਂ ਦੇ ਹੱਲ ਪੇਸ਼ ਕਰਨ ਦੀ ਥਾਂ ਇਹਨਾਂ ਨੂੰ ਧਰਮ ਬਦਲਣ ਲਈ ਵਰਤਣ ਖਿਲਾਫ ਵੀ ਆਵਾਜ਼ ਉਠਾਉਣ ਦੀ ਵੱਡੀ ਲੋੜ ਹੈ। ਭਾਵੇਂ ਇਹਨਾਂ ਦੇ ਪਾਸਟਰ ਵੀ ਬਲਾਤਕਾਰ ਦੇ ਕੇਸ ਵਿੱਚ ਜੇਲ੍ਹ 'ਚ ਬੰਦ ਹਨ, ਪਰ ਇਸ ਦੇ ਬਾਵਜੂਦ ਲੋਕਾਂ ਦੇ ਦੁੱਖ ਆਪਣੀ ਕਰਾਮਾਤੀ ਸ਼ਕਤੀ ਨਾਲ ਹੱਲ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਲੋਕਾਂ ਦੀ ਧਰਮਾਂ ਅਤੇ ਕਰਾਮਾਤਾਂ ਬਾਰੇ ਅਗਿਆਨਤਾ ਅਤੇ ਅਨਪੜ੍ਹਤਾ ਦਾ ਇਹਨਾਂ ਵੱਲੋਂ ਵੀ ਭਰਪੂਰ ਫਾਇਦਾ ਉਠਾਇਆ ਜਾ ਰਿਹਾ ਹੈ।

ਅਜਿਹੇ ਵਰਤਾਰਿਆਂ ਬਾਰੇ ਜਦੋਂ ਅਸੀ ਧਰਮਾਂ ਅਤੇ ਕਰਾਮਾਤਾਂ ਦੇ ਮਨੁੱਖਤਾ ਵਿਰੋਧੀ ਜੰਜਾਲ ਵਿੱਚ ਫਸੀ ਲੋਕਾਈ ਨੂੰ ਗੁਰੂ ਨਾਨਕ ਜੀ ਦੇ ਨਜ਼ਰੀਏ ਤੋਂ ਵੇਖਦੇ ਹਾਂ ਤਾਂ ਸਪੱਸਟ ਹੋ ਜਾਂਦਾ ਹੈ ਕਿ ਉਹਨਾਂ ਨੇ ਸਮਾਜ ਵਿੱਚੋਂ ਧਰਮ ਸਮਝੀਆਂ ਜਾਂਦੀਆਂ ਮਨੁੱਖਤਾ ਵਿਰੋਧੀ ਮਾਨਤਾਵਾਂ ਨੂੰ ਰੱਦ ਕਰਕੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਸੰਦੇਸ਼ ਰਾਹੀਂ ਇਹਨਾਂ ਦੀ ਵਲਗਣ ਵਿੱਚੋਂ ਆਜ਼ਾਦ ਹੋ ਕੇ ਸਿਰਫ ਇਨਸਾਨ ਬਣ ਕੇ ਸੱਚੀਸੁੱਚੀ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕੀਤਾ। ਇਹ ਪ੍ਰੇਰਣਾ ਕਿਸੇ ਵਿਸ਼ੇਸ਼ ਲਈ ਨਹੀਂ, ਸਗੋਂ ਧਰਮਾਂ ਦੇ ਅਡੰਬਰਾਂ ਵਿੱਚ ਫਸੇ ਸਮੁੱਚੇ ਸਮਾਜ ਲਈ ਸੀ। ਧਰਮ ਅਨੁਸਾਰ ਮਾਨਤਾ ਭਾਵੇਂ ਹਿੰਦੂਆਂ ਵਿੱਚ ਜਨੇਊ ਪਾਉਣ ਦੀ ਹੋਵੇ, ਸੂਰਜ ਨੂੰ ਪਾਣੀ ਦੇਣ ਦੀ ਹੋਵੇ ਜਾਂ ਪਿੱਤਰਾਂ ਨੂੰ ਪੂਜਣ ਆਦਿ ਦੀ ਹੋਵੇ, ਨੂੰ ਰੱਦ ਕੀਤਾ। ਇਸੇ ਤਰ੍ਹਾਂ ਮੁਸਲਮਾਨਾਂ ਵਿੱਚ ਮੱਕੇ ਦਾ ਹੱਜ ਕਰਨ , ਸੁੰਨਤ ਕਰਨ ਆਦਿ ਦਾ ਖੰਡਨ ਕੀਤਾ ਅਤੇ ਈਸਾਈਆਂ ਵਿੱਚ ਧਰਤੀ , ਬ੍ਰਹਿਮੰਡ ਆਦਿ ਬਾਰੇ ਪਾਈਆਂ ਜਾਂਦੀਆਂ ਧਾਰਨਾਵਾਂ ਨੂੰ ਵੀ ਗਲਤ ਕਰਾਰ ਦਿੱਤਾ। ਪਰ ਅੱਜ ਉਹਨਾਂ ਦੇ ਉਪਾਸ਼ਕਾਂ ਵੱਲੋਂ ਵੀ ਇਨਸਾਨੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਤੋਂ ਉਲਟ ਉਹਨਾਂ ਦੀ ਸਿੱਖਿਆ ਨੂੰ ਜ਼ਿੰਦਗੀ ਵਿੱਚ ਲਾਗੂ ਕਰਨ ਦੀ ਥਾਂ, ਸਿਰਫ ਮੱਥਾ ਟੇਕਣ , ਪਾਠਾਂ, ਅਰਦਾਸਾਂ, ਤੀਰਥ ਇਸ਼ਨਾਨਾਂ, ਫੋਕੇ ਕਰਮ ਕਾਂਡਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਰੱਖਿਆ ਜਾ ਰਿਹਾ ਹੈ।

ਅੱਜ ਧਰਮਾਂ ਦੇ ਮਖੌਟੇ ਹੇਠ ਪਨਪਦੇ ਇਨਸਾਨੀਅਤ ਵਿਰੋਧੀ ਪੁਜਾਰੀ ਵਰਗ ਨੇ ਮੱਧਕਾਲੀ ਯੁੱਗ ਦੀ ਤਰ੍ਹਾਂ ਹੀ ਰਾਜ ਕਰਤਾ ਸ਼੍ਰੇਣੀ ਨਾਲ ਸਾਂਝ-ਭਿਆਲੀ ਰਾਹੀਂ ਉਸ ਦੀ ਸਰਪ੍ਰਸਤੀ ਹੇਠ ਧਰਮ ਦੀ ਪ੍ਰੀਭਾਸ਼ਾ ਨੂੰ ਸਿਰਫ ਕਰਾਮਾਤਾਂ ਅਤੇ ਪੂਜਾ ਪਾਠ , ਅਰਦਾਸਾਂ ਤੱਕ ਹੀ ਸੀਮਤ ਕਰਕੇ ਲੋਕਾਂ ਦੀ ਕਿਰਤ ਕਮਾਈ ਨੂੰ ਬਟੋਰਨ ਦਾ ਸਾਧਨ ਬਣਾ ਲਿਆ ਹੈ। ਜੇਕਰ ਕੋਈ ਮਨੁੱਖ ਇਹਨਾਂ ਵੱਲੋਂ ਕੀਤੇ ਜਾ ਰਹੇ ਅਡੰਬਰਾਂ ਦਾ ਖੰਡਨ ਕਰਦਾ ਹੈ ਤਾਂ ਸਾਂਝ-ਭਿਆਲੀ ਪਾਈ ਬੈਠੇ ਇਹਨਾਂ 'ਧੰਦਾਕਾਰੀਆਂ' ਵੱਲੋਂ ਸੰਵਾਦ ਰਚਾਉਣ ਦੀ ਬਜਾਏ ਉਸ ਖਿਲਾਫ ਧਰਮ ਵਿਰੋਧੀ, ਨਾਸਤਕ, ਕਾਮਰੇਡ, ਅਧਰਮੀ ਹੋਣ ਦੇ ਦੋਸ਼ ਮੜ੍ਹ ਦਿੱਤੇ ਜਾਂਦੇ ਹਨ। ਸੱਚ ਦੀ ਆਵਾਜ਼ ਬੰਦ ਕਰਨ ਲਈ ਝੂਠੇ ਕੇਸ ਬਣਾ ਕੇ ਜੇਲ੍ਹੀਂ ਡੱਕ ਦਿੱਤਾ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਜੇਲ੍ਹੀਂ ਬੰਦ ਕਿੰਨੇ ਹੀ ਬੁੱਧੀਜੀਵੀ, ਸਾਹਿਤਕਾਰ, ਡਾਕਟਰ, ਵਕੀਲ, ਪੱਤਰਕਾਰ ਇਸ ਗੱਲ ਦਾ ਸਬੂਤ ਹਨ।

ਮਨੁੱਖੀ ਬਰਾਬਰੀ ਵਾਲਾ ਜਮਹੂਰੀ ਰਾਜ ਸਥਾਪਤ ਕਰਨ ਲਈ ਚਾਹੀਦਾ ਤਾਂ ਇਹ ਹੈ ਕਿ ਹਰ ਇੱਕ ਲਈ ਇੱਕ ਸਮਾਨ ਸਿੱਖਿਆ ਦੇਣ ਦੇ ਪ੍ਰਬੰਧ ਕੀਤੇ ਜਾਣ, ਰੋਜ਼ਗਾਰ ਅਤੇ ਸਿਹਤ ਸਹੂਲਤਾਂ ਰਾਹੀਂ ਹਰ ਮਨੁੱਖ ਨੂੰ ਸਨਮਾਨ ਯੋਗ ਜ਼ਿੰਦਗੀ ਜਿਉਣ ਯੋਗ ਬਣਾਇਆ ਜਾਵੇ, ਪਰ ਇੱਥੇ ਧਰਮ ਦੀ ਵਰਤੋਂ ਮਨੁੱਖਤਾ ਨੂੰ ਗੁੰਮਰਾਹ ਕਰਨ ਲਈ ਵਰਤ ਕੇ ਇੱਕ-ਦੂਜੇ ਦੇ ਵਿਰੋਧੀ ਬਣਾ ਕੇ ਆਪਣੀ ਰਾਜ-ਸੱਤਾ ਦੀ ਉਮਰ ਲੰਮੀ ਕਰਨ ਲਈ ਵਰਤਿਆ ਜਾ ਰਿਹਾ ਹੈ। ਇਸੇ ਲਈ ਦੇਸ਼ ਵਿੱਚ ਧਰਮ ਦੇ ਨਾਂਅ ਹੇਠ ਮਨੁੱਖਤਾ ਨੂੰ ਵੰਡਣ ਅਤੇ ਨਫ਼ਰਤ ਫੈਲਾਉਣ ਲਈ ਚੱਲ ਰਹੀਆਂ ਮਾਨਤਾਵਾਂ ਦੇ ਬੇਲੋੜੇ ਵਰਤਾਰਿਆਂ ਅਤੇ ਅੱਤਿਆਚਾਰਾਂ ਵਿਰੁੱਧ ਆਵਾਜ਼ ਉਠਾਉਣਾ ਹੀ ਸੱਚਾ ਤੇ ਸੁੱਚਾ ਧਰਮ ਹੈ।

**# ਸੰਪਰਕ : 98151-69825**

# ਜ਼ਿੰਦਾਦਿਲੀ ਦੀ ਮਿਸਾਲ ਸਨ ਨਾਗਰ ਸਿੰਘ ਤੂੜ

**ਰੰਜੀਵਨ ਸਿੰਘ**

ਮੇਰੇ ਡੈਡੀ (ਰਿਪੁਦਮਨ ਸਿੰਘ ਰੂਪ) ਦੇ ਪਰਿਵਾਰਿਕ ਮਿੱਤਰਾਂ-ਬਲਦੇਵ ਝੱਜ ਅੰਕਲ, ਬਲਵੰਤ ਅੰਕਲ, ਜੋਗਿੰਦਰ ਅੰਕਲ, ਕੰਗ ਅੰਕਲ ਅਤੇ ਨਾਗਰ ਅੰਕਲ ਦਾ ਜ਼ਿਕਰ ਸਾਡੇ ਘਰ ਵਿਚ ਚਾਚਿਆਂ-ਤਾਇਆਂ ਵਾਂਗ ਹੁੰਦਾ। ਛੋਟੇ ਹੁੰਦਿਆਂ ਹੈਰਾਨੀ ਹੁੰਦੀ, ਪਰ ਜਿਉਂ-ਜਿਉਂ ਵੱਡੇ ਹੋਏ ਤਾਂ ਮਿੱਤਰਤਾਵਾਂ ਦੀਆਂ ਇਹ ਪੀਡੀਆਂ ਸਾਂਝਾਂ ਦੀ ਸਮਝ ਪੈਣ ਲੱਗੀ। ਨਾਗਰ ਅੰਕਲ (ਨਾਗਰ ਸਿੰਘ ਤੂੜ) ਦੀ ਮੇਰੇ ਡੈਡੀ ਨਾਲ ਮਿੱਤਰਤਾ ਦੀ ਬੁਨਿਆਦ 31 ਜਨਵਰੀ 1955 ਨੂੰ ਹਿਮਾਚਲ ਦੇ ਰਾਮ ਸ਼ਹਿਰ (ਉਦੋਂ ਪੈਪਸੂ) ਵਿਖੇ ਬੱਝੀ, ਜਿੱਥੇ ਡੈਡੀ ਆਪਣੀ ਪਹਿਲੀ ਨੌਕਰੀ ਬਤੌਰ ਜੇ ਬੀ ਟੀ ਟੀਚਰ ਜੁਆਇਨ ਕਰਨ ਗਏ ਸਨ ਤੇ ਨਾਗਰ ਅੰਕਲ ਪਹਿਲੋਂ ਹੀ ਲਾਗਲੇ ਪਿੰਡ ਜਬਾਖੜ ਤਾਇਨਾਤ ਸਨ। ਇਹ ਦੋਸਤੀ ਕੇਵਲ ਪਰਿਵਾਰਿਕ ਪੱਧਰ 'ਤੇ ਹੀ ਨਹੀਂ, ਸਗੋਂ ਅਧਿਆਪਕ ਵਰਗ ਦੇ ਸੰਘਰਸ਼ਾਂ ਵਿਚ ਜੁਝਾਰੂ ਆਗੂਆਂ ਦੀ ਜੋੜੀ ਵਜੋਂ ਵੀ ਪ੍ਰਵਾਨਿਤ ਹੋਈ। 1960 ਵਿਆਂ ਵਿੱਚ ਪੰਜਾਬ ਦੀ ਅਧਿਆਪਕ ਜਥੇਬੰਦੀ ਜਦੋਂ ਰਣਬੀਰ ਸਿੰਘ ਢਿੱਲੋਂ (ਢਿੱਲੋਂ ਗਰੁੱਪ) ਅਤੇ ਤਰਲੋਚਨ ਸਿੰਘ ਰਾਣਾ (ਰਾਣਾ ਗਰੁੱਪ) ਦੀ ਅਗਵਾਈ ਹੇਠ ਵੰਡੀ ਗਈ ਤਾਂ ਸ੍ਰੀ ਤੂੜ ਰਾਣਾ ਗਰੁੱਪ ਅਤੇ ਡੈਡੀ ਢਿੱਲੋਂ ਗਰੁੱਪ ਨਾਲ ਜੁੜ ਗਏ, ਪਰ ਇਸ ਦੇ ਬਾਵਜੂਦ ਦੋਵਾਂ ਦੀ ਮਿੱਤਰਤਾ ਅਤੇ ਪਰਿਵਾਰਿਕ ਸਾਂਝ ਵਿਚ ਭੋਰਾ ਫਰਕ ਨਹੀਂ ਪਿਆ। ਮੱਤਭੇਦ, ਮਨਭੇਦ ਵਿੱਚ ਨਹੀਂ ਬਦਲੇ।

1978 ਵਿੱਚ ਪੰਜਾਬ ਦੇ ਬੇਰੁਜ਼ਗਾਰ ਅਧਿਆਪਕਾਂ ਦੇ ਸੰਘਰਸ਼ ਦੌਰਾਨ ਸ੍ਰੀ ਤੂੜ ਨੇ ਪਟਿਆਲਾ ਜੇਲ੍ਹ ਵਿੱਚ ਕੈਦ ਵੇਲੇ ਜੇਲ੍ਹ ਪ੍ਰਸ਼ਾਸਨ ਦੀਆਂ ਵਧੀਕੀਆਂ ਵਿਰੁੱਧ ਹੜਤਾਲ ਕਰ ਦਿੱਤੀ ਗਈ, ਜਿਸ ਤੋਂ ਭੜਕ ਕੇ ਜੇਲ੍ਹ ਅਧਿਕਾਰੀਆਂ ਨੇ ਸ਼ਹਿ ਦੇ ਕੇ ਜਰਾਇਮ ਪੇਸ਼ਾ ਕੈਦੀਆਂ ਤੋਂ ਉਹਨਾਂ ਉੱਪਰ ਜੇਲ੍ਹ ਵਿੱਚ ਹੀ ਹਮਲਾ ਕਰਵਾਇਆ। ਇਸ ਘਟਨਾ ਦਾ ਪੰਜਾਬ ਭਰ ਦੇ ਮੁਲਾਜ਼ਮਾਂ ਵੱਲੋਂ ਵਿਰੋਧ ਕੀਤਾ ਗਿਆ। ਇੰਝ ਹੀ 1981 ਵਿੱਚ ਪੰਜਾਬ ਭਰ ਵਿੱਚ ਅਧਿਆਪਕਾਂ ਦੀਆਂ ਬੇ-ਨਿਯਮਿਤ ਬਦਲੀਆਂ ਵਿਰੁੱਧ ਵਿੱਢੇ ਸੰਘਰਸ਼ ਦੌਰਾਨ ਤੂੜ 81 ਦਿਨ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿੱਚ ਰਹੇ। ਅਧਿਆਪਕਾਂ ਦੀ ਇਸ ਜੇਲ੍ਹ ਯਾਤਰਾ ਦੌਰਾਨ ਡੈਡੀ ਅਤੇ ਤਾਇਆ ਜੀ-ਪ੍ਰਸਿੱਧ ਪੰਜਾਬੀ ਸਾਹਿਤਕਾਰ ਸੰਤੋਖ ਸਿੰਘ ਧੀਰ ਵੀ ਨਾਲ ਸਨ। ਇਖਲਾਖੀ ਅਤੇ ਨਿਡਰ ਆਗੂ ਹੋਣ ਸਦਕਾ ਸ੍ਰੀ ਤੂੜ ਵਿਭਾਗ ਦੇ ਉੱਚ ਅਧਿਕਾਰੀਆਂ ਦੀਆਂ ਅੱਖਾਂ ਵਿੱਚ ਰੜਕਦੇ ਰਹੇ ਅਤੇ ਦੂਰ-ਦੁਰਾਡੇ ਬਦਲੀਆਂ, ਮੁਅੱਤਲੀਆਂ, ਚਾਰਜਸ਼ੀਟਾਂ ਤਾਂ ਜਿਵੇਂ ਉਹਨਾ ਦੀ ਤਣੀ ਛਾਤੀ ਦੇ ਤਗਮੇ ਬਣਦੇ ਗਏ। ਨਾਗਰ ਸਿੰਘ ਤੂੜ ਨੇ ਜਿੱਥੇ ਆਪਣੀ ਨੌਕਰੀ ਦੌਰਾਨ ਮੁਲਾਜ਼ਮ ਸੰਘਰਸ਼ਾਂ ਵਿੱਚ ਮੋਹਰੀ ਰੋਲ ਨਿਭਾਇਆ, ਉਥੇ



ਮੋਹਾਲੀ ਰਹਿੰਦਿਆਂ ਖੱਬੇ-ਪੱਖੀ ਤੇ ਅਗਾਂਹ-ਵਧੂ ਸੋਚ ਨੂੰ ਪ੍ਰਣਾਏ ਹੋਣ ਸਦਕਾ ਸ਼ਹਿਰ ਦੇ ਸਿਆਸੀ ਅਤੇ ਸਮਾਜਿਕ ਪਿੜ ਵਿੱਚ ਵੀ ਸਰਗਰਮ ਰਹੇ। ਇਹਨਾਂ ਸਰਗਰਮੀਆਂ ਵਿੱਚ ਉਹਨਾ ਦੀ ਧਰਮ ਪਤਨੀ ਮਨਮੋਹਨ ਕੌਰ ਹਮੇਸ਼ਾ ਉਹਨਾ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਰਹੀ, ਭਾਵੇਂ ਗਾਹੇ-ਬਗਾਹੇ ਉਹ ਆਪਣੇ ਬੇਟੇ ਅਮਨਦੀਪ ਤੂਰ ਕੋਲ ਕੈਨੇਡਾ ਅਤੇ ਬੇਟੀ ਰੁਪਿੰਦਰ ਕੋਲ ਅਮਰੀਕਾ ਆਉਂਦੇ-ਜਾਂਦੇ ਰਹਿੰਦੇ ਤੇ ਉਨ੍ਹਾਂ ਮੁਲਕਾਂ ਦੇ ਲੋਕ-ਪੱਖੀ ਪ੍ਰਬੰਧਾਂ ਦੀ ਸ਼ਲਾਘਾ ਵੀ ਕਰਦੇ, ਪਰ ਪੱਛਮੀ ਮੁਲਕਾਂ ਅਤੇ ਭਾਰਤੀ ਪੂੰਜੀਪਤੀਆਂ ਤੇ ਕਾਰਪੋਰੇਟ ਘਰਾਣਿਆਂ ਦੀ ਜੁੰਡਲੀ ਵੱਲੋਂ ਆਮ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਪ੍ਰਤੀ ਸੁਚੇਤ ਅਤੇ ਅਡੋਲ ਰਹੇ।

ਸ੍ਰੀ ਤੂੜ ਨੇ ਪੰਜਾਬੀ ਸਾਹਿਤ ਦੀ ਝੋਲੀ ਦੋ ਕਹਾਣੀ ਸੰਗ੍ਰਹਿ-ਅਪਰਾਧੀ ਕੌਣ (2016) ਅਤੇ ਹਤਿਆਰੇ (2018) ਪਾਏ। ਉਹਨਾ ਦੀਆਂ ਕਵਿਤਾਵਾਂ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ/ ਅਖਬਾਰਾਂ ਵਿੱਚ ਪ੍ਰਕਾਸ਼ਤ ਹੋਈਆਂ।

92 ਵਰਿਆਂ ਦੀ ਆਖਰੀ ਉਮਰੇ ਭਾਵੇਂ ਉਹ ਸਰੀਰਕ ਪੱਖੋਂ ਅਸਮਰੱਥ ਹੁੰਦੇ ਗਏ, ਪਰ ਉਨ੍ਹਾ ਦਾ ਗੜਕਾ ਪੂਰਾ ਕਾਇਮ ਸੀ ਅਤੇ ਕਿਸੇ ਦੀ ਵੀ ਗਲਤ ਗੱਲ ਬਰਦਾਸ਼ਤ ਨਹੀਂ ਸਨ ਕਰਦੇ। ਔਖੇ ਤੋਂ ਔਖੇ ਹਾਲਾਤ ਵਿੱਚ ਵੀ ਨਾਗਰ ਸਿੰਘ ਤੂੜ ਦੀ ਜ਼ਿੰਦਾਦਿਲੀ ਅਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਦੀ ਮਿਸਾਲ ਦਿੱਤੀ ਜਾਂਦੀ ਸੀ।

ਬੀਤੀ 17 ਜੁਲਾਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸ੍ਰੀ ਨਾਗਰ ਸਿੰਘ ਤੂੜ ਨਮਿਤ ਸ਼ਰਧਾਂਜਲੀ ਸਮਾਗਮ 26 ਜੁਲਾਈ (ਸ਼ਨੀਵਾਰ) ਨੂੰ ਦੁਪਹਿਰ 12 ਤੋਂ 1 ਵਜੇ ਤੱਕ ਰਾਮਗੜ੍ਹੀਆ ਭਵਨ, ਫੇਜ਼ 3ਬੀ-1, ਮੋਹਾਲੀ ਵਿਚ ਸਥਿਤ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ।

**# ਸੰਪਰਕ : 98150-68816**

# ਇੱਕ ਨਜ਼ਰ ਧਨਖੜ ਦੇ ਅਸਤੀਫੇ ਅਤੇ ਉਨ੍ਹਾ ਦੇ ਵਿਵਾਦਤ ਬਿਆਨਾਂ 'ਤੇ

ਕੇਂਦਰ ਸਰਕਾਰ ਨੇ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਜਗਦੀਪ ਧਨਖੜ (74) ਦੇ ਅਸਤੀਫੇ ਨੂੰ ਨੋਟੀਫਾਈ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇੱਕ ਦਿਨ ਪਹਿਲਾਂ ਹੀ ਅਰਥਾਤ ਰਾਜ ਸਭਾ ਦੇ ਮੌਨਸੂਨ ਅਜਲਾਸ ਦੇ ਪਹਿਲੇ ਦਿਨ ਹੀ ਰਾਤ ਨੂੰ ਅਚਾਨਕ ਆਪਣੀ ਸਿਹਤ ਦਾ ਹਵਾਲਾ ਦਿੰਦੇ ਹੋਏ ਧਨਖੜ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਆਪਣੇ ਤਿਆਗ ਪੱਤਰ ਦਿੰਦਿਆਂ ਤੁਰੰਤ ਪ੍ਰਭਾਵ ਨਾਲ ਅਹੁਦਾ ਛੱਡਣ ਦੀ ਜਾਣਕਾਰੀ ਸਾਂਝੀ ਕਰ ਦਿੱਤੀ ਸੀ। ਧਨਖੜ ਦੇ ਅਸਤੀਫਾ ਦਿੰਦਿਆਂ ਹੀ ਰਾਜਨੀਤਕ ਗਲਿਆਰੇ 'ਚ ਇੱਕ ਹਲਚਲ ਮਚ ਗਈ।

ਉਨ੍ਹਾ ਵੱਲੋਂ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦਰੋਪਦੀ ਮੁਰਮੂ ਨਾਲ ਮੁਲਾਕਾਤ ਵੀ ਕੀਤੀ ਗਈ, ਜਿਸ ਉਪਰੰਤ ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ ਦੇ ਦਸਤਖ਼ਤਾਂ ਹੇਠਲੇ ਇੱਕ ਗਜ਼ਟ ਨੋਟੀਫਿਕੇਸ਼ਨ 'ਚ ਗ੍ਰਹਿ ਮੰਤਰਾਲੇ ਵੱਲੋਂ ਇੱਕ ਪੱਤਰ ਜਾਰੀ ਕੀਤਾ ਗਿਆ, ਜਿਸ ਵਿੱਚ ਧਨਖੜ ਦੇ ਅਸਤੀਫੇ ਦਾ ਪੱਤਰ ਜਨਤਕ ਕੀਤਾ, ਜਿਸ ਨੂੰ ਦੇਰ ਸ਼ਾਮ ਜਾਰੀ ਕੀਤਾ ਗਿਆ ਸੀ। ਉਕਤ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ, 'ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਜਗਦੀਪ ਧਨਖੜ ਦਾ ਅਸਤੀਫਾ (ਆਮ ਜਾਣਕਾਰੀ ਲਈ) ਪ੍ਰਕਾਸ਼ਤ ਕੀਤਾ ਜਾਂਦਾ ਹੈ।'

ਇਸ ਤੋਂ ਪਹਿਲਾਂ ਰਾਜ ਸਭਾ 'ਚ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਬਾਰੇ ਜਾਣਕਾਰੀ ਦਿੱਤੀ ਗਈ। ਉਧਰ ਉਪਰਲੇ ਸਦਨ ਦੇ ਚੇਅਰਮੈਨ ਦੇ ਆਸਨ 'ਤੇ ਬਿਰਾਜਮਾਨ ਘਨਸ਼ਿਆਮ ਤਿਵਾੜੀ ਨੇ ਸਦਨ 'ਚ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਸੰਵਿਧਾਨ ਦੀ ਧਾਰਾ 67 (ਏ) ਤਹਿਤ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੇ ਤੁਰੰਤ ਪ੍ਰਭਾਵ ਦੇ ਅਸਤੀਫੇ ਸੰਬੰਧੀ 22 ਜੁਲਾਈ 2025 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ।

ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਉਪ ਰਾਸ਼ਟਰਪਤੀ ਜਗਦੀਪ ਧਨਖੜ ਦਾ ਅਸਤੀਫਾ ਮਨਜ਼ੂਰ ਕਰ ਲਏ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਝ ਕੁ ਸ਼ਬਦਾਂ ਵਿੱਚ ਕਿਹਾ, 'ਜਗਦੀਪ ਧਨਖੜ ਜੀ ਨੂੰ ਭਾਰਤ ਦੇ ਉਪ ਰਾਸ਼ਟਰਪਤੀ ਸਮੇਤ ਕਈ ਭੂਮਿਕਾਵਾਂ ਵਿੱਚ ਦੇਸ਼ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਮੈਂ ਉਨ੍ਹਾ ਦੀ ਉੱਤਮ ਸਿਹਤ ਦੀ ਕਾਮਨਾ ਕਰਦਾ ਹਾਂ।'

ਦੂਜੇ ਪਾਸੇ ਮੀਡੀਆ ਰਿਪੋਰਟਾਂ ਅਨੁਸਾਰ ਧਨਖੜ ਨੇ ਅਸਤੀਫਾ ਦੇਣ ਤੋਂ ਪਹਿਲਾਂ ਮੋਦੀ ਵਜ਼ਾਰਤ ਵਿੱਚ ਦੂਜੇ, ਤੀਜੇ ਤੇ ਚੌਥੇ ਨੰਬਰ ਦੇ ਮੰਤਰੀਆਂ ਨਾਲ ਸੰਸਦ ਕੰਪਲੈਕਸ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਦਫਤਰ ਵਿੱਚ ਮੀਟਿੰਗ ਕੀਤੀ, ਜਿਹੜੀ 20-25 ਮਿੰਟ ਚੱਲੀ। ਇਸ ਤੋਂ ਬਾਅਦ ਤਿੰਨਾਂ ਮੰਤਰੀਆਂ ਨੇ ਵੱਖਰੀ ਮੀਟਿੰਗ ਕੀਤੀ। ਇਹ ਸਭ ਸ਼ਾਮ ਸਵਾ ਸੱਤ ਵਜੇ ਤੋਂ 7.50 ਵਜੇ ਤੱਕ ਹੋਇਆ। ਇਸ ਤੋਂ ਡੇਢ ਘੰਟੇ ਬਾਅਦ ਧਨਖੜ ਨੇ ਅਸਤੀਫਾ ਦੇ ਦਿੱਤਾ। ਇੱਕ ਭਾਜਪਾ ਸਾਂਸਦ ਨੇ ਦੱਸਿਆ ਕਿ ਮੀਟਿੰਗ ਵਿੱਚ ਧਨਖੜ ਤੋਂ ਅਸਤੀਫੇ ਲਈ ਕੋਰੇ ਕਾਗਜ਼ 'ਤੇ ਦਸਤਖਤ ਕਰਵਾਏ ਗਏ। ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਜਗਦੀਪ ਧਨਖੜ ਦੇ ਉਪ-ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇਣ ਪਿੱਛੇ ਦੇ ਕਾਰਨ ਉਨ੍ਹਾ ਵੱਲੋਂ ਦੱਸੇ ਗਏ ਸਿਹਤ ਕਾਰਨਾਂ ਨਾਲੋਂ ਬਹੁਤ ਗੁੱਝੇ ਹਨ। ਕਾਂਗਰਸ ਨੇ ਕਿਹਾ ਕਿ ਧਨਖੜ ਦਾ ਅਸਤੀਫਾ ਉਨ੍ਹਾ ਬਾਰੇ ਬਹੁਤ ਕੁਝ ਕਹਿੰਦਾ ਹੈ ਤੇ ਨਾਲ ਹੀ ਉਨ੍ਹਾਂ ਲੋਕਾਂ ਦੀ ਨੀਅਤ ਉੱਤੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ, ਜਿਨ੍ਹਾਂ ਉਨ੍ਹਾ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਾਇਆ।



**ਮੁਹੰਮਦ ਅੱਬਾਸ ਧਾਲੀਵਾਲ**

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਧਨਖੜ ਨੇ ਸੋਮਵਾਰ ਦੁਪਹਿਰ ਸਾਢੇ ਬਾਰਾਂ ਵਜੇ ਰਾਜ ਸਭਾ ਦੀ ਬਿਜ਼ਨਸ ਸਲਾਹਕਾਰ ਕਮੇਟੀ ਦੀ ਪ੍ਰਧਾਨਗੀ ਕੀਤੀ। ਸਦਨ ਦੇ ਨੇਤਾ ਜੇ ਪੀ ਨੱਢਾ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਸਮੇਤ ਜ਼ਿਆਦਾਤਰ ਮੈਂਬਰ ਮੌਜੂਦ ਸਨ। ਕੁਝ ਚਰਚਾ ਤੋਂ ਬਾਅਦ ਕਮੇਟੀ ਨੇ ਸ਼ਾਮ 4.30 ਵਜੇ ਦੁਬਾਰਾ ਮਿਲਣ ਦਾ ਫੈਸਲਾ ਕੀਤਾ। ਧਨਖੜ ਦੀ ਪ੍ਰਧਾਨਗੀ ਹੇਠ ਮੀਟਿੰਗ ਮੁੜ ਹੋਣੀ ਸੀ। ਨੱਢਾ ਤੇ ਰਿਜਿਜੂ ਦੇ ਆਉਣ ਦੀ ਉਡੀਕ ਕੀਤੀ ਜਾ ਰਹੀ ਸੀ, ਪਰ ਉਹ ਨਹੀਂ ਆਏ। ਕਾਂਗਰਸ ਨੇਤਾ ਨੇ ਦਾਅਵਾ ਕੀਤਾ ਕਿ ਧਨਖੜ ਨੂੰ ਨਿੱਜੀ ਤੌਰ 'ਤੇ ਸੂਚਿਤ ਨਹੀਂ ਕੀਤਾ ਗਿਆ ਸੀ ਕਿ ਦੋਵੇਂ ਸੀਨੀਅਰ ਮੰਤਰੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਰਹੇ ਅਤੇ ਧਨਖੜ ਨੂੰ ਇਸ ਬਾਰੇ ਬੁਰਾ ਲੱਗਿਆ ਅਤੇ ਫਿਰ ਉਨ੍ਹਾ ਮੰਗਲਵਾਰ ਦੁਪਹਿਰ 1 ਵਜੇ ਲਈ ਬਿਜ਼ਨਸ ਸਲਾਹਕਾਰ ਕਮੇਟੀ ਦੀ ਮੀਟਿੰਗ ਮੁੜ ਤੈਅ ਕੀਤੀ।

ਇਸ ਦੇ ਨਾਲ ਹੀ ਰਮੇਸ਼ ਨੇ ਇਹ ਵੀ ਦਾਅਵਾ ਕੀਤਾ ਕਿ ਸੋਮਵਾਰ ਦੁਪਹਿਰ 1 ਵਜੇ ਤੋਂ 4.30 ਵਜੇ ਦੇ ਵਿਚਕਾਰ ਕੁਝ ਤਾਂ ਬਹੁਤ ਗੰਭੀਰ ਵਾਪਰਿਆ, ਜਿਸ ਕਾਰਨ ਨੱਢਾ ਅਤੇ ਰਿਜਿਜੂ ਜਾਣਬੁੱਝ ਕੇ ਬਿਜ਼ਨਸ ਸਲਾਹਕਾਰ ਕਮੇਟੀ ਦੀ ਦੂਜੀ ਮੀਟਿੰਗ ਤੋਂ ਗੈਰਹਾਜ਼ਰ ਰਹੇ। ਉਨ੍ਹਾ ਕਿਹਾ, 'ਇੱਕ ਬਹੁਤ ਹੀ ਹੈਰਾਨ ਕਰਨ ਵਾਲਾ ਕਦਮ ਚੁੱਕਦੇ ਹੋਏ ਜਗਦੀਪ ਧਨਖੜ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾ ਆਪਣੀ ਸਿਹਤ ਨੂੰ ਇਸ ਦਾ ਕਾਰਨ ਦੱਸਿਆ। ਸਾਨੂੰ ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ, ਪਰ ਸੱਚਾਈ ਇਹ ਹੈ ਕਿ ਇਸ ਦੇ ਪਿੱਛੇ ਕੁਝ ਡੂੰਘੇ ਕਾਰਨ ਹਨ।'

ਕਾਂਗਰਸ ਦੇ ਜਨਰਲ ਸਕੱਤਰ ਨੇ ਕਿਹਾ, 'ਧਨਖੜ ਜੀ ਨੇ 2014 ਤੋਂ ਬਾਅਦ ਹਮੇਸ਼ਾ ਭਾਰਤ ਦੀ ਪ੍ਰਸ਼ੰਸਾ ਕੀਤੀ, ਪਰ ਨਾਲ ਹੀ ਉਨ੍ਹਾ ਨੇ ਕਿਸਾਨਾਂ ਦੇ ਹਿੱਤਾਂ ਲਈ ਖੁੱਲ੍ਹ ਕੇ ਆਪਣੀ ਆਵਾਜ਼ ਉਠਾਈ। ਉਨ੍ਹਾ ਜਨਤਕ ਜੀਵਨ ਵਿੱਚ ਵਧ ਰਹੇ ਹੰਕਾਰ ਦੀ ਆਲੋਚਨਾ ਕੀਤੀ ਅਤੇ ਨਿਆਂ ਪਾਲਿਕਾ ਦੀ ਜਵਾਬਦੇਹੀ ਅਤੇ ਸੰਜਮ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਮੌਜੂਦਾ 'ਜੀ-2' ਸਰਕਾਰ ਦੌਰਾਨ ਵੀ ਉਨ੍ਹਾ ਵਿਰੋਧੀ ਧਿਰ ਨੂੰ ਜਿੰਨਾ ਸੰਭਵ ਹੋ ਸਕੇ ਜਗ੍ਹਾ ਦੇਣ ਦੀ ਕੋਸ਼ਿਸ਼ ਕੀਤੀ। ਧਨਖੜ ਨਿਯਮਾਂ,ਪ੍ਰਕਿਰਿਆਵਾਂ ਅਤੇ ਸ਼ਿਸ਼ਟਾਚਾਰ ਦੇ ਪੱਕੇ ਸਨ, ਪਰ ਉਨ੍ਹਾ ਨੂੰ ਲੱਗਦਾ ਸੀ ਕਿ ਉਨ੍ਹਾ ਦੀ ਭੂਮਿਕਾ ਵਿੱਚ ਇਨ੍ਹਾਂ ਚੀਜ਼ਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਧਨਖੜ ਦਾ ਅਸਤੀਫਾ ਉਨ੍ਹਾ ਬਾਰੇ ਬਹੁਤ ਕੁਝ ਕਹਿੰਦਾ ਹੈ ਅਤੇ ਉਨ੍ਹਾਂ ਲੋਕਾਂ ਦੇ ਇਰਾਦਿਆਂ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ, ਜਿਨ੍ਹਾਂ ਉਨ੍ਹਾ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਾਇਆ ਸੀ।'

ਜਦੋਂ ਅਸੀਂ ਵੱਖ-ਵੱਖ ਅਹੁਦਿਆਂ 'ਤੇ ਬਿਰਾਜਮਾਨ ਰਹਿੰਦੇ ਹੋਇਆਂ ਧੰਨਖੜ ਦੇ ਕਾਰਜਕਾਲ ਨਾਲ ਜੁੜੇ ਵਿਵਾਦਾਂ ਦਾ ਲੇਖਾ-ਜੋਖਾ ਕਰਦੇ ਹਾਂ ਤਾਂ ਇਸ ਦੌਰਾਨ ਉਨ੍ਹਾ ਉੱਤੇ ਅਕਸਰ ਰਾਜ ਸਭਾ ਦੇ ਚੇਅਰਮੈਨ ਵਜੋਂ ਪੱਖਪਾਤੀ ਰਵੱਈਆ ਅਪਨਾਉਣ ਦੇ ਦੋਸ਼ ਲੱਗਦੇ ਰਹੇ ਹਨ।

ਇੱਥੋਂ ਤੱਕ ਕੁਝ ਮਹੀਨੇ ਪਹਿਲਾਂ ਇੰਡੀਆ ਗਠਜੋੜ ਨੇ ਉਨ੍ਹਾ ਨੂੰ ਹਟਾਉਣ ਲਈ ਮਤਾ ਪੇਸ਼ ਕੀਤਾ, ਦੋਸ਼ ਇਹ ਲਗਾਇਆ ਗਿਆ ਸੀ ਕਿ ਉਹ ਰਾਜ ਸਭਾ ਵਿੱਚ ਸਰਕਾਰ ਦਾ ਪੱਖ ਲੈ ਰਹੇ ਹਨ ਅਤੇ ਵਿਰੋਧੀ ਪਾਰਟੀਆਂ ਦੀਆਂ ਆਵਾਜ਼ਾਂ ਨੂੰ ਦਬਾਅ ਰਹੇ ਹਨ।

ਉਨ੍ਹਾ ਦੀ ਪ੍ਰਧਾਨਗੀ ਦੌਰਾਨ ਕਈ ਵਾਰ ਵੇਖਣ 'ਚ ਆਇਆ ਕਿ ਉਨ੍ਹਾ ਦੀਆਂ ਵਿਰੋਧੀ ਮੈਂਬਰਾਂ ਨਾਲ ਬਹਿਸਾਂ ਹੋਈਆਂ, ਜਿਸ ਨਾਲ ਕਾਰਵਾਈ ਰੁਕ ਜਾਂਦੀ ਸੀ ਅਤੇ ਸਦਨ ਦੀ ਮਰਿਆਦਾ ਨੂੰ ਠੇਸ ਪਹੁੰਚਦੀ ਸੀ।

ਨਿਆਂ ਪਾਲਿਕਾ ਦੇ ਸੰਦਰਭ ਵਿੱਚ ਵੱਖ-ਵੱਖ ਸਮਿਆਂ ਵਿੱਚ ਕੀਤੀਆਂ ਗਈਆਂ ਆਪਣੀਆਂ ਟਿਪਣੀਆਂ ਦੇ ਚਲਦਿਆਂ ਵੀ ਉਹ ਅਕਸਰ ਵਿਵਾਦਾਂ ਵਿੱਚ ਘਿਰੇ ਰਹੇ।

ਇਹੋ ਵਜਾਹ ਹੈ ਕਿ ਉਨ੍ਹਾਂ ਦੁਆਰਾ ਨਿਆਂ ਪਾਲਿਕਾ 'ਤੇ ਦਿੱਤੇ ਗਏ ਬਿਆਨਾਂ ਨੂੰ ਲੈ ਕੇ ਕਾਂਗਰਸ, ਡੀ ਐਮ ਕੇ, ਟੀ ਐਮ ਸੀ ਆਦਿ ਪਾਰਟੀਆਂ ਨੇ ਉਨ੍ਹਾ ਦੇ ਬਿਆਨਾਂ ਨੂੰ ਅਣਉਚਿਤ ਤੇ ਗ਼ੈਰ ਜ਼ਿੰਮੇਦਾਰਾਨਾ ਤੇ ਨਿਆਂ ਪਾਲਿਕਾ ਦੀ ਸੁਤੰਤਰਤਾ ਨੂੰ ਖ਼ਤਰੇ ਵਿੱਚ ਪਾਉਣਾ ਕਰਾਰ ਦਿੱਤਾ।

ਜੇਕਰ ਉਪ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਨ੍ਹਾ ਪਿਛੋਕੜ ਭਾਵ ਪੱਛਮੀ ਬੰਗਾਲ ਦੇ ਰਾਜਪਾਲ ਵਜੋਂ ਨਿਭਾਏ ਕਾਰਜਕਾਲ ਵਾਲੇ ਸਮੇਂ 'ਤੇ ਨਜ਼ਰ ਮਾਰੀ ਤਾਂ ਉਸ ਸਮੇਂ ਵੀ ਉਹ ਅਕਸਰ ਵਿਵਾਦਾਂ ਵਿੱਚ ਘਿਰੇ ਰਹੇ। ਜਦੋਂ ਉਨ੍ਹਾ ਦੇ ਰਾਜਪਾਲ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਕਈ ਵਾਰ ਸਰਵਜਨਕ ਤਕਰਾਰ ਹੋਈ। ਕਈ ਵਾਰ ਉਨ੍ਹਾ ਦੇ ਟਵੀਟ ਤੇ ਬਿਆਨ ਰਾਜਪਾਲ ਦੀ ਮਰਿਆਦਾ ਤੇ ਸੰਵਿਧਾਨਕ ਰੋਲ ਨਾਲ ਮੇਲ ਨਾ ਖਾਂਦੇ ਦਿਖਾਈ ਦਿੱਤੇ।

ਕੁੱਲ ਮਿਲਾ ਕੇ ਰਾਜ ਸਭਾ ਚਲਾਉਣ ਸਮੇਂ ਪੱਖਪਾਤ ਤੇ ਵਿਰੋਧੀ ਆਵਾਜ਼ਾਂ ਨੂੰ ਦਬਾਉਣਾ ਦਾ ਦੋਸ਼ ਉਹਨਾ 'ਤੇ ਹਰ ਸਮੇਂ ਲੱਗਦਾ ਰਿਹਾ। ਇਸ ਤੋਂ ਇਲਾਵਾ ਰਾਜ ਸਭਾ ਇਜਲਾਸ ਦੌਰਾਨ ਉਨ੍ਹਾ ਦੀਆਂ ਵੱਖ-ਵੱਖ ਮੈਂਬਰਾਂ ਨਾਲ ਹੋਈਆਂ ਤਕਰਾਰਾਂ, ਜਿਵੇਂ ਕਿ ਜੈਭਾਦੁਰੀ, ਜੋ ਕਿ ਅਮਿਤਾਭ ਬਚਨ ਦੀ ਪਤਨੀ ਹਨ, ਨਾਲ ਤਕਰਾਰਾਂ ਕਾਫ਼ੀ ਚਰਚਾਵਾਂ ਵਿੱਚ ਰਹੀਆਂ।

ਨਿਆਂ ਪਾਲਿਕਾ ਨੂੰ ਨਿਸ਼ਾਨਾ ਬਨਾਉਣਾ ਅਤੇ ਸੰਵਿਧਾਨ ਤੋਂ ਉਪਰ ਸੰਸਦ ਨੂੰ ਮੰਨਣ ਵਰਗੇ ਬਿਆਨ ਵੀ ਮੀਡੀਆ ਚ ਸੁਰਖੀਆਂ ਬਣਦੇ ਰਹੇ।

ਕੁੱਲ ਮਿਲਾ ਕੇ ਧਨਖੜ ਬਤੌਰ ਉਪ ਰਾਸ਼ਟਰਪਤੀ ਆਪਣੇ ਵਿਵਾਦਤ ਬਿਆਨਾਂ ਤੇ ਕਾਰਜਸ਼ੈਲੀ ਦੇ ਚੱਲਦਿਆਂ ਜਿੰਨੇ ਜ਼ਿਆਦਾ ਚਰਚਾਵਾਂ ਵਿੱਚ ਰਹੇ, ਉਹਨਾ ਤੋਂ ਪਹਿਲਾਂ ਕੋਈ ਉਪ ਰਾਸ਼ਟਰਪਤੀ ਏਨਾ ਚਰਚਾਵਾਂ ਵਿੱਚ ਨਹੀਂ ਰਿਹਾ।

**#ਸੰਪਰਕ : 98552-59650**

# ਕੇਂਦਰ ਤੇ ਸੂਬਾ ਸਰਕਾਰ ਦੀਆਂ ਨਰੇਗਾ ਕਨੂੰਨ ਬੰਦ ਕਰਨ ਦੀਆਂ ਨੀਤੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਖੋਸਾ, ਭੋਲਾ

## ਹੱਕੀ ਮੰਗਾਂ ਨੂੰ ਲੈ ਕੇ ਨਰੇਗਾ ਕਾਮਿਆਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ



ਮੋਗਾ (ਇਕਬਾਲ ਸਿੰਘ ਖਹਿਰਾ)- ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਸੱਦੇ 'ਤੇ ਜ਼ਿਲ੍ਹਾ ਮੋਗਾ ਦੇ ਡੀ ਸੀ ਦਫ਼ਤਰ ਅੱਗੇ ਨਰੇਗਾ ਮਜ਼ਦੂਰਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਧਰਨਾ ਤੇ ਮੁਜ਼ਾਹਰਾ ਕੀਤਾ।ਜ਼ਿਲ੍ਹੇ ਦੇ ਕੋਨੇ ਕੋਨੇ ਤੋਂ ਪਹੁੰਚੇ ਨਰੇਗਾ ਮਜ਼ਦੂਰ, ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਵੀ ਸੀ 'ਕੇਂਦਰ ਸਰਕਾਰ ਮੁਰਦਾਬਾਦ, ਨਰੇਗਾ ਪ੍ਰਸ਼ਾਸਨ ਮੁਰਦਾਬਾਦ, ਕਿਰਤੀਆਂ ਦਾ ਏਕਾ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਪਹਿਲਾਂ ਦਾਣਾ ਮੰਡੀ ਵਿੱਚ ਇਕੱਠੇ ਹੋਏ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ, ਸਲਾਹਕਾਰ ਕੁਲਦੀਪ ਸਿੰਘ ਭੋਲਾ ਤੇ ਜ਼ਿਲ੍ਹਾ ਪ੍ਰਧਾਨ ਸ਼ੇਰ ਸਿੰਘ ਦੌਲਤਪੁਰਾ ਨੇ ਕਿਹਾ ਕਿ ਜਦੋਂ ਦੀ ਕੇਂਦਰ ਵਿੱਚ ਮੋਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਉਹ ਨਰੇਗਾ ਕਾਨੂੰਨ ਨੂੰ ਬੰਦ ਕਰਨ ਦੀਆਂ ਚਾਲਾਂ ਚੱਲ ਰਹੀ ਹੈ।ਇਸ ਲਈ ਹਰ ਸਾਲ ਨਰੇਗਾ ਦਾ ਬਜਟ ਬਹੁਤ ਘੱਟ ਰੱਖ ਰਹੀ ਹੈ, ਉੱਥੇ ਪੰਜਾਬ ਸਰਕਾਰ ਵੀ ਨਰੇਗਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿੱਚ ਫੇਲ੍ਹ ਸਾਬਿਤ ਹੋ ਰਹੀ ਹੈ।ਨਰੇਗਾ ਦੇ ਕੰਮ ਦੀ ਕਾਨੂੰਨੀ 100 ਦਿਨ ਦੀ ਗਾਰੰਟੀ ਵਿੱਚੋਂ ਮਜ਼ਦੂਰਾਂ ਨੂੰ ਤੀਜਾ ਕੁ ਹਿੱਸਾ ਹੀ ਕੰਮ ਮਿਲਦਾ ਹੈ।ਉਨ੍ਹਾਂ ਕਿਹਾ ਕਿ ਨਰੇਗਾ ਮਜ਼ਦੂਰਾਂ ਕੋਲ ਕਨੂੰਨ ਨੂੰ ਬਚਾਉਣ ਲਈ ਸੰਘਰਸ਼ ਤੇਜ਼ ਕਰਨਾ ਪੈਣਾ ਹੈ।ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਮਜ਼ਦੂਰਾਂ ਦੀ ਅਗਵਾਈ ਕਰਨ ਲਈ ਬਿਲਕੁਲ ਤਿਆਰ ਹੈ।ਉਨ੍ਹਾਂ ਕਿਹਾ ਕਿ ਜੇਕਰ ਹੁਣ ਵੀ ਨਰੇਗਾ ਮਜ਼ਦੂਰ ਆਪਣੇ ਹੱਕਾਂ ਲਈ ਨਾ ਜਾਗੇ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਨਰੇਗਾ ਨੂੰ ਖਤਮ ਕਰਨ ਲਈ ਦੇਰ ਨਹੀਂ ਲਾਵੇਗੀ, ਪਰ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਨਰੇਗਾ ਮਜ਼ਦੂਰ ਇਸ ਇਤਿਹਾਸਕ ਲੜਾਈ ਲੜਨ ਲਈ ਮੈਦਾਨ ਵਿੱਚ ਆਉਣਗੇ, ਕਿਉਂਕਿ ਨਰੇਗਾ ਨੂੰ ਬਚਾਉਣਾ ਤੇ ਵਧਾਉਣਾ ਸਾਡੀ ਅਣਸਰਦੀ ਲੋੜ ਹੈ।ਜ਼ਿਲ੍ਹਾ ਆਗੂ ਜਬਰਜੰਗ ਸਿੰਘ, ਲਖਵੀਰ ਸਿੰਘ ਰਾਜੂ ਮਹੇਸ਼ਰੀ, ਮਹਿੰਦਰ ਸਿੰਘ ਧੂੜਕੋਟ, ਇੰਦਰਜੀਤ ਦੀਨਾ, ਸਵਰਾਜ ਸਿੰਘ ਢੁੱਡੀਕੇ, ਬਿੰਦਰ ਕੌਰ ਗਲੋਟੀ, ਕਮਲੇਸ਼ ਸਿੰਘ, ਗੁਰਮੀਤ ਵਾਂਦਰ, ਕਾਮਰੇਡ ਜਗਜੀਤ ਸਿੰਘ, ਵੀਰਪਾਲ ਕੌਰ ਠੱਠੀ, ਕਰਮਵੀਰ ਕੌਰ ਭਾਈ ਆਦਿ ਆਗੂਆਂ ਨੇ ਮੰਗ ਕੀਤੀ ਕਿ ਮਜ਼ਦੂਰਾਂ ਦੀ ਹਾਜ਼ਰੀ ਜੌਬ ਕਾਰਡ 'ਤੇ ਲਾਉਣੀ ਜ਼ਰੂਰੀ ਕੀਤੀ ਜਾਵੇ, ਕੰਮ ਅਰਜ਼ੀ ਦੀ ਰਸੀਦ ਨਾ ਦੇਣ ਵਾਲੇ ਵਿਰੁੱਧ ਕਾਰਵਾਈ ਕੀਤੀ ਜਾਵੇ ਤੇ ਮੰਗੇ ਕੰਮ ਨੂੰ ਸਮੇਂ ਸਿਰ ਅਤੇ ਮੰਗ ਮੁਤਾਬਿਕ ਪੂਰਾ ਦਿੱਤਾ ਜਾਵੇ, ਉਜਰਤ ਅਦਾਇਗੀ 15 ਦਿਨਾਂ ਵਿੱਚ ਯਕੀਨੀ ਹੋਵੇ ਤੇ ਦੇਰੀ ਹੋਣ 'ਤੇ ਹਰਜਾਨੇ ਸਮੇਤ ਵੱਧ ਉਜ਼ਰਤਾਂ ਦਿੱਤੀਆਂ ਜਾਣ, ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਨਰੇਗਾ ਮੇਟਾਂ ਨੂੰ ਹਦਾਇਤਾਂ ਅਨੁਸਾਰ ਅਰਧ ਸਿਖਿਅਤ ਵਾਲੀ ਦਿਹਾੜੀ ਦਿੱਤੀ ਜਾਵੇ, ਕੰਮ ਵਾਲੀ ਜਗ੍ਹਾ 'ਤੇ ਕਾਨੂੰਨ ਮੁਤਾਬਕ ਸਾਰੀਆਂ ਸਹੂਲਤਾਂ (ਫਸਟ ਏਡ ਬਾਕਸ, ਸਾਫ਼ ਪਾਣੀ ਆਦਿ) ਦਿੱਤੀਆਂ ਜਾਣ, ਕੰਮ ਦੇ ਘੰਟੇ ਸ਼ੁਰੂ ਵਾਲੇ 6 ਕੀਤੇ ਜਾਣ, ਕੰਮ ਵਾਲੀ ਜਗ੍ਹਾ 'ਤੇ ਦੁਰਘਟਨਾ ਦਾ ਮੁਆਵਜ਼ਾ ਅੱਜ ਹਾਲਤਾਂ ਮੁਤਾਬਕ 5 ਲੱਖ ਕੀਤਾ ਜਾਵੇ, ਰਹਿੰਦੇ ਬਕਾਏ ਤਰੁੰਤ ਜਾਰੀ ਕੀਤੇ ਜਾਣ, ਕੰਮ ਦੇ ਦਿਨਾਂ ਦੀ ਗਰੰਟੀ 200 ਦਿਨ, ਉਜਰਤ ਰੇਟ ਬਿਨਾਂ ਰੋਟੀ ਖੇਤੀਬਾੜੀ ਵਾਲਾ ਮਿਲਣਾ ਯਕੀਨੀ ਬਣਾਇਆ ਜਾਵੇ ਤੇ ਉਜਰਤ ਦਾ ਵਾਧਾ 1000 ਰੁਪਏ ਪ੍ਰਤੀ ਦਿਨ (26 ਹਜ਼ਾਰ ਪ੍ਰਤੀ ਮਹੀਨਾ) ਅਨੁਸਾਰ ਕੀਤਾ ਜਾਵੇ, ਮਜ਼ਦੂਰਾਂ, ਮੇਟਾਂ ਤੇ ਨਰੇਗਾ ਸਟਾਫ ਲਈ ਮੁਸੀਬਤ ਬਣੀ ਐਨ.ਐਮ.ਐਮ.ਐਸ.ਐਪ ਤੇ ਹਾਜ਼ਰੀ ਲਈ ਨਿਸ਼ਚਿਤ ਜਗ੍ਹਾ (ਜੀਓ ਟੈਗ ਪੁਆਇੰਟ) ਨੂੰ ਤੁਰੰਤ ਬੰਦ ਕੀਤਾ ਜਾਵੇ। ਇਸ ਤੋਂ ਬਾਅਦ ਨਰੇਗਾ ਮਜ਼ਦੂਰਾਂ ਨੂੰ ਮੰਗ ਪੱਤਰ ਲੈਣ ਦਾ ਵਿਸ਼ਵਾਸ ਦਿਵਾ ਕੇ ਡਿਪਟੀ ਕਮਿਸ਼ਨਰ ਦੂਸਰੇ ਗੇਟ ਰਾਹੀਂ ਜਾਣ ਲੱਗੇ ਤਾਂ ਨਰੇਗਾ ਮਜ਼ਦੂਰਾਂ ਨੇ ਉਨ੍ਹਾਂ ਦੀ ਗੱਡੀ ਘੇਰ ਲਈ।ਨਰੇਗਾ ਨਰੇਗਾ ਪ੍ਰਸ਼ਾਸਨ ਦੇ ਇਸ ਰਵੱਈਏ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਸ੍ਰੀ ਸਾਗਰ ਸੇਤੀਆ ਨੂੰ ਨਰੇਗਾ ਮਜ਼ਦੂਰਾਂ ਦੇ ਆਗੂਆਂ ਨਾਲ ਇੱਕ ਛੋਟੀ ਮੀਟਿੰਗ ਵੀ ਕਰਨੀ ਪਈ ਤੇ ਮੰਗ ਪੱਤਰ ਵੀ ਨਰੇਗਾ ਮਜ਼ਦੂਰਾਂ ਦੇ ਧਰਨੇ ਵਿੱਚ ਆ ਕੇ ਲੈਣਾ ਪਿਆ।ਇਸ ਮੌਕੇ ਉਨ੍ਹਾਂ ਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ ਦਿਵਾਇਆ ਤੇ 29 ਜੁਲਾਈ ਨੂੰ ਇੱਕ ਮੀਟਿੰਗ ਨਰੇਗਾ ਵਫ਼ਦ ਨਾਲ ਕਰਨ ਫੈਸਲਾ ਕੀਤਾ।ਇਸ ਮੌਕੇ ਹੋਰਨਾਂ ਤੋਂ ਬੋਹੜ ਸਿੰਘ ਬੁੱਟਰ, ਸੁੱਖਾ ਪੇਂਟਰ, ਸਵਰਾਜ ਖੋਸਾ, ਮੁਕੰਦ ਕੁੱਸਾ, ਸਿਕੰਦਰ ਮਧੇ ਕੇ ਨੇ ਵੀ ਸੰਬੋਧਨ ਕੀਤਾ।

# ਬੀ ਐੱਡ ਅਧਿਆਪਕ ਫਰੰਟ ਵੱਲੋਂ ਸਿੱਖਿਆ ਵਿਭਾਗ ਦੇ ਬੇਤੁਕੇ ਫੈਸਲਿਆਂ ਦਾ ਵਿਰੋਧ

ਮਾਨਸਾ (ਆਤਮਾ ਸਿੰਘ ਪਮਾਰ)-ਬੀ ਐੱਡ ਅਧਿਆਪਕ ਫਰੰਟ ਵੱਲੋਂ ਸਿੱਖਿਆ ਵਿਭਾਗ ਦੁਆਰਾ ਕੀਤੇ ਜਾ ਰਹੇ ਬੇਤੁਕੇ ਫੈਸਲਿਆਂ ਦਾ ਸਖ਼ਤ ਸ਼ਬਦਾਂ ਵਿੱਚ ਵਿਰੋਧ ਕੀਤਾ ਗਿਆ।ਵਿਭਾਗ ਨੇ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਅਧਿਆਪਕਾਂ ਦੀਆਂ ਜੇਬਾਂ 'ਚੋਂ ਹਜ਼ਾਰਾਂ ਰੁਪਏ ਖ਼ਰਚ ਕਰਵਾ ਦਿੱਤੇ ਤੇ ਜਦੋਂ ਪੈਸੇ ਮੋੜਨ ਦਾ ਸਮਾਂ ਆਇਆ ਤਾਂ ਪੁਰਾਣੇ ਖਾਤੇ ਬੰਦ ਕਰਵਾਉਣ ਦੇ ਹੁਕਮ ਜਾਰੀ ਕਰ ਦਿੱਤੇ ਤੇ ਕਿਹਾ ਕਿ ਪੈਸੇ ਨਵੇਂ ਖਾਤਿਆਂ ਵਿੱਚ ਪਾਏ ਜਾਣਗੇ, ਜਿਨ੍ਹਾਂ ਖਾਤਿਆਂ ਨੂੰ ਖੁੱਲ੍ਹਵਾਉਣ ਸਬੰਧੀ ਸਿੱਖਿਆ ਵਿਭਾਗ ਨੂੰ ਖੁਦ ਵੀ ਇਲਮ ਨਹੀਂ।ਇਸੇ ਤਰ੍ਹਾਂ ਸਕੂਲ ਮੈਨੇਜਮੈਂਟ ਕਮੇਟੀਆਂ ਬਣਾਉਣ ਸਮੇਂ ਵੀ ਅਧਿਆਪਕਾਂ ਨੂੰ ਬੇਹੱਦ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਬੱਚਿਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਪਿਆ ਹੈ।ਅਚਨਚੇਤ ਹੀ ਵਿਭਾਗ ਨੇ ਕੁੱਕ ਬੀਬੀਆਂ ਦੇ ਖਾਤੇ ਵੀ ਕੇਨਰਾ ਬੈਂਕ ਵਿੱਚ ਤਬਦੀਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।ਇਸ ਬੈਂਕ ਦੀਆਂ ਬ੍ਰਾਂਚਾਂ ਬਹੁਤ ਘੱਟ ਹਨ।ਸਮਝੋਂ ਬਾਹਰ ਐ ਕੁੱਕ ਬੀਬੀਆਂ ਕਿਸ ਤਰ੍ਹਾਂ ਦੂਰ ਦੁਰਾਡੇ ਇਨ੍ਹਾਂ ਬੈਂਕਾਂ ਵਿੱਚ ਜਾ ਕੇ ਆਪਣੇ ਪੈਸੇ ਦਾ ਲੈਣ ਦੇਣ ਕਰਨਗੀਆਂ।ਸਿੱਖਿਆ ਵਿਭਾਗ ਦੇ ਅਧਿਕਾਰੀ ਸਿਰਫ਼ ਆਪਣੇ ਐੱਮ ਓ ਯੂ ਤੇ ਸੌਖਿਆਈ ਨੂੰ ਮੁੱਖ ਰੱਖ ਕੇ ਹੀ ਅਜਿਹੇ ਫੈਸਲੇ ਕਰ ਰਹੇ ਹਨ।ਅਧਿਆਪਨ ਦੇ ਕੰਮ, ਸਟਾਫ ਦੇ ਕੰਮ ਤੇ ਬੱਚਿਆਂ ਦੀ ਪੜ੍ਹਾਈ ਦਾ ਬਿਲਕੁਲ ਹੀ ਖਿਆਲ ਨਹੀਂ ਰੱਖਿਆ ਜਾ ਰਿਹਾ।ਸਿੱਖਿਆ ਵਿਭਾਗ ਦੇ ਅਜਿਹੇ ਬੇਤੁਕੇ ਫੈਸਲਿਆਂ ਨੂੰ ਲੈ ਕੇ ਅਧਿਆਪਕਾਂ ਤੇ ਕੁੱਕ ਬੀਬੀਆਂ 'ਚ ਕਾਫੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ।

ਜੇਕਰ ਅਜਿਹਾ ਵਰਤਾਰਾ ਜਾਰੀ ਰਿਹਾ ਤਾਂ ਆਉਣ ਵਾਲੇ ਦਿਨਾਂ ਵਿੱਚ ਸਿੱਖਿਆ ਵਿਭਾਗ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।ਇਸ ਮੌਕੇ ਦਰਸ਼ਨ ਅਲੀਸ਼ੇਰ, ਨਿਤਿਨ ਸੋਢੀ, ਜਨਕ ਸਮਾਓਂ, ਜਸਵਿੰਦਰ ਜੋਗਾ, ਗੁਰਜੀਤ ਰੜ, ਜਤਿੰਦਰ ਪਾਲ ਭੀਖੀ, ਸ਼ਮਸ਼ੇਰ ਬਰੇਟਾ, ਵਿਨੋਦ ਬਰੇਟਾ, ਗੁਰਜੰਟ ਨੰਗਲ, ਹਰਦੀਪ ਮੱਤੀ, ਬਲਵੰਤ ਸਿੰਘ, ਜੁਗਰਾਜ ਭੀਖੀ, ਜਗਸੀਰ ਹੀਰੋਂ, ਜਗਜੀਵਨ ਹੋਡਲਾ, ਗੁਰਸੇਵਕ ਭੀਖੀ, ਦਰਸ਼ਨ ਜੋਗਾ, ਜਸਵੰਤ ਕੌਰ, ਕਵਿਤਾ ਸ਼ਰਮਾ, ਹਰਜੀਤ ਕੌਰ, ਬੇਅੰਤ ਕੌਰ, ਮਨਦੀਪ ਕੌਰ, ਕੰਚਨ, ਅਨੀਤਾ ਜੈਨ ਤੇ ਭਰਾਤਰੀ ਜਥੇਬੰਦੀਆਂ ਦੇ ਆਗੂ ਵੀ ਹਾਜ਼ਰ ਸਨ।

# ਅਸਲੀ ਹੀਰੋ ਨੂੰ ਕਿਉਂ ਭੁੱਲਿਆ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ?

## ਸਰਹੰਦ ਨਹਿਰ 'ਚ ਡਿੱਗੀ ਕਾਰ ਦੇ ਸਵਾਰਾਂ ਨੂੰ ਬਚਾਉਣ ਵਾਲੇ ਕ੍ਰਿਸ਼ਨਾ ਨੂੰ ਆਜ਼ਾਦੀ ਦਿਹਾੜੇ 'ਤੇ ਸਨਮਾਨਤ ਕਰਨ ਦੀ ਉੱਠੀ ਮੰਗ



ਬਠਿੰਡਾ (ਪਰਵਿੰਦਰ ਜੀਤ ਸਿੰਘ)

ਪਿਛਲੇ ਦਿਨੀਂ ਸਰਹੰਦ ਨਹਿਰ ਵਿੱਚ ਖਚਾਖਚ ਸਵਾਰੀਆਂ ਨਾਲ ਭਰੀ ਕਾਰ ਡਿੱਗ ਪਈ, ਮੌਕੇ 'ਤੇ ਹੀ ਜਾ ਰਹੇ ਕ੍ਰਿਸ਼ਨਾ ਨਾਮ ਦੇ ਨੌਜਵਾਨ ਨੇ ਤੁਰੰਤ ਛਾਲ ਮਾਰ ਕੇ ਨਹਿਰ ਵਿੱਚ ਡਿੱਗੀ ਕਾਰ ਦਾ ਸ਼ੀਸ਼ਾ ਤੋੜ ਕੇ 5 ਬੱਚਿਆਂ, 3 ਮਹਿਲਾਵਾਂ ਤੇ 3 ਵਿਅਕਤੀਆਂ ਨੂੰ ਸੁਰੱਖਿਅਤ ਕਾਰ ਦੀ ਛੱਤ 'ਤੇ ਬਾਹਰ ਕੱਢ ਲਿਆ ਤੇ ਉਨ੍ਹਾਂ ਦੀ ਜਾਨ ਬਚਾ ਲਈ, 15 ਮਿੰਟ ਬਾਅਦ ਪੁਲਸ ਮੁਲਾਜ਼ਮ ਜਸਵੰਤ ਸਿੰਘ, ਨਰਿੰਦਰ ਸਿੰਘ ਤੇ ਹਰਪਾਲ ਕੌਰ ਵੀ ਪਹੁੰਚੇ ਅਤੇ ਉਨ੍ਹਾਂ ਨੇ ਵੀ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਨਹਿਰ ਵਿੱਚ ਛਾਲਾਂ ਮਾਰ ਕੇ ਸਵਾਰੀਆਂ ਨੂੰ ਨਹਿਰ ਵਿੱਚੋਂ ਬਾਹਰ ਕੱਢ ਲਿਆ।ਪੁਲਸ ਮੁਲਾਜ਼ਮਾਂ ਦੀ ਬਹਾਦਰੀ ਦਾ ਅਸੀਂ ਵੀ ਸਨਮਾਨ ਕਰਦੇ ਹਾਂ, ਪਰ ਇਸ ਘਟਨਾ ਦੀਆਂ ਵਾਇਰਲ ਵੀਡੀਓ ਵਿੱਚ ਸਭ ਤੋਂ ਪਹਿਲਾਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਕੇ ਛਾਲ ਮਾਰ ਕੇ ਸਵਾਰੀਆਂ ਨੂੰ ਕਾਰ ਦਾ ਸ਼ੀਸ਼ਾ ਤੋੜ ਕੇ ਬਾਹਰ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਕ੍ਰਿਸ਼ਨ ਨੂੰ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ ਨਜ਼ਰ ਅੰਦਾਜ਼ ਕਿਉਂ ਕਰ ਰਹੇ ਹਨ? ਇਹ ਸਵਾਲ ਇਸ ਲਈ ਖੜ੍ਹਾ ਹੋਇਆ ਹੈ ਕਿ ਪੁਲਸ ਵਿਭਾਗ ਵੱਲੋਂ ਆਪਣੇ ਪੁਲਸ ਮੁਲਾਜ਼ਮਾਂ ਨੂੰ ਤਾਂ 25 ਹਜ਼ਾਰ ਰੁਪਏ ਪ੍ਰਤੀ ਵਿਅਕਤੀ ਬੀਤੀ ਸਹਾਇਤਾ ਤੇ ਡੀਜੀਪੀ ਡਿਸਕ ਐਵਾਰਡ ਦੇ ਕੇ ਸਨਮਾਨਤ ਕਰ ਦਿੱਤਾ ਤੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵੀ ਉਨ੍ਹਾਂ ਪੁਲਸ ਮੁਲਾਜ਼ਮਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ, ਪ੍ਰੰਤੂ ਸਭ ਤੋਂ ਪਹਿਲਾਂ ਕੋਸ਼ਿਸ਼ ਕਰਨ ਵਾਲੇ ਕ੍ਰਿਸ਼ਨਾ ਨੂੰ ਨਜ਼ਰ ਅੰਦਾਜ਼ ਕਿਉਂ ਕੀਤਾ ਜਾ ਰਿਹਾ ਹੈ?

ਇਸ ਮਾਮਲੇ ਸੰਬੰਧੀ ਜਦੋਂ ਕ੍ਰਿਸ਼ਨਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੁਲਸ ਮੁਲਾਜ਼ਮ ਉਸ ਤੋਂ 15 ਮਿੰਟ ਲੇਟ ਆਏ ਤੇ ਉਨ੍ਹਾਂ ਨੇ ਵੀ ਮਦਦ ਕਰਕੇ ਸਵਾਰੀਆਂ ਨੂੰ ਬਾਹਰ ਕੱਢਿਆ, ਜਿਸ ਲਈ ਉਨ੍ਹਾਂ ਦਾ ਵੀ ਧੰਨਵਾਦ ਕਰਦੇ ਹਨ ਅਤੇ ਉਨ੍ਹਾਂ ਦੀ ਬਹਾਦਰੀ ਦਾ ਸਨਮਾਨ ਕਰਨਾ ਵੀ ਜ਼ਰੂਰੀ ਹੈ, ਇਸ ਨਾਲ ਕੋਈ ਨਰਾਜ਼ਗੀ ਨਹੀਂ, ਪ੍ਰੰਤੂ ਸਭ ਤੋਂ ਪਹਿਲਾਂ, ਜਿਸ ਨੇ ਛਾਲ ਮਾਰ ਕੇ ਸ਼ੀਸ਼ਾ ਤੋੜ ਕੇ ਉਨ੍ਹਾਂ ਦੀ ਜਾਨ ਬਚਾਉਣ ਲਈ ਯਤਨ ਕੀਤਾ, ਉਸ ਇਨਸਾਨ ਨੂੰ ਵੀ ਨਜ਼ਰ ਅੰਦਾਜ਼ ਕਰਨਾ ਚੰਗੀ ਗੱਲ ਨਹੀਂ।ਉਨ੍ਹਾਂ ਦੱਸਿਆ ਕਿ ਹਾਲੇ ਤੱਕ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਜਾਂ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਵੱਲੋਂ ਸਨਮਾਨ ਨਹੀਂ ਮਿਲਿਆ ਤੇ ਨਾ ਹੀ ਕੋਈ ਫੋਨ ਕਰਕੇ ਹੌਸਲਾ ਅਫ਼ਜ਼ਾਈ ਕੀਤੀ ਗਈ, ਜਦੋਂਕਿ ਕਾਵੜ ਸੰਗ ਵੱਲੋਂ ਜ਼ਰੂਰ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਇਸ ਮਾਮਲੇ ਸੰਬੰਧੀ ਜਦੋਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕ੍ਰਿਸ਼ਨਾ ਨਾਮ ਦੇ ਵਿਅਕਤੀ ਨੇ ਵੀ ਯਤਨ ਕਰਕੇ ਸਵਾਰੀਆਂ ਨੂੰ ਬਚਾਉਣ ਵਿੱਚ ਉਪਰਾਲਾ ਕੀਤਾ, ਪਰ ਉਸ ਦੇ ਸਨਮਾਨ ਜਾਂ ਉਸ ਦੀ ਹੌਸਲਾ ਅਫ਼ਜ਼ਾਈ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਦਰਖਾਸਤ ਜਾਂ ਸੁਝਾਅ ਸਾਹਮਣੇ ਨਹੀਂ ਆਇਆ।ਹੁਣ ਦੇਖਣਾ ਹੋਵੇਗਾ ਕਿ ਸਮਾਜ ਵਿੱਚ ਕ੍ਰਿਸ਼ਨਾ ਦੀ ਬਹਾਦਰੀ ਤੇ ਸਨਮਾਨ ਦੇਣ ਦੀ ਉੱਠੀ ਆਵਾਜ਼ 'ਤੇ ਜ਼ਿਲ੍ਹਾ ਪ੍ਰਸ਼ਾਸਨ ਜਾਂ ਸਰਕਾਰ ਕੀ ਭੂਮਿਕਾ ਨਿਭਾਉਂਦੀ ਹੈ? ਇਸ ਤਰ੍ਹਾਂ ਦੀ ਕੋਸ਼ਿਸ਼ ਕਰਨ ਵਾਲੇ ਬਹਾਦਰਾਂ ਦੇ ਸਨਮਾਨ ਲਈ ਲੋਕ ਇਹ ਮੰਗ ਕਰਦੇ ਹਨ ਕਿ 15 ਅਗਸਤ ਵਾਲੇ ਦਿਨ ਵਿਸ਼ੇਸ਼ ਤੌਰ 'ਤੇ 11 ਕੀਮਤੀ ਜਾਨਾਂ ਬਚਾਉਣ ਲਈ ਆਪਣੀ ਜਾਨ ਦੀ ਪ੍ਰਵਾਹ ਨਾ ਕਰਕੇ ਰੋਲ ਨਿਭਾਉਣ ਵਾਲੇ ਕ੍ਰਿਸ਼ਨਾ ਦਾ ਸਨਮਾਨ ਕੀਤਾ ਜਾਵੇ।

# ਨਸ਼ਾ ਤਸਕਰੀ ਦੇ ਵੱਡੇ ਨੈੱਟਵਰਕ ਦਾ ਪਰਦਾ ਫਾਸ਼

## 15 ਕਿਲੋ ਹੈਰੋਇਨ ਸਣੇ ਤਸਕਰ ਕਾਬੂ



ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)

ਫਿਰੋਜ਼ਪੁਰ ਪੁਲਸ ਨੇ ਨਸ਼ਿਆਂ ਵਿਰੁੱਧ ਵਿੱਢੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਇੱਕ ਵਾਰ ਫਿਰ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਜ਼ਿਲ੍ਹਾ ਪਲਸ ਨੇ ਇੱਕ ਸਵਿਫਟ ਕਾਰ ਵਿੱਚੋਂ 15 ਕਿੱਲੋ 7 ਗ੍ਰਾਮ ਹੈਰੋਇਨ ਬਰਾਮਦ ਕਰਕੇ ਇਕ ਮੁਲਜ਼ਮ ਨੂੰ ਕਾਬੂ ਕੀਤਾ ਹੈ। ਇਸ ਬਰਾਮਦਗੀ ਨੂੰ ਫਿਰੋਜ਼ਪੁਰ ਪੁਲਸ ਦੀ ਨਸ਼ਾ ਵਿਰੋਧੀ ਮੁਹਿੰਮ ਲਈ ਇਕ ਮਹੱਤਵਪੂਰਨ ਪ੍ਰਾਪਤੀ ਮੰਨਿਆ ਜਾ ਰਿਹਾ ਹੈ।

ਹਰਮਨਬੀਰ ਸਿੰਘ ਗਿੱਲ ਆਈਪੀਐੱਸ ਡੀਆਈਜੀ ਫਿਰੋਜ਼ਪੁਰ ਰੇਂਜ ਤੇ ਭੁਪਿੰਦਰ ਸਿੰਘ ਪੀਪੀਐੱਸ ਸੀਨੀਅਰ ਕਪਤਾਨ ਪੁਲਸ ਫਿਰੋਜ਼ਪੁਰ ਨੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ 24 ਜੁਲਾਈ ਨੂੰ ਇੰਸਪੈਕਟਰ ਗੁਰਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਘੱਲ ਖੁਰਦ ਆਪਣੀ ਟੀਮ ਸਮੇਤ ਗਸ਼ਤ ਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰ ਰਹੇ ਸਨ। ਬੱਸ ਅੱਡਾ ਪਿੰਡ ਫਿਰੋਜ਼ਸ਼ਾਹ ਤੋਂ ਥੋੜ੍ਹਾ ਪਿੱਛੇ ਇੱਕ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਮੇਸ਼ ਕੁਮਾਰ ਪੁੱਤਰ ਕ੍ਰਿਸ਼ਨ ਲਾਲ ਵਾਸੀ ਮੋਹਕਮ ਖਾਂ ਵਾਲਾ, ਥਾਣਾ ਕੁੱਲਗੜ੍ਹੀ, ਜੋ ਕਿ ਗੋਲਡਨ ਇੰਨਕਲੇਵ ਫਿਰੋਜ਼ਪੁਰ ਵਿਖੇ ਰਹਿੰਦਾ ਹੈ, ਬਾਹਰਲੇ ਜ਼ਿਲ੍ਹਿਆਂ ਤੋਂ ਹੈਰੋਇਨ ਲਿਆ ਕੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਤਸਕਰੀ ਕਰਦਾ ਹੈ। ਮੁਖਬਰ ਨੇ ਦੱਸਿਆ ਕਿ ਅੱਜ ਵੀ ਉਹ ਸਵਿਫਟ ਕਾਰ ਨੰਬਰ ਐੱਚਆਰ-26-ਬੀਪੀ-8555 'ਤੇ ਭਾਰੀ ਮਾਤਰਾ ਵਿੱਚ ਹੈਰੋਇਨ ਦੀ ਸਪਲਾਈ ਕਰਨ ਲਈ ਸੋਢੀਆਂ ਦੇ ਅਕਾਲ ਸਹਾਏ ਫਾਰਮ ਨੇੜੇ ਸੋਢੀ ਨਗਰ ਦੇ ਸਾਹਮਣੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਪਾਰਟੀ ਨੇ ਰੇਡ ਕਰਕੇ ਦੋਸ਼ੀ ਰਮੇਸ਼ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ। ਕਰਨ ਸ਼ਰਮਾ ਪੀਪੀਐੱਸ ਉਪ ਕਪਤਾਨ ਪੁਲਸ (ਦਿਹਾਤੀ) ਫਿਰੋਜ਼ਪੁਰ ਦੀ ਹਾਜ਼ਰੀ ਵਿੱਚ ਕੀਤੀ ਗਈ ਤਲਾਸ਼ੀ ਦੌਰਾਨ ਰਮੇਸ਼ ਕੁਮਾਰ ਦੀ ਸਵਿਫਟ ਕਾਰ ਨੰਬਰਰ ਐੱਚਆਰ-26-ਬੀਪੀ-8555 ਵਿੱਚੋਂ ਕੁੱਲ 15 ਕਿੱਲੋ 7 ਗ੍ਰਾਮ ਹੈਰੋਇਨ ਬਰਾਮਦ ਹੋਈ। ਇਹ ਬਰਾਮਦਗੀ ਕਰੋੜਾਂ ਰੁਪਏ ਦੀ ਅੰਤਰਰਾਸ਼ਟਰੀ ਬਾਜ਼ਾਰੀ ਕੀਮਤ ਵਾਲੀ ਹੈ। ਦੋਸ਼ੀ ਰਮੇਸ਼ ਕੁਮਾਰ ਦਾ ਪੁਰਾਣਾ ਅਪਰਾਧਕ ਰਿਕਾਰਡ ਵੀ ਹੈ, ਜਿਸ ਵਿੱਚ ਜੂਆ ਐਕਟ, ਧੋਖਾਧੜੀ ਤੇ ਐੱਨਡੀਪੀਐੱਸ ਐਕਟ ਤਹਿਤ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ। ਉਸ ਵਿਰੁੱਧ ਥਾਣਾ ਕੈਂਟ ਫਿਰੋਜ਼ਪੁਰ ਵਿਖੇ 2008 ਵਿੱਚ ਜੂਆ ਐਕਟ ਤਹਿਤ 2010 ਤੇ 2012 ਵਿਚ ਥਾਣਾ ਸਦਰ ਫਿਰੋਜ਼ਪੁਰ ਤੇ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਧੋਖਾਧੜੀ ਦੇ ਮਾਮਲੇ ਅਤੇ 2014 ਵਿਚ ਥਾਣਾ ਕੁੱਲਗੜ੍ਹੀ ਵਿਖੇ ਐੱਨਡੀਪੀਐੱਸ ਐਕਟ ਤਹਿਤ 3 ਗ੍ਰਾਮ ਹੈਰੋਇਨ ਦੀ ਬਰਾਮਦਗੀ ਦਾ ਮੁਕੱਦਮਾ ਦਰਜ ਹੈ। ਇਸ ਤੋਂ ਇਲਾਵਾ 2022 ਵਿੱਚ ਥਾਣਾ ਕ੍ਰਾਇਮ ਬਰਾਂਚ ਵਿਖੇ ਵੀ ਉਸ 'ਤੇ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਹੋਇਆ ਸੀ। ਇਸ ਵੱਡੀ ਬਰਾਮਦਗੀ ਨਾਲ ਫਿਰੋਜ਼ਪੁਰ ਪੁਲਸ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਸੰਦੇਸ਼ ਦਿੱਤਾ ਹੈ ਕਿ ਜ਼ਿਲ੍ਹੇ ਵਿੱਚ ਕਿਸੇ ਵੀ ਕੀਮਤ 'ਤੇ ਨਸ਼ਿਆਂ ਦੀ ਤਸਕਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪੁਲਸ ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਨੂੰ ਵੀ ਕਾਬੂ ਕੀਤਾ ਜਾ ਸਕੇ ਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਮਿਸ਼ਨ ਨੂੰ ਪੂਰਾ ਕੀਤਾ ਜਾ ਸਕੇ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਮਾਰਚ

## ਡੀ ਸੀ ਦਫਤਰ ਨੂੰ ਸੌਂਪਿਆ ਮੰਗ ਪੱਤਰ



ਸੰਗਰੂਰ (ਪ੍ਰਵੀਨ ਸਿੰਘ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਪੰਜਾਬ ਜ਼ਿਲ੍ਹਾ ਸੰਗਰੂਰ ਵੱਲੋਂ ਸਾਥੀ ਸੁਖਦੇਵ ਸ਼ਰਮਾ ਮੇਲਾ ਸਿੰਘ ਪੁੰਨਾਵਾਲ ਬੀਬੀ ਨਿਧੀ ਉਭਾਵਾਲ ਊਸ਼ਾ ਰਾਣੀ ਦੇ ਸੁਖਪਾਲ ਕੌਰ ਕਾਤਰੋਂ ਤੇ ਮੇਲਾ ਸਿੰਘ ਬਾਜਵਾ ਦੀ ਅਗਵਾਈ ਵਿੱਚ ਸੁਤੰਤਰ ਭਵਨ ਸੰਗਰੂਰ ਤੋਂ ਡੀਸੀ ਦਫਤਰ ਤੱਕ ਮਾਰਚ ਕਰਕੇ ਮੰਗ ਪੱਤਰ ਦਿੱਤਾ।ਧਰਨੇ ਨੂੰ ਸੰਬੋਧਨ ਕਰਦਿਆਂ ਸੁਖਦੇਵ ਸ਼ਰਮਾ ਆਗੂ ਪੰਜਾਬ ਏਟਕ ਤੇ ਬੀਬੀ ਨਿਧੀ ਉੱਭਾਵਾਲ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਸਰਕਾਰ ਮਨਰੇਗਾ ਕਾਨੂੰਨ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਕਰ ਰਹੀ, ਨਾ ਹੀ ਨਰੇਗਾ ਕਮਿਆਂ ਨੂੰ ਕੰਮ ਕਰਨ ਲਈ ਸੰਦ ਦਿੱਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਕਿਰਤੀਆਂ ਨੇ ਮੰਗ ਕੀਤੀ ਕਿ ਕਾਮਿਆਂ ਨੂੰ ਹਰ ਹਾਲਤ ਵਿੱਚ 100 ਦਿਨ ਕੰਮ ਦਿੱਤਾ ਜਾਏ ਜੇ 100 ਦਿਨ ਕੰਮ ਨਹੀਂ ਦੇਣਾ ਤਾਂ ਉਨ੍ਹਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਸਰਕਾਰ ਨੇ ਜੇ ਕੰਮ ਨੂੰ ਕਾਨੂੰਨ ਅਨੁਸਾਰ ਚਾਲੂ ਨਾ ਕਰਵਾਇਆ ਤੇ ਕੇਂਦਰੀ ਸਰਕਾਰ ਨੇ ਬਜਟ ਪੂਰਾ ਨਾ ਕੀਤਾ ਤਾਂ ਆਉਂਦੇ ਸਮੇਂ ਵਿੱਚ ਮਨਰੇਗਾ ਵਰਕਰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਤਕੜਾ ਸੰਘਰਸ਼ ਵਿੱਢਣਗੇ।ਉਪਰੋਕਤ ਤੋਂ ਇਲਾਵਾ ਇਸ ਧਰਨੇ ਨੂੰ ਪੰਜਾਬ ਦੇ ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਤੇ ਨਰੇਗਾ ਦੇ ਸਲਾਹਕਾਰ ਮੇਲਾ ਸਿੰਘ ਉਨ੍ਹਾਂ ਵੱਲ ਤੇ ਇੰਦਰ ਸਿੰਘ ਉਸਾਰੀ ਕਾਮਿਆਂ ਦੇ ਪ੍ਰਮੁੱਖ ਆਗੂ ਸਾਥੀ ਪ੍ਰਦੀਪ ਚੀਮਾ ਤੇ ਨੌਜਵਾਨਾਂ ਦੇ ਜ਼ਿਲ੍ਹੇ ਦੇ ਜਨਰਲ ਸਕੱਤਰ ਸਾਥੀ ਨਵਜੀਤ ਸਿੰਘ ਸੰਗਰੂਰ ਨੇ ਵੀ ਸੰਬੋਧਨ ਕੀਤਾ।ਇਸ ਧਰਨੇ ਵਿੱਚ ਉਚੇਚੇ ਤੌਰ 'ਤੇ ਪੰਜਾਬ ਇਸਤਰੀ ਸਭਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਤੇ ਜਨਰਲ ਸਕੱਤਰ ਬੀਬੀ ਸੁਰਿੰਦਰ ਕੌਰ ਤੇ ਵਰਿੰਦਰ ਕੌਰ ਅਤੇ ਸੀਤੋ ਨੇ ਵੀ ਸੰਬੋਧਨ ਕੀਤਾ। ਅੰਤ ਵਿੱਚ ਸੁਖਦੇਵ ਸ਼ਰਮਾ ਨੇ ਏਟਕ ਵੱਲੋਂ ਸਾਥੀਆਂ ਦਾ ਧੰਨਵਾਦ ਕੀਤਾ।

# ਮੁੱਖ ਮੰਤਰੀ ਵੱਲੋਂ ਸਵਾਰੀਆਂ ਦੀ ਜਾਨ ਬਚਾਉਣ ਵਾਲੇ ਪੁਲਸ ਮੁਲਾਜ਼ਮਾਂ ਦੀ ਸ਼ਲਾਘਾ

## ਡੀ.ਜੀ.ਪੀ. ਕਮਾਂਡੇਸ਼ਨ ਡਿਸਕ ਤੇ ਨਗਦ ਇਨਾਮ ਦੇ ਕੇ ਕੀਤਾ ਸਨਮਾਨਤ



ਬਠਿੰਡਾ (ਪਰਵਿੰਦਰ ਜੀਤ ਸਿੰਘ)- ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਬੀਤੇ ਕੱਲ੍ਹ ਸਰਹਿੰਦ ਨਹਿਰ ਵਿੱਚ ਡਿੱਗੀ ਕਾਰ ਵਿੱਚੋਂ ਛੋਟੇ ਬੱਚਿਆਂ ਸਮੇਤ 11 ਸਵਾਰੀਆਂ ਦੀ ਜਾਨ ਬਚਾਉਣ ਵਾਲੇ ਕਰਮੀਆਂ ਦੀ ਜਿੱਥੇ ਸ਼ਲਾਘਾ ਕੀਤੀ, ਉਥੇ ਹੀ ਡੀ.ਜੀ.ਪੀ. ਪੰਜਾਬ ਸ੍ਰੀ ਗੌਰਵ ਯਾਦਵ ਵੱਲੋਂ ਸਨਮਾਨ ਵੀ ਕੀਤਾ ਗਿਆ।ਇਹ ਜਾਣਕਾਰੀ ਜ਼ਿਲ੍ਹਾ ਪੁਲਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਸਾਂਝੀ ਕੀਤੀ।ਡੀ.ਜੀ.ਪੀ. ਯਾਦਵ ਵੱਲੋਂ ਜ਼ਿਲ੍ਹਾ ਪੁਲਸ ਮੁਖੀ ਮੈਡਮ ਅਮਨੀਤ ਕੌਂਡਲ ਦੁਆਰਾ ਇਨ੍ਹਾਂ 4 ਮੁਲਾਜ਼ਮਾਂ ਨੂੰ ਡੀ.ਜੀ.ਪੀ. ਕਮਾਂਡੇਸ਼ਨ ਡਿਸਕ ਤੇ 25 ਹਜ਼ਾਰ ਰੁਪਏ ਨਗਦ ਇਨਾਮ ਦੀ ਰਾਸ਼ੀ ਹਰ ਇੱਕ ਮੁਲਾਜ਼ਮ ਨੂੰ ਦੇ ਕੇ ਸਨਮਾਨਤ ਕੀਤਾ ਗਿਆ।ਬਠਿੰਡਾ ਪੁਲਸ ਦੀਆਂ ਪੀ.ਸੀ.ਆਰ. ਪਾਰਟੀਆਂ, ਜੋ ਕਿ ਹਮੇਸ਼ਾ ਤਨਦੇਹੀ ਤੇ ਸੰਜੀਦਗੀ ਨਾਲ ਆਪਣੀ ਡਿਊਟੀ ਨਿਭਾਅ ਰਹੀਆਂ ਹਨ, ਜਿਸ ਦੀ ਮਿਸਾਲ ਇਨ੍ਹਾਂ 4 ਪੁਲਸ ਮੁਲਾਜ਼ਮ ਏ.ਐੱਸ.ਆਈ. ਰਾਜਿੰਦਰ ਸਿੰਘ, ਏ.ਐੱਸ.ਆਈ. ਨਰਿੰਦਰ ਸਿੰਘ, ਸੀ.ਸਿ. ਜਸਵੰਤ ਸਿੰਘ ਤੇ ਲੇਡੀ/ਸੀ. ਸਿ. ਹਰਪਾਲ ਕੌਰ ਨੇ ਪੇਸ਼ ਕੀਤੀ ਹੈ।

ਇਸ ਮੌਕੇ ਜ਼ਿਲ੍ਹਾ ਪੁਲਸ ਮੁਖੀ ਨੇ ਜਿੱਥੇ ਜਾਨ ਬਚਾਉਣ ਵਾਲੇ ਪੀ.ਸੀ.ਆਰ. ਟੀਮ, ਵੈੱਲਫੇਅਰ ਸੰਸਥਾਵਾਂ ਤੇ ਆਸ-ਪਾਸ ਰਾਹਗੀਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਓਥੇ ਹੀ ਸਮਾਜ ਦੇ ਲੋਕਾਂ ਨੂੰ ਵੀ ਜ਼ਰੂਰਤਮੰਦ ਲੋਕਾਂ ਦੀ ਮਦਦ ਲਈ ਅੱਗੇ ਆਉਣ ਦੀ ਅਪੀਲ ਵੀ ਕੀਤੀ।

# ਜੇਲ੍ਹ 'ਚੋਂ ਨਸ਼ੀਲੇ ਪਦਾਰਥ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕੇਂਦਰੀ ਜੇਲ੍ਹ ਫਿਰੋਜ਼ਪੁਰ ਇਕ ਵਾਰ ਫਿਰ ਸੁਰਖੀਆਂ ਵਿੱਚ ਹੈ। ਜੇਲ੍ਹ ਅੰਦਰੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਇਕ ਵਾਰ ਫਿਰ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਜੇਲ੍ਹ ਅਧਿਕਾਰੀਆਂ ਵੱਲੋਂ ਕੀਤੀ ਗਈ ਅਚਾਨਕ ਤਲਾਸ਼ੀ ਦੌਰਾਨ ਇਕ ਹਵਾਲਾਤੀ ਕੋਲੋਂ 0.85 ਮਿਲੀਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਸ ਮਾਮਲੇ ਵਿੱਚ ਕਾਰਵਾਈ ਕਰਦੇ ਹੋਏ, ਹਵਾਲਾਤੀ ਖ਼ਿਲਾਫ਼ 42 ਪ੍ਰੀਸਨਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਜੇਲ੍ਹ ਸੁਪਰਡੈਂਟ ਵੱਲੋਂ ਪ੍ਰਾਪਤ ਪੱਤਰ ਨੰਬਰ 5055 ਮਿਤੀ 19 ਜੁਲਾਈ 2025 ਅਨੁਸਾਰ, 19 ਜੁਲਾਈ 2025 ਨੂੰ ਦੁਪਹਿਰ 1.20 ਵਜੇ ਜੇਲ੍ਹ ਦੇ ਵਧੀਕ ਸੁਪਰਡੈਂਟ ਦੀ ਨਿਗਰਾਨੀ ਹੇਠ ਪੁਰਾਣੀ ਬੈਰਕ ਨੰਬਰ 3 ਦੀ ਅਚਾਨਕ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਬੈਰਕ ਵਿਚ ਮੌਜੂਦ ਹਵਾਲਾਤੀ ਪ੍ਰੀਤਮ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਮਾਛੀਵਾੜਾ, ਥਾਣਾ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ਦੀ ਜਿਸਮਾਨੀ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਪ੍ਰੀਤਮ ਸਿੰਘ ਦੇ ਪਹਿਨੇ ਹੋਏ ਕੁੜਤੇ ਦੀ ਸੱਜੀ ਬਾਂਹ ਦੀ ਕਫ਼ ਵਿੱਚੋਂ ਕਾਲੇ ਰੰਗ ਦਾ ਨਸ਼ੀਲਾ ਪਦਾਰਥ (ਸਮੇਤ ਲਿਫ਼ਾਫ਼ਾ) ਬਰਾਮਦ ਹੋਇਆ, ਜਿਸ ਦਾ ਵਜ਼ਨ ਲਗਭਗ 0.85 ਮਿਲੀਗ੍ਰਾਮ ਸੀ। ਜਾਂਚਕਰਤਾ ਸ਼ਰਮਾ ਸਿੰਘ ਨੇ ਪੁਸ਼ਟੀ ਕੀਤੀ ਕਿ ਪੁਲਸ ਨੇ ਉਕਤ ਹਵਾਲਾਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦੇ ਹੋਏ ਮਾਮਲਾ ਦਰਜ ਕਰ ਲਿਆ ਹੈ। ਜੇਲ੍ਹ ਪ੍ਰਸ਼ਾਸਨ ਨੂੰ ਆਪਣੀ ਸੁਰੱਖਿਆ ਪ੍ਰਣਾਲੀ ਦੀ ਸਮੀਖਿਆ ਕਰਨੀ ਚਾਹੀਦੀ ਹੈ ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ, ਜੇਲ੍ਹ ਅੰਦਰ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ ਲਈ ਡੂੰਘੀ ਜਾਂਚ ਦੀ ਲੋੜ ਹੈ।

# ਮਾਛੀਵਾੜਾ ਨੂੰ ਸ਼ਾਨਦਾਰ ਸ਼ਹਿਰ ਬਣਾਇਆ ਜਾਵੇਗਾ : ਸੋਨੂੰ ਕੁੰਦਰਾ



ਸਮਰਾਲਾ (ਸੁਰਜੀਤ ਸਿੰਘ/ਜਗਦੀਸ਼ ਰਾਏ ਬੌਬੀ)- ਮਾਛੀਵਾੜਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਭੂਮੀ ਹੈ।ਇਹ ਇੱਕ ਇਤਿਹਾਸਕ ਸ਼ਹਿਰ ਹੈ।ਇਸ ਨੂੰ ਸ਼ਾਨਦਾਰ ਸ਼ਹਿਰ ਵਜੋਂ ਵਿਕਸਤ ਕੀਤਾ ਜਾਵੇਗਾ।ਇਹ ਗੱਲ ਅੱਜ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਸੋਨੂੰ ਕੁੰਦਰਾ ਨੇ ਆਪਣੇ ਕਾਰਜਕਾਲ ਦਾ ਲੇਖਾ ਜੋਖਾ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾ ਅਜਿਹਾ ਤਜਰਬਾ ਮਾਛੀਵਾੜਾ ਨਗਰ ਕੌਂਸਲ ਵਿੱਚ ਸਿੰਗਲ ਵਿੰਡੋ ਸਕੀਮ ਲਾਂਚ ਕਰਕੇ ਕੀਤਾ, ਜਿਸ ਦੇ ਬਹੁਤ ਸਕਾਰਾਤਮਕ ਨਤੀਜੇ ਸਾਹਮਣੇ ਆਏ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਮਾਛੀਵਾੜਾ ਵਿਖੇ ਫਰਵਰੀ ਮਹੀਨੇ ਵਿੱਚ ਸਿੰਗਲ ਵਿੰਡੋ ਸਕੀਮ ਸ਼ੁਰੂ ਕੀਤੀ ਗਈ ਸੀ, ਜਿਸ ਵਿੱਚ ਹੁਣ ਤੱਕ ਕਰੀਬ ਇੱਕ ਹਾਜ਼ਰ ਸ਼ਿਕਾਇਤਾਂ ਦਰਜ ਹੋਈਆਂ, ਜਿਨ੍ਹਾਂ ਵਿੱਚ ਗਲੀ ਬੱਤੀ ਲਾਈਟਾਂ, ਨਾਲੀਆਂ, ਸੜਕਾਂ ਤੇ ਹੋਰ ਬਹੁਤ ਸਾਰੇ ਕੰਮ, ਜੋ ਬਿਨਾਂ ਰੁਕਾਵਟ ਦੇ ਸਮਾਂਬੱਧ ਤਰੀਕੇ ਨਾਲ ਨਜਿੱਠੇ ਗਏ ਹਨ।ਨਗਰ ਕੌਂਸਲ ਪ੍ਰਧਾਨ ਨੇ ਕਿਹਾ ਕਿ ਆਨਲਾਈਨ, ਟੈਲੀਫੋਨ ਰਾਹੀਂ ਜਾਂ ਆਫਲਾਈਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਇੱਕ ਰਜਿਸਟਰ ਵਿੱਚ ਦਰਜ ਕਰਨ ਉਪਰੰਤ ਸਬੰਧਤ ਕਰਮਚਾਰੀ ਦੀ ਡਿਊਟੀ ਲਗਾਈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਉਹ ਖੁਦ ਨਿਯਮਿਤ ਤੌਰ 'ਤੇ ਰਜਿਸਟਰ ਨੂੰ ਚੈੱਕ ਕਰਦੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਲੋਕਾਂ ਦੇ ਸਿਫਾਰਸ਼ ਨਾਲ ਕੰਮ ਹੁੰਦੇ ਸਨ, ਪਰ ਹੁਣ ਕੰਮ ਲਈ ਕਿਸੇ ਸਿਫਾਰਸ਼ ਦੀ ਲੋੜ ਨਹੀਂ ਪੈਂਦੀ।ਉਨ੍ਹਾਂ ਕਿਹਾ ਕਿ ਸਿੰਗਲ ਵਿੰਡੋ ਨਾਲ ਨਗਰ ਕੌਂਸਲ ਦਾ ਕੰਮ ਵੀ ਘੱਟ ਗਿਆ ਹੈ।ਉਨ੍ਹਾਂ ਕਿਹਾ ਕਿ ਕਰੀਬ 98% ਸ਼ਿਕਾਇਤਾਂ ਦਰੁਸਤ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ 'ਆਪ ਦੀ ਸਰਕਾਰ ਆਪ ਦੇ ਦੁਆਰ' ਦੀ ਸੰਕਲਪਨਾ ਪੂਰੇ ਤੌਰ 'ਤੇ ਲਾਗੂ ਹੁੰਦੀ ਹੈ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੀ ਆਮਦਨੀ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ।ਭ੍ਰਿਸ਼ਟਾਚਾਰ ਨੂੰ ਨੱਥ ਪਈ ਹੈ।ਨਗਰ ਕੌਂਸਲ ਦੀ 15-18 ਲੱਖ ਪ੍ਰਤੀ ਮਹੀਨਾ ਆਮਦਨ ਵੱਧ ਗਈ ਹੈ।ਸ਼ਹਿਰ ਵਿੱਚ ਖਾਲਸਾ ਚੌਂਕ ਦੀ ਵਿਲੱਖਣ ਦਿੱਖ ਬਣਾਉਣ ਲਈ ਟੈਂਡਰ ਲਗਾਏ ਜਾ ਰਹੇ ਹਨ।ਇਸੇ ਤਰ੍ਹਾਂ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਸਟੇਡੀਅਮ ਦੀ ਉਸਾਰੀ ਲਈ 6 ਕਰੋੜ ਖਰਚ ਦਾ ਅਨੁਮਾਨ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਲਾਇਬਰੇਰੀ ਦਾ ਟੈਂਡਰ ਵੀ ਖੁੱਲ੍ਹ ਰਿਹਾ ਹੈ।

ਇਸ ਨੂੰ ਸ਼ਾਨਦਾਰ ਢੰਗ ਨਾਲ ਚਲਾਇਆ ਜਾਵੇਗਾ, ਤਾਂ ਜੋ ਪਿੰਡਾਂ ਦੇ ਬੱਚੇ ਆ ਕੇ ਕੰਪੀਟੀਸ਼ਨ ਦੀ ਤਿਆਰੀ ਕਰ ਸਕਣ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਗਾਂਧੀ ਚੌਂਕ ਵਿੱਚ ਦੇਸ਼ ਦਾ ਝੰਡਾ ਲਹਿਰਾਇਆ ਜਾਵੇਗਾ।ਸੜਕਾਂ ਦੀ ਮੁਰੰਮਤ ਪਹਿਲ ਦੇ ਅਧਾਰ 'ਤੇ ਕਾਰਵਾਈ ਜਾਵੇਗੀ।ਇਸੇ ਤਰ੍ਹਾਂ ਸ਼ਹਿਰ ਦੇ ਰਾਧਾ ਕ੍ਰਿਸ਼ਨ ਪਾਰਕ ਨੂੰ ਸ਼ਹਿਰ ਵਾਸੀਆਂ ਦੀ ਸੈਰ ਦੇ ਕਾਬਿਲ ਬਣਾਇਆ ਜਾਵੇਗਾ ਤੇ ਸ਼ਹਿਰ ਦੇ ਸਾਰੇ ਕੂੜੇ ਦੇ ਡੰਪਾਂ ਦੀ ਚਾਰਦੀਵਾਰੀ ਦੀ ਉਸਾਰੀ ਕੀਤੀ ਜਾਵੇਗੀ।

# ਮੰਗਲ ਸਿੰਘ ਚਹਿਲ ਨਮਿਤ ਅੰਤਮ ਅਰਦਾਸ ਭਲਕੇ

ਮਾਨਸਾ (ਆਤਮਾ ਸਿੰਘ ਪਮਾਰ)



ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਔਰਤ ਵਿੰਗ ਦੇ ਸੂਬਾਈ ਕਨਵੀਨਰ ਐਡਵੋਕੇਟ ਬਲਵੀਰ ਕੌਰ ਦੇ ਪਿਤਾ ਤੇ ਐਡਵੋਕੇਟ ਬਲਕਰਨ ਸਿੰਘ ਬੱਲੀ ਦੇ ਸਹੁਰਾ ਸਾਹਿਬ ਮੰਦਰ ਸਿੰਘ ਚਹਿਲ ਲੰਘੀ 22 ਜੁਲਾਈ ਨੂੰ ਸੰਖੇਪ ਬਿਮਾਰੀ ਉਪਰੰਤ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਜਿਸ ਕਾਰਨ ਪਰਵਾਰ ਨੂੰ ਡੂੰਘਾ ਸਦਮਾ ਲੱਗਾ ਹੈ।ਉਨ੍ਹਾਂ ਦੀ ਸਪੁੱਤਰੀ ਬਲਵੀਰ ਕੌਰ ਐਡਵੋਕੇਟ ਤੇ ਜਵਾਈ ਐਡਵੋਕੇਟ ਬਲਕਰਨ ਸਿੰਘ ਬੱਲੀ ਨੇ ਦੱਸਿਆ ਕਿ ਮੰਦਰ ਸਿੰਘ ਚਹਿਲ ਨਮਿਤ ਰਖਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਬੀਬੀ ਬਲਜਿੰਦਰ ਕੌਰ ਲਿੰਕ ਰੋਡ ਮਾਨਸਾ ਵਿਖੇ 27 ਜੁਲਾਈ ਨੂੰ ਦੁਪਹਿਰ 12 ਵਜੇ 1ਵਜੇ ਤੱਕ ਹੋਵਗੀ।ਪਰਵਾਰ ਨਾਲ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਕਿਸਾਨ ਜੱਥੇਬੰਦੀਆਂ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ ਵੀ ਕੀਤਾ ਗਿਆ।

# ਗਰਭਵਤੀ ਔਰਤ ਦੀ ਡਲਿਵਰੀ 'ਚ ਕੁਤਾਹੀ, ਡਾਕਟਰ ਮੁਅੱਤਲ ਕਰਨ ਦੇ ਨਿਰਦੇਸ਼

ਖੰਨਾ (ਸੁਖਵਿੰਦਰ ਸਿੰਘ ਭਾਦਲਾ)



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ ਤੇ ਇਸ ਦਿਸ਼ਾ 'ਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਹ ਪ੍ਰਗਟਾਵਾ ਡਾ. ਬਲਬੀਰ ਸਿੰਘ ਵੱਲੋਂ ਸਿਵਲ ਹਸਪਤਾਲ ਵਿਖੇ ਕੀਤਾ ਹੈ। ਉਨ੍ਹਾਂ ਗਾਇਨੀ ਡਾਕਟਰ ਦੇ ਵਤੀਰੇ ਨੂੰ ਸ਼ਰਮਸਾਰ ਕਰਾਰ ਦਿੰਦਿਆਂ ਡਾਕਟਰ ਨੂੰ ਮੁਅੱਤਲ ਕਰਨ ਦੇ ਨਿਰਦੇਸ਼ ਦਿੱਤੇ ਹਨ।ਉਨ੍ਹਾਂ ਕਿਹਾ ਕਿ ਇਸ ਅਣਗਹਿਲੀ ਸਦਕਾ ਸਬੰਧਤ ਡਾਕਟਰ ਦਾ ਲਾਇਸੰਸ ਰੱਦ ਕਰਨ ਦੇ ਨਾਲ-ਨਾਲ ਕਾਨੂੰਨੀ ਕਾਰਵਾਈ ਵੀ ਹੋ ਸਕਦੀ ਹੈ।

ਜ਼ਿਕਰਯੋਗ ਹੈ ਕਿ ਸਿਵਲ ਹਸਪਤਾਲ ਵਿੱਚ ਇੱਕ ਗਰਭਵਤੀ ਔਰਤ ਦੀ ਡਲੀਵਰੀ ਦੌਰਾਨ ਗਾਇਨੀ ਡਾਕਟਰ ਗੈਰ-ਹਾਜ਼ਰ ਸੀ।ਡਿਊਟੀ 'ਤੇ ਹਾਜ਼ਰ ਮੈਡੀਕਲ ਅਫ਼ਸਰ ਵੱਲੋਂ ਮਹਿਲਾ ਡਾਕਟਰ ਨੂੰ ਆਏ ਕੇਸ ਬਾਰੇ ਜਾਣਕਾਰੀ ਦਿੱਤੀ ਗਈ, ਪ੍ਰੰਤੂ ਮਰੀਜ਼ ਦੀ ਨਾਜ਼ੁਕ ਹਾਲਤ ਬਾਰੇ ਸੁਣ ਕੇ ਵੀ ਉਨ੍ਹਾਂ ਹਸਪਤਾਲ ਪਹੁੰਚਣਾ ਜ਼ਰੂਰੀ ਨਹੀਂ ਸਮਝਿਆ।ਅਖ਼ੀਰ ਐਸ.ਐਮ.ਓ ਡਾਕਟਰ ਮਨਿੰਦਰ ਸਿੰਘ ਭਸੀਨ ਨੇ ਉਸ ਗਰਭਵਤੀ ਔਰਤ ਦੀ ਜਾਨ ਬਚਾਉਣ ਲਈ ਖੁਦ ਅਪ੍ਰੇਸ਼ਨ ਕੀਤਾ।ਡਾ. ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ ਇੱਕ ਗਰਭਵਤੀ ਔਰਤ ਦੀ ਡਲਿਵਰੀ ਦਾ ਮਾਮਲਾ ਜਦੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਫੌਰੀ ਤੌਰ 'ਤੇ ਕਾਰਵਾਈ ਕਰਦਿਆਂ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਗਈ, ਜਿਸ ਵਿੱਚ ਇੱਕ ਐਸ.ਐਮ.ਓ ਅਤੇ ਦੋ ਗਾਇਨੀ ਡਾਕਟਰ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਕਮੇਟੀ ਵਲੋਂ ਕੀਤੀ ਘੋਖ-ਪੜਤਾਲ ਤੋਂ ਪਤਾ ਲੱਗਿਆ ਹੈ ਕਿ ਗਾਇਨੀ ਦੀ ਮਹਿਲਾ ਡਾਕਟਰ ਵੱਲੋਂ ਗਰਭਵਤੀ ਔਰਤ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ।

ਉਨ੍ਹਾਂ ਸਿਹਤ ਅਮਲੇ ਨੂੰ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਲਗਨ ਤੇ ਤਨਦੇਹੀ ਨਾਲ ਨਿਭਾਉਣ ਨਹੀਂ ਤਾਂ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।

ਦੋਰਾਹਾ ਤੇ ਪਾਇਲ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਬਾਰੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿਛਲੀ ਰਿਪੋਰਟ ਅਨੁਸਾਰ 25 ਤੋਂ 30 ਪ੍ਰਤੀਸ਼ਤ ਡਾਕਟਰਾਂ ਨਾਲ ਕੰਮ ਚਲਾਇਆ ਜਾਂਦਾ ਸੀ, ਜਿਸ ਦੇ ਉਲਟ ਹੁਣ ਕਰੀਬ 3000 ਸਿਹਤ ਕਾਮਿਆਂ ਦੀ ਭਰਤੀ ਕੀਤੀ ਗਈ ਹੈ।ਇਸ ਤੋਂ ਇਲਾਵਾ ਸਿਹਤ ਵਿਭਾਗ 'ਚ ਕਰੀਬ 1000 ਹੋਰ ਨਵੇਂ ਡਾਕਟਰਾਂ ਦੀ ਭਰਤੀ ਵੀ ਕੀਤੀ ਜਾ ਰਹੀ ਹੈ।

# ਕਿਸਾਨਾਂ ਨੂੰ ਲੁੱਟਣ ਵਾਲੀ ਲੈਂਡ ਪੂਲਿੰਗ ਨੀਤੀ ਨੂੰ ਰੱਦ ਕੀਤਾ ਜਾਵੇ : ਭੱਟੀਆਂ



ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਧਰਤੀ 'ਤੇ ਕਿਸਾਨਾਂ ਲਈ ਖੇਤੀ ਗੁਰੂ ਸਾਹਿਬ ਦਾ ਆਸ਼ੀਰਵਾਦ ਹੈ ਅਤੇ ਜ਼ਮੀਨ ਪੰਜਾਬੀਆਂ ਦੀ ਮਾਂ ਹੈ, ਜਿਸ ਦੀ ਅਹਿਮੀਅਤ ਉਹ ਲੋਕ ਕਦੇ ਨਹੀਂ ਸਮਝ ਸਕਦੇ ਜੋ ਪੰਜਾਬ ਤੋਂ ਬਾਹਰੋਂ ਆ ਕੇ ਕੇਜਰੀਵਾਲ ਮਾਡਲ ਦੀਆਂ ਨੀਤੀਆਂ ਲਾਗੂ ਕਰ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਕਾਂਗਰਸ ਦੇ ਸੂਬਾ ਮੀਤ ਪ੍ਰਧਾਨ ਚੌਧਰੀ ਨਿਰਮਲ ਭੱਟੀਆਂ ਵੱਲੋਂ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਗਈ ਲੈਂਡ ਪੁਲਿੰਗ ਨੀਤੀ ਨੂੰ ਕਿਸਾਨ ਘਾਤੀ ਲੈਂਡ ਲੁੱਟ ਨੀਤੀ ਕਰਾਰ ਦਿੰਦਿਆਂ ਚਿੰਤਾ ਪ੍ਰਗਟਾਉਣ ਸਮੇਂ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾ ਦੱਸਿਆ ਕਿ ਇਹ ਨੀਤੀ ਕਿਸਾਨਾਂ ਨੂੰ ਆਰਥਿਕ ਤਬਾਹੀ ਵੱਲ ਧੱਕਣ, ਉਨ੍ਹਾਂ ਨੂੰ ਜ਼ਮੀਨ-ਰਹਿਤ ਬਣਾਉਣ ਅਤੇ ਰਿਹਾਇਸ਼ੀ ਤੇ ਵਪਾਰਕ ਮਾਫੀਆ ਦੇ ਹਵਾਲੇ ਕਰਨ ਦੀ ਯੋਜਨਾ ਦਾ ਹਿੱਸਾ ਹੈ।ਇਹ ਨੀਤੀ ਕਿਸੇ ਵੀ ਤਰੀਕੇ ਨਾਲ ਕਿਸਾਨ-ਪੱਖੀ ਨਹੀਂ ਸਗੋਂ ਬਿਲਡਰਾਂ ਦੀ ਮਿਲੀਭੁਗਤ ਨਾਲ ਬਣਾਈ ਗਈ ਲੁੱਟ ਦੀ ਰਣਨੀਤੀ ਹੈ, ਜਿਸ ਰਾਹੀਂ ਕਾਰਪੋਰੇਟ ਘਰਾਣਿਆਂ ਨੂੰ ਜ਼ਮੀਨ ਦੇ ਤੋਹਫ਼ੇ ਦਿੱਤੇ ਜਾ ਰਹੇ ਹਨ।ਨਕਲੀ ਵਿਕਾਸ ਦੇ ਨਾਂ 'ਤੇ ਕਿਸਾਨਾਂ ਦੀ ਜ਼ਮੀਨ ਖੋਹਣ ਵਾਲੀ ਇਹ ਸਕੀਮ, ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਜ਼ਬਰਦਸਤੀ ਲਾਗੂ ਕੀਤੀ ਜਾ ਰਹੀ ਹੈ।ਛੋਟੇ ਕਿਸਾਨਾਂ ਲਈ ਤਾਂ ਇਹ ਨੀਤੀ ਪੂਰੀ ਤਰ੍ਹਾਂ ਆਤਮਘਾਤੀ ਹੈ, ਕਿਉਂਕਿ ਨਾ ਉਨ੍ਹਾਂ ਕੋਲ ਆਮਦਨ ਦਾ ਵਿਕਲਪ ਹੋਵੇਗਾ, ਨਾ ਹੀ ਠੋਸ ਮੁਆਵਜ਼ਾ।ਉਨ੍ਹਾਂ ਇਹ ਵੀ ਕਿਹਾ ਕਿ ਇਹ ਨੀਤੀ ਅਸਲ ਵਿੱਚ ਪੰਜਾਬ ਦੀ ਖੇਤੀਬਾੜੀ ਨੂੰ ਖ਼ਤਮ ਕਰਨ ਦੀ ਰਾਸ਼ਟਰੀ ਯੋਜਨਾ ਦਾ ਹਿੱਸਾ ਲੱਗਦੀ ਹੈ।ਉਨ੍ਹਾਂ ਦੱਸਿਆ ਕਿ ਗਮਾਡਾ, ਗਲਾਡਾ ਤੇ ਹੋਰ ਸ਼ਹਿਰੀ ਅਥਾਰਿਟੀਆਂ ਨੇ ਪਹਿਲਾਂ ਵੀ ਕਈ ਪਿੰਡਾਂ ਵਿੱਚ ਕਿਸਾਨਾਂ ਨਾਲ ਠੱਗੀ ਕੀਤੀ ਹੈ।ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਸਾਨ ਆਗੂ ਨੇ ਕਿਹਾ ਕਿ ਜੇਕਰ ਇਹ ਲੈਂਡ ਪੁਲਿੰਗ ਨੀਤੀ ਵਾਪਸ ਨਾ ਲਈ ਗਈ ਤਾਂ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੀ ਆਵਾਜ਼ ਵਜੋਂ ਸੜਕਾਂ 'ਤੇ ਉੱਤਰ ਆਵੇਗੀ।

# ਜਾਦੂਗਰ ਸਮਰਾਟ ਮਹਿੰਦਰਾ ਪੈਲੇਸ 'ਚ ਲੋਕਾਂ ਦਾ ਕਰੇਗਾ ਮਨੋਰੰਜਨ : ਸੋਨੂੰ ਠੁਕਰਾਲ

## ਪਹਿਲੇ ਦਿਨ ਅੱਖਾਂ 'ਤੇ ਪੱਟੀ ਬੰਨ੍ਹ ਕੇ ਸ਼ਹਿਰ ਦੀ ਲਗਾਈ ਗੇੜੀ



ਬਾਘਾ ਪੁਰਾਣਾ (ਮਨੀ ਸਿੰਗਲਾ)

ਸਥਾਨਕ ਸ਼ਹਿਰ ਦੇ ਚੰਨੂੰਵਾਲਾ ਬਾਈਪਾਸ ਨੇੜੇ ਸਥਿਤ ਮਹਿੰਦਰਾ ਪੈਲੇਸ ਵਿਖੇ ਬਾਘਾ ਪੁਰਾਣਾ ਹਲਕੇ ਦੇ ਲੋਕਾਂ ਦੇ ਮਨੋਰਜੰਨ ਲਈ ਜਾਦੂਗਰ ਸਮਰਾਟ ਸ਼ਾਕਾ ਆਪਣਾ ਜਾਦੂ ਲੈ ਕੇ ਆ ਗਿਆ ਹੈ ਤੇ ਪਹਿਲਾਂ ਵੀ ਕਈ ਵਾਰ ਸਥਾਨਕ ਸ਼ਹਿਰ ਦੇ ਮਹਿੰਦਰਾ ਪੈਲੇਸ ਅੰਦਰ ਉਨ੍ਹਾਂ ਵੱਲੋਂ ਆਪਣੇ ਸ਼ੋਅ ਦਿਖਾਏ ਗਏ ਸਨ ਅਤੇ ਜਾਦੂਗਰ ਸਮਰਾਟ ਸ਼ਾਕਾ ਲੋਕਾਂ ਦੀ ਪਹਿਲੀ ਪਸੰਦ ਬਣਿਆ, ਜਿਨ੍ਹਾਂ ਵੱਲੋਂ ਆਪਣੇ ਹੱਥਾਂ ਦੀ ਸਫਾਈ ਤੇ ਕਲਾ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਹੈ ਤੇ ਜਾਦੂਗਰ ਸਮਰਾਟ ਆਪਣੇ ਸ਼ੋਅ ਦੌਰਾਨ ਇੱਕ ਮਿੰਟ ਵੀ ਬੈਠੇ ਸਰੋਤਿਆਂ ਦਾ ਮਨ ਇੱਧਰ ਉਧਰ ਭਟਕਣ ਨਹੀਂ ਦਿੰਦੇ।ਪਹਿਲਾਂ ਦੀ ਤਰ੍ਹਾਂ ਹੁਣ ਬਾਘਾ ਪੁਰਾਣਾ ਸ਼ਹਿਰ ਅੰਦਰ ਜਾਦੂਗਰ ਸਮਰਾਟ ਸ਼ਾਕਾ ਮੁੜ ਬਾਘਾ ਪੁਰਾਣਾ ਵਾਸੀਆਂ ਦਾ ਮਨੋਰੰਜਨ ਕਰਨ ਲਈ ਪੁੱਜ ਗਏ ਹਨ, ਜਿਸ ਦੀ ਸ਼ੁਰੂਆਤ ਅੱਜ ਅੱਖਾਂ 'ਤੇ ਪੱਟੀ ਬੰਨ੍ਹ ਕੇ ਸ਼ਹਿਰ ਦੀ ਗੇੜੀ ਲਾ ਕੇ ਕਰ ਦਿੱਤੀ ਗਈ ਹੈ, ਜਿਸ ਦੀ ਸ਼ੁਰੂਆਤ ਸਥਾਨਕ ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵੀ ਤੇ ਬਾਘਾ ਪੁਰਾਣਾ ਸ਼ਹਿਰ ਦੀ ਨਾਮਵਰ ਸ਼ਖਸੀਅਤ ਸੋਨੂੰ ਸਿਲਕ ਸਟੋਰ ਦੇ ਮਾਲਕ ਸੋਨੂੰ ਠੁਕਰਾਲ ਵੱਲੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਇਸ ਦੀ ਸ਼ੁਰੂਆਤ ਕਰਵਾਈ ਗਈ। ਜਾਦੂਗਰ ਸਮਰਾਟ ਸ਼ਾਕਾ ਵੱਲੋਂ ਸ਼ਹਿਰ ਦੀਆਂ ਗਲੀਆਂ ਤੇ ਸੜਕਾਂ 'ਤੇ ਮੋਟਰਸਾਈਕਲ ਚਲਾਇਆ ਗਿਆ, ਜਿਸ ਨੂੰ ਸ਼ਹਿਰ ਦੇ ਲੋਕ ਦੇਖਦੇ ਹੀ ਰਹਿ ਗਏ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਜਿਸ ਦੇ ਬਾਅਦ ਜਾਦੂਗਰ ਸਮਰਾਟ ਸ਼ਾਕਾ ਮਹਿੰਦਰਾ ਪੈਲੇਸ ਵਿਖੇ ਪੁੱਜੇ, ਜਿੱਥੇ ਉਸ ਦਾ ਸੈਂਕੜੇ ਲੋਕ ਉਸ ਨੂੰ ਦੇਖਣ ਲਈ ਉਡੀਕ ਕਰ ਰਹੇ ਸਨ ਤਾਂ ਇਸ ਦੌਰਾਨ ਜਾਦੂਗਰ ਸ਼ਾਕਾ ਨੇ ਹਾਜ਼ਰੀਨਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਇਸ ਤਰ੍ਹਾਂ ਅੱਖਾਂ ਉਪਰ ਪੱਟੀ ਬੰਨ੍ਹ ਕੇ ਮੋਟਰਸਾਈਕਲ ਚਲਾਉਣਾ ਉਨ੍ਹਾਂ ਦਾ ਤਜਰਬਾ ਤੇ ਕਲਾ ਹੈ। ਸਾਡੇ ਅੰਦਰ ਕੋਈ ਸ਼ਕਤੀ ਜਾਂ ਅਸੀਂ ਕੋਈ ਚਮਤਕਾਰੀ ਨਹੀਂ ਇਹ ਤਾਂ ਸਾਡੇ ਹੱਥਾਂ ਦੀ ਸਫਾਈ ਤੇ ਕਲਾ ਦਾ ਕਮਾਲ ਹੈ।ਇਸ ਲਈ ਮੈਂ ਆਪ ਸਭ ਨੂੰ ਅਪੀਲ ਕਰਦਾ ਹਾਂ ਕਿ ਕੋਈ ਵੀ ਨੌਜਵਾਨ ਜਾਂ ਬੱਚਾ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਕੇ ਕਿਸੇ ਵੀ ਤਰ੍ਹਾਂ ਦੀ ਅਜਿਹੀ ਹਰਕਤ ਨਾ ਕਰੇ ਜਿਸ ਨਾਲ ਉਸ ਦੀ ਜਾਨ ਨੂੰ ਖਤਰਾ ਹੋ ਸਕੇ।ਇਸ ਮੌਕੇ ਸਥਾਨਕ ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵੀ ਤੇ ਬਾਘਾ ਪੁਰਾਣਾ ਸ਼ਹਿਰ ਦੀ ਨਾਮਵਰ ਸ਼ਖਸੀਅਤ ਸੋਨੂੰ ਸਿਲਕ ਸਟੋਰ ਦੇ ਮਾਲਕ ਸੋਨੂੰ ਠੁਕਰਾਲ ਨੇ ਗੱਲਬਾਤ ਕਰਦਿਆਂ ਆਖਿਆ ਕਿ ਜਾਦੂਗਰ ਸਮਰਾਟ ਸ਼ਾਕਾ ਪਹਿਲਾਂ ਵੀ ਕਈ ਵਾਰ ਬਾਘਾ ਪੁਰਾਣਾ ਅੰਦਰ ਆਪਣੀ ਕਲਾ ਦਾ ਲੋਹਾ ਮਨਵਾ ਚੁੱਕੇ ਹਨ ਤੇ ਹੁਣ ਮੁੜ ਫਿਰ ਸ਼ਹਿਰ ਵਾਸੀਆਂ ਦਾ ਮਨੋਰੰਜਨ ਕਰਨ ਦੇ ਲਈ ਪੁੱਜੇ ਹਨ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਵਾਰ ਨਾਲ ਇਕ ਵਾਰ ਜਾਦੂਗਰ ਸਮਰਾਟ ਸ਼ਾਕਾ ਦਾ ਜਾਦੂ ਦੇਖਣ ਲਈ ਜ਼ਰੂਰ ਪੁੱਜੋ।

# ਦੇਸ਼ ਭਗਤ ਗਲੋਬਲ ਵਿਖੇ ਕਰਵਾਇਆ ਕਾਰਡ ਬਣਾਉਣ ਦਾ ਮੁਕਾਬਲਾ

## *ਮਾਪੇ ਹੀ ਪਹਿਲੇ ਅਧਿਆਪਕ : ਪ੍ਰਿੰਸੀਪਲ ਜਿੰਦਲ*



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਕੁਲਭੂਸ਼ਨ ਚਾਵਲਾ)-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ-ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਮਾਪੇ ਦਿਵਸ ਮੌਕੇ ਵਿਦਿਆਰਥੀਆਂ ਲਈ ਇੱਕ ਰਚਨਾਤਮਕ ਕਾਰਡ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ।ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਨੇ ਕਿਹਾ ਕਿ ਇਸ ਮੁਕਾਬਲੇ ਦਾ ਉਦੇਸ਼ ਬੱਚਿਆਂ ਦੀ ਕਲਾ, ਰਚਨਾਤਮਕਤਾ ਤੇ ਵਿਚਾਰ ਪ੍ਰਗਟ ਕਰਨ ਦੀ ਸਮਰਥਾ ਨੂੰ ਉਭਾਰਣਾ ਸੀ।ਮੁਕਾਬਲੇ ਵਿੱਚ ਕਲਾਸ 1 ਤੋਂ 8 ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ।ਬੱਚਿਆਂ ਨੇ ਮਾਪਿਆਂ ਦੇ ਦਿਨ 'ਤੇ ਸੁੰਦਰ ਤੇ ਮਨਮੋਹਕ ਕਾਰਡ ਬਣਾਏ।ਹਰ ਕਾਰਡ ਵਿੱਚ ਰੰਗਾਂ ਦੀ ਬਹੁਤ ਹੀ ਸੁੰਦਰ ਵਰਤੋਂ ਤੇ ਸੁਚੱਜੇ ਅੱਖਰਾਂ ਵਿੱਚ ਲਿਖੀਆਂ ਸ਼ੁੱਭ-ਕਾਮਨਾਵਾਂ ਨੇ ਜੱਜਾਂ ਨੂੰ ਪ੍ਰਭਾਵਿਤ ਕੀਤਾ।ਪ੍ਰਿੰਸੀਪਲ ਜਿੰਦਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਦਿਵਸ ਮਨਾਉਣ ਨਾਲ ਬੱਚਿਆਂ ਅੰਦਰ ਮਾਪਿਆਂ ਪ੍ਰਤੀ ਸਤਿਕਾਰ ਤੇ ਇੱਜ਼ਤ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮਾਪੇ ਹੀ ਪਹਿਲੇ ਅਧਿਆਪਕ ਹਨ।ਜਿੱਤਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ।ਸਕੂਲ ਦੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਬੱਚਿਆਂ ਦੀ ਪ੍ਰਸੰਸਾ ਕੀਤੀ ਤੇ ਭਵਿੱਖ ਵਿੱਚ ਵੀ ਅਜਿਹੇ ਮੁਕਾਬਲੇ ਕਰਵਾਉਣ ਦੀ ਘੋਸ਼ਣਾ ਕੀਤੀ।

# ਸਮਾਜ ਸੇਵੀ ਗੁਰਪ੍ਰੀਤ ਸਿੰਘ ਸੇਖੋਂ ਤੇ ਸਾਥੀਆਂ ਨੇ ਕੀਤੇ 14 ਧੀਆਂ ਦੇ ਵਿਆਹ



ਮਮਦੋਟ (ਹਰਪਾਲ ਸੋਢੀ)-ਹਲਕਾ ਫਿਰੋਜ਼ਪੁਰ ਦਿਹਾਤੀ ਦੇ ਪ੍ਰਸਿੱਧ ਸਮਾਜ ਸੇਵੀ ਗੁਰਪ੍ਰੀਤ ਸਿੰਘ ਸੇਖੋਂ ਮੁੱਦਕੀ ਤੇ ਐੱਨ ਆਰ ਆਈ ਵੀਰਾਂ ਤੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਅਨਾਜ ਮੰਡੀ ਮਮਦੋਟ ਵਿੱਚ 14 ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਵਿਆਹ ਸਮਾਗਮ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਕੀਤੇ ਗਏ।ਇਸ ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਅਨਾਜ ਮੰਡੀ ਮਮਦੋਟ ਵਿਖੇ ਬਹੁਤ ਸੁਚੱਜੇ ਪ੍ਰਬੰਧ ਕੀਤੇ ਗਏ ਸਨ, ਇਨ੍ਹਾਂ ਵਿਆਹ ਸਮਾਗਮਾਂ ਦੌਰਾਨ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਵੱਖ-ਵੱਖ ਜਗ੍ਹਾਂ ਤੋਂ ਆਏ ਹੋਏ 14 ਨਵੀਆਂ ਜੋੜੀਆਂ ਨੂੰ ਗੁਰੂ ਮਹਾਰਾਜ ਦੀ ਹਾਜ਼ਰੀ ਵਿੱਚ ਵਿਆਹ ਸਮਾਗਮ ਸੰਪੰਨ ਕੀਤੇ ਗਏ। ਇਸ ਮੌਕੇ ਇਨ੍ਹਾਂ ਸਮਾਗਮਾਂ ਦੌਰਾਨ ਢਾਡੀ-ਰਾਗੀ ਜਥਿਆਂ ਵੱਲੋਂ ਵੀ ਆਈ ਹੋਈ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਗਿਆ।ਨਵੇਂ ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦੇਣ ਵਾਸਤੇ ਸਮਾਜ ਸੇਵਕ ਗੁਰਪ੍ਰੀਤ ਸਿੰਘ ਸੇਖੋਂ ਮੁੱਦਕੀ ਦੀ ਟੀਮ ਦੇ ਨਾਲ ਬਾਬਾ ਲੱਖਾ ਸਿੰਘ ਜੀ ਨਾਨਕਸਰ ਵੱਲੋਂ ਬਾਬਾ ਧਰਮਿੰਦਰ ਸਿੰਘ ਨਾਨਕਸਰ ਵਾਲੇ, ਬਾਬਾ ਗੁਲਾਬ ਸਿੰਘ ਜੀ ਕਾਰਸੇਵਾ ਵਾਲੇ ਬਜੀਦਪੁਰ ਤੋਂ ਇਲਾਵਾ ਰਾਜਨੀਤਕ ਪਾਰਟੀਆਂ ਦੇ ਆਗੂ ਰਮਿੰਦਰ ਆਵਲਾ ਸਾਬਕਾ ਵਿਧਾਇਕ, ਰਾਣਾ ਗੁਰਮੀਤ ਸਿੰਘ ਸੋਢੀ ਦੇ ਸਪੁੱਤਰ ਅਨੂਮੀਤ ਹੀਰਾ ਸੋਢੀ ਭਾਜਪਾ ਆਗੂ, ਅਮਰਦੀਪ ਸਿੰਘ ਆਸ਼ੂ ਬੰਗੜ ਹਲਕਾ ਇੰਚਾਰਜ ਫਿਰੋਜ਼ਪੁਰ ਦਿਹਾਤੀ ਕਾਂਗਰਸ, ਜੋਗਿੰਦਰ ਸਿੰਘ ਜ਼ਿੰਦੂ ਸਾਬਕਾ ਵਿਧਾਇਕ, ਮਾਤਾ ਭੁਪਿੰਦਰ ਕੌਰ ਆਗੂ ਆਮ ਆਦਮੀ ਪਾਰਟੀ, ਸੁਰਿੰਦਰ ਸਿੰਘ ਸਿੱਧੂ ਵਕੀਲ, ਗੁਰਚਰਨ ਸਿੰਘ ਭੁੱਲਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਰਾਮ ਗੋਪਾਲ ਜੀ ਧਰਮ ਜਾਗਰਣ ਪ੍ਰਮੁੱਖ ਪੰਜਾਬ, ਹਰਪਾਲ ਸਿੰਘ ਨੀਟਾ ਸੋਢੀ ਸ਼ਹਿਰੀ ਪ੍ਰਧਾਨ ਕਾਂਗਰਸ ਕਮੇਟੀ ਮਮਦੋਟ, ਅਸ਼ੋਕ ਬਹਿਲ, ਰਕੇਸ਼ ਕੁਮਾਰ ਵਿੱਕੀ ਮੈਣੀ ਆਦਿ ਨੇ ਆਸ਼ੀਰਵਾਦ ਦਿੱਤਾ।ਇਸ ਮੌਕੇ ਗਿਆਨੀ ਸੁਖਬੀਰ ਸਿੰਘ ਦਾ ਕਵਿਸ਼ਰੀ ਜਥਾ, ਸਾਦਕ ਅਲੀ ਧੰਨਾ ਕਵਿਸ਼ਰੀ ਜਥਾ ਤੇ ਭੈਣ ਬਲਵਿੰਦਰ ਕੌਰ ਦੇ ਕਵਿਸ਼ਰੀ ਜਥੇ ਨੇ ਵੱਡੀ ਗਿਣਤੀ ਵਿੱਚ ਪਹੁੰਚੀ ਹੋਈ ਸੰਗਤ ਨੂੰ ਗੁਰਜਸ ਸੁਣਾ ਕੇ ਨਿਹਾਲ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਦਾਰ ਚਮਕੌਰ ਸਿੰਘ, ਸ਼ਮਸ਼ੇਰ ਸਿੰਘ ਕਾਕੜ ਜ਼ਿਲ੍ਹਾ ਪ੍ਰਧਾਨ ਭਾਜਪਾ, ਜੋਗਾ ਸਿੰਘ ਮੁਰਕਵਾਲਾ ਸਾਬਕਾ ਚੇਅਰਮੈਨ, ਹਰਜੀਤ ਸਿੰਘ ਸਰਪੰਚ, ਮਹਿੰਦਰ ਸਿੰਘ ਵਧਾਵਨ ਕਿਸਾਨ ਆਗੂ, ਪ੍ਰੇਮ ਸਿੰਘ ਸਾਹਨਕੇ, ਵਕੀਲ ਅਰਸ਼ਦੀਪ ਰੰਧਾਵਾ, ਲਵਪਿੰਦਰ ਸਿਧੂ, ਜੀਵਨ ਸਿੰਘ ਸਰਪੰਚ, ਰਾਜੂ ਨਵਾਂ ਪੁਰਬਾ, ਬਚਿੱਤਰ ਸਿੰਘ ਮੋਰ, ਬੱਬੂ ਖੁੱਲਰ, ਲਾਡੀ ਭੁੱਲਰ, ਵਿੱਕੀ ਸਰਪੰਚ ਵਜੀਦਪੁਰ, ਪਿੱਪਲ ਸਿੰਘ, ਕਿੱਕਰ ਸਿੰਘ, ਮਨਪ੍ਰੀਤ ਸਿੰਘ ਸਿੱਧੂ ਕਿਸਾਨ ਆਗੂ, ਰਾਜੂ ਚਾਵਲਾ, ਦਵਿੰਦਰ ਸਿੰਘ ਜੰਗ, ਗੁਰਿੰਦਰ ਸਿੰਘ ਖਹਿਰਾ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ, ਮੇਜਰ ਸਿੰਘ ਟਿੱਬੀ ਭਾਜਪਾ ਆਗੂ, ਬੋਹੜ ਸਿੰਘ ਸਰਪੰਚ ਮੱਲ੍ਹਾ ਰਹੀਮੇ ਕੇ (ਸੱਦਰ ਕੇ), ਸੁਖਦੇਵ ਸਿੰਘ ਸੋਢੀ ਸਰਪੰਚ ਲਖਮੀਰ ਕੇ ਹਿਠਾੜ ਤੋਂ ਇਲਾਵਾ ਇਲਾਕੇ ਪੰਚ, ਸਰਪੰਚ, ਨੰਬਰਦਾਰ ਤੇ ਭਾਰੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।ਇਸ ਮੌਕੇ ਸਟੇਜ ਸੈਕਟਰੀ ਦੀ ਬਾਖੂਬੀ ਭੂਮਿਕਾ ਹਰਪਾਲ ਸਿੰਘ ਨੀਟਾ ਸੋਢੀ ਨੇ ਨਿਭਾਈ।

ਇਸ ਮੌਕੇ ਨਵੇਂ ਵਿਆਹੇ ਜੋੜਿਆਂ ਨੂੰ ਘਰੇਲੂ ਵਰਤੋਂ ਲਈ ਬੈੱਡ, ਅਲਮਾਰੀ, ਕੂਲਰ, ਬਿਸਤਰੇ, ਬਰਤਨ ਤੇ ਹੋਰ ਇਲੈਕਟ੍ਰੋਨਿਕ ਦਾ ਸਾਮਾਨ ਦਿੱਤਾ ਗਿਆ।ਇਸ ਮੌਕੇ ਆਈ ਸੰਗਤ ਵਾਸਤੇ ਚਾਹ, ਪਕੌੜੇ, ਮਠਿਆਈਆਂ ਤੇ ਲੰਗਰ ਦਾ ਬੜੇ ਸੁਚੱਜੇ ਤਰੀਕੇ ਨਾਲ ਪ੍ਰਬੰਧ ਕੀਤਾ ਗਿਆ।

## ਸ਼ਿਵਰਾਤਰੀ ਦਾ ਤਿਉਹਾਰ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਮੰਦਿਰ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ 'ਤੇ ਸ੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਦੇ ਕਾਂਵੜੀਆਂ ਨੇ ਹਰਿਦੁਆਰ ਤੋਂ ਡਾਕ ਕਾਂਵੜ ਰਾਹੀਂ ਪਵਿੱਤਰ ਗੰਗਾ ਜਲ (ਕਾਂਵੜ) ਲਿਆਂਦੀ ਤੇ ਸ੍ਰੀ ਨਰਮਦੇਸ਼ਵਰ ਮਹਾਂਦੇਵ ਜੀ ਦਾ ਜਲਾਭਿਸ਼ੇਕ ਕੀਤਾ। ਇਸ ਸ਼ੁਭ ਮੌਕੇ ਦਿੱਲੀ ਦੇ ਕਾਰੋਬਾਰੀ ਮਨੁਜ ਸਚਦੇਵਾ (ਮਨੂ) ਵਿਸ਼ੇਸ਼ ਤੌਰ 'ਤੇ ਦਿੱਲੀ ਤੋਂ ਪਹੁੰਚੇ ਅਤੇ ਮੰਦਰ ਪਹੁੰਚਣ 'ਤੇ ਸਾਰੇ ਕਾਂਵੜੀਆਂ ਦਾ ਸਵਾਗਤ ਕੀਤਾ ਅਤੇ ਸੰਤ ਸ਼ਿਰੋਮਣੀ ਇੱਛਾਪੂਰਤੀ ਸ੍ਰੀ ਬਾਲਾਜੀ ਚੈਰੀਟੇਬਲ ਟਰੱਸਟ ਵੱਲੋਂ ਹਰਿਦੁਆਰ ਅਤੇ ਰਸਤੇ ਵਿੱਚ ਵਿੱਚ ਮੈਡੀਕਲ ਕੈਂਪਾਂ ਨਾਲ ਕਾਂਵੜੀਆਂ ਦੀ ਸੇਵਾ 'ਤੇ ਮੁਫ਼ਤ ਇਲਾਜ ਕਰਨ ਤੇ ਬਹੁਤ ਪ੍ਰਸ਼ੰਸਾ ਕੀਤੀ ਅਤੇ ਵਧਾਈ ਦਿੱਤੀ।ਸਾਰੇ ਕਾਂਵੜੀਆਂ ਨੇ ਬਮ ਬਮ ਭੋਲੇ, ਜੈ ਸ਼ਿਵ ਸ਼ੰਕਰ, ਗੰਗਾ ਮਾਂ ਦੀ ਜੈ, ਭੋਲੇ ਬਾਬਾ ਦੇ ਜੈਕਾਰੇ ਲਗਾਉਂਦੇ ਹੋਏ ਮੰਦਰ ਵਿੱਚ ਦਾਖਲ ਹੋਏ ਅਤੇ ਮਨੁਜ ਸਚਦੇਵਾ ਦੇ ਨਾਲ ਮਿਲ ਕੇ ਸਾਰੇ ਕਾਂਵੜੀਆਂ ਨੇ ਭੋਲੇ ਬਾਬਾ ਦੀ ਪੂਜਾ ਕੀਤੀ। ਇਸ ਮੌਕੇ ਸਾਰਾ ਮਾਹੌਲ ਭੋਲੇ ਬਾਬਾ ਦੇ ਰੰਗ ਵਿੱਚ ਰੰਗਿਆ ਗਿਆ।ਇਸ ਮੌਕੇ ਸੰਤ ਸ਼ਿਰੋਮਣੀ ਇੱਛਾਪੂਰਤੀ ਸ੍ਰੀ ਬਾਲਾਜੀ ਚੈਰੀਟੇਬਲ ਟਰੱਸਟ ਵੱਲੋਂ ਆਈਆਂ ਸੰਗਤਾਂ ਲਈ ਪਕੌੜਿਆਂ, ਖੀਰ ਅਤੇ ਚਾਹ ਦਾ ਲੰਗਰ ਲਾਇਆ ਗਿਆ।ਸ਼ਹਿਰ ਵਾਸੀਆਂ ਵੱਲੋਂ ਸਾਉਣ ਮਹੀਨੇ ਦੀ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਭੋਲੇ ਬਾਬਾ ਦੇ ਦਰਸ਼ਨਾਂ ਲਈ ਤੇ ਜਲ ਚੜ੍ਹਾਉਣ ਲਈ ਸਵੇਰ ਤੋਂ ਰਾਤ ਤੱਕ ਸ਼ਰਧਾਲੂਆਂ ਦੀ ਭਾਰੀ ਆਮਦ ਰਹੀ।

## ਡੀ.ਸੀ ਨੇ 25.5 ਲੱਖ ਰੁਪਏ ਦੇ ਅਕਾਦਮਿਕ ਬਲਾਕ ਦਾ ਕੀਤਾ ਉਦਘਾਟਨ



**ਲੁਧਿਆਣਾ (ਰੈਕਟਰ ਕਥੂਰੀਆ)**-ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵੀਰਵਾਰ ਨੂੰ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਸੁਨੇਤ ਵਿਖੇ ਇੱਕ ਨਵੇਂ ਅਕਾਦਮਿਕ ਬਲਾਕ ਦਾ ਉਦਘਾਟਨ ਕੀਤਾ, ਜੋ ਜ਼ਿਲ੍ਹੇ ਵਿੱਚ ਵਿਦਿਅਕ ਬੁਨਿਆਦੀ ਢਾਂਚੇ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।25.5 ਲੱਖ ਰੁਪਏ ਦੀ ਲਾਗਤ ਨਾਲ ਬਣੇ ਇਸ ਅਤਿ-ਆਧੁਨਿਕ ਬਲਾਕ ਨੂੰ ਨਹਿਰੂ ਸਿਧਾਂਤ ਕੇਂਦਰ ਟਰੱਸਟ ਦੁਆਰਾ ਫੰਡ ਦਿੱਤਾ ਗਿਆ ਸੀ।ਉਦਘਾਟਨ ਸਮਾਰੋਹ ਵਿੱਚ ਨਹਿਰੂ ਸਿਧਾਂਤ ਕੇਂਦਰ ਟਰੱਸਟ ਦੇ ਪ੍ਰਧਾਨ ਅਤੇ ਭਾਰਤੀ ਇੰਟਰਪ੍ਰਾਈਜਿਜ਼ ਦੇ ਉਪ-ਚੇਅਰਮੈਨ ਰਾਕੇਸ਼ ਭਾਰਤੀ ਮਿੱਤਲ, ਉਪ ਪ੍ਰਧਾਨ ਸੁਨੀਲ ਗੁਪਤਾ, ਜਨਰਲ ਸਕੱਤਰ ਬਿਪਿਨ ਗੁਪਤਾ ਅਤੇ ਟਰੱਸਟ ਦੇ ਹੋਰ ਪ੍ਰਸਿੱਧ ਮੈਂਬਰ ਅਤੇ ਸਥਾਨਕ ਪ੍ਰਸ਼ਾਸਨ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।ਅੱਜ ਨਹਿਰੂ ਸਿਧਾਂਤ ਕੇਂਦਰ ਟਰੱਸਟ ਦਾ ਸਕੂਲ ਵਿੱਚ ਉਨ੍ਹਾਂ ਦੇ ਉਦਾਰ ਯੋਗਦਾਨ ਲਈ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਧੁਨਿਕ ਸਹੂਲਤਾਂ ਨਾਲ ਲੈਸ ਨਵਾਂ ਅਕਾਦਮਿਕ ਬਲਾਕ ਵਿਦਿਆਰਥੀਆਂ ਨੂੰ ਸਮਾਰਟ ਅਤੇ ਨਵੀਨਤਾਕਾਰੀ ਸਿੱਖਿਆ ਤੱਕ ਪਹੁੰਚ ਕਰਨ ਦੇ ਸਮਰੱਥ ਬਣਾਏਗਾ ਜਿਸ ਨਾਲ ਉਹ ਨਿੱਜੀ ਸੰਸਥਾਵਾਂ ਦੇ ਆਪਣੇ ਸਾਥੀਆਂ ਨਾਲ ਮੁਕਾਬਲਾ ਕਰਨ ਦੇ ਯੋਗ ਹੋਣਗੇ।ਰਾਕੇਸ਼ ਭਾਰਤੀ ਮਿੱਤਲ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਿੱਖਿਆ ਵਿਕਾਸ ਪ੍ਰਤੀ ਸਮਰਪਣ ਦੀ ਪੁਸ਼ਟੀ ਕੀਤੀ ਤੇ ਐਲਾਨ ਕੀਤਾ ਕਿ ਨਹਿਰੂ ਸਿਧਾਂਤ ਕੇਂਦਰ ਟਰੱਸਟ ਨੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਸੁਨੇਤ ਨੂੰ ਅਪਣਾਇਆ ਹੈ ਤੇ ਸਿੱਖਣ ਦੇ ਅਨੁਭਵ ਨੂੰ ਵਧਾਉਣ ਲਈ ਪੂਰੀ ਤਰ੍ਹਾਂ ਲੈਸ ਸਮਾਰਟ ਕਲਾਸਰੂਮ ਪ੍ਰਦਾਨ ਕਰੇਗਾ।

## ਪ੍ਰਿੰਸੀਪਲ ਦਾ ਸਟੀਫਨ ਇੰਟਰਨੈਸ਼ਨਲ ਸਕੂਲ 'ਚ ਸਵਾਗਤ





**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਨੇ ਪ੍ਰਿੰਸੀਪਲ ਮੈਡਮ ਮੋਨਿਕਾ ਦਾ ਸਵਾਗਤ ਕੀਤਾ, ਜੋ ਵਿਦੇਸ਼ ਦੀ ਯਾਤਰਾ ਤੋਂ ਵਾਪਸ ਆਈ ਸੀ।ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਮੈਂਬਰਾਂ ਸਮੇਤ ਸਕੂਲ ਭਾਈਚਾਰੇ ਨੇ ਉਸ ਦੀ ਵਾਪਸੀ 'ਤੇ ਆਪਣੀ ਖੁਸ਼ੀ ਅਤੇ ਧੰਨਵਾਦ ਜ਼ਾਹਰ ਕਰਨ ਲਈ ਇਕੱਠੇ ਹੋਏ।ਪ੍ਰਿੰਸੀਪਲ ਮੈਡਮ ਦੀ ਮੌਜੂਦਗੀ ਨੂੰ ਬਹੁਤ ਯਾਦ ਕੀਤਾ ਗਿਆ ਸੀ ਤੇ ਉਸ ਦੀ ਵਾਪਸੀ ਨੇ ਉਤਸ਼ਾਹ ਤੇ ਪ੍ਰੇਰਣਾ ਦੀ ਇੱਕ ਨਵੀਂ ਭਾਵਨਾ ਨੂੰ ਦਰਸਾਇਆ। ਸਕੂਲ ਨੇ ਪ੍ਰਿੰਸੀਪਲ ਮੈਡਮ ਦੀ ਬੇਮਿਸਾਲ ਅਗਵਾਈ, ਸਮਰਪਣ ਤੇ ਪ੍ਰੇਰਣਾਦਾਇਕ ਸ਼ਖਸੀਅਤ ਨੂੰ ਸਵੀਕਾਰ ਕੀਤਾ, ਜਿਨ੍ਹਾਂ ਨੇ ਸੰਸਥਾ ਦੇ ਵਿਕਾਸ ਤੇ ਸਫ਼ਲਤਾ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

## ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਇਨਵੈਸਚਰ ਸੈਰੇਮਨੀ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਵਿਦਿਆਰਥੀ ਕੌਂਸਲ ਦਾ ਗਠਨ ਕਰਨ ਲਈ ਪ੍ਰਿੰਸੀਪਲ ਮੈਡਮ ਗੀਨਾ ਜੈਦਿਕਾ ਦੀ ਅਗਵਾਈ ਹੇਠ ਇਨਵੈਸਚਿਰ ਸੈਰੇਮਨੀ ਕੀਤੀ ਗਈ, ਜਿਸ ਦੌਰਾਨ ਵਿਦਿਆਰਥੀਆਂ ਦੀ ਕੌਂਸਿਲ ਦਾ ਗਠਨ, ਜਿਸ ਵਿੱਚ ਹੈੱਡ ਬੁਆਏ ਵਜੋਂ ਜਸ਼ਨਦੀਪ ਤੇ ਹੈੱਡ ਗਰਲ ਵਜੋਂ ਸੁਮਨਪ੍ਰੀਤ ਕੌਰ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਵਾਇਸ ਹੈੱਡ ਬੁਆਏ ਤੇ ਗਰਲ ਵਜੋਂ ਦਿਲਪ੍ਰੀਤ ਸਿੰਘ ਅਤੇ ਲਵਲੀਨ ਕੌਰ ਦੀ ਚੋਣ ਹੋਈ। ਇਸੇ ਤਰ੍ਹਾਂ ਵੱਖ-ਵੱਖ ਹਾਊਸਾਂ ਵਿੱਚ ਸੁਮਨਜੋਤ ਕੌਰ ਗਿੱਲ ਤੇ ਇਸ਼ਪ੍ਰੀਤ ਕੌਰ ਟੈਰੇਸਾ ਹਾਊਸ, ਖੁਸ਼ਪ੍ਰੀਤ ਕੌਰ ਤੇ ਫਰਨੀਤ ਕੌਰ ਰਣਜੀਤ ਹਾਊਸ, ਐਮਲੀਨ ਤੇ ਵਿਕਰਮਰਾਜਵੀਰ ਅਸ਼ੋਕਾ ਹਾਊਸ, ਜਸਲੀਨ ਕੌਰ ਤੇ ਪ੍ਰਭਜੋਤ ਸਿੰਘ ਅਕਬਰ ਹਾਊਸ ਦੇ ਕੈਪਟਨ ਵਜੋਂ ਚੋਣ ਕੀਤੀ ਗਈ। ਇਸੇ ਤਰ੍ਹਾਂ ਸਪੋਰਟਸ ਕੈਪਟਨ ਗੁਰਸਿਮਰਨ ਸਿੰਘ, ਵਾਈਸ ਕੈਪਟਨ ਨਿਆਸ਼ਾ ਅਵਨੀਤ ਸਪੋਰਟਸ ਕੈਪਟਨ ਵਜੋਂ ਚੁਣੇ ਗਏ। ਇਸੇ ਤਰ੍ਹਾਂ ਅਨੁਸ਼ਾਸਨ ਕਮੇਟੀ ਵਿੱਚ ਰਮਨੀਤ ਕੌਰ ਤੇ ਐਸ਼ਪ੍ਰੀਤ ਸਿੰਘ ਦੀ ਚੋਣ ਕੀਤੀ ਗਈ। ਇਸ ਚੁਣੀ ਹੋਈ ਕਮੇਟੀ ਨੂੰ ਪ੍ਰਣ ਕਰਵਾਉਂਦਿਆਂ ਪ੍ਰਿੰਸੀਪਲ ਗੀਨਾ ਜੈਦਿਕਾ ਤੇ ਵਾਈਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਕਿਹਾ ਕਿ ਸਕੂਲ ਵਿੱਚ ਅਨੁਸ਼ਾਸਨ ਤੇ ਸਿਹਤਮੰਦ ਵਾਤਾਵਰਨ ਬਣਾਈ ਰੱਖਣ ਲਈ ਇਨ੍ਹਾਂ ਕੌਂਸਿਲਾਂ ਦਾ ਗਠਨ ਕੀਤਾ ਗਿਆ ਹੈ, ਇਹ ਵਿਦਿਆਰਥੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣਗੇ। ਇਸ ਦੌਰਨ ਸਕੂਲ ਅਧਿਆਪਕ ਡੀ. ਪੀ. ਲਖਵੀਰ ਸਿੰਘ, ਜਸਦੀਪ ਸਿੰਘ, ਕੁਲਦੀਪ ਕੌਰ, ਕੁਲਜੀਤ ਕੌਰ, ਜਗਸੀਰ ਸ਼ਰਮਾ, ਅੰਜੂ ਬਾਲਾ, ਬਲਜੀਤ ਕੌਰ ਤੋਂ ਇਲਾਵਾ ਸਮੂਹ ਮੈਨੇਜਮੈਂਟ ਪ੍ਰਧਾਨ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਡਾਇਰੈਕਟਰ ਬਹਾਦਰ ਸਿੱਧੂ ਤੇ ਹਰਜੀਤ ਸਿੱਧੂ (ਯੂ.ਐੱਸ.ਏ.) ਆਦਿ ਹਾਜ਼ਰ ਸਨ।

## ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਵੱਲੋਂ ਸੇਵਾ ਕਾਰਜਾਂ ਦੇ ਮਤੇ ਪਾਸ




**ਕੋਟਕਪੂਰਾ (ਰਛਪਾਲ ਭੁੱਲਰ)**-ਲਾਇਨਜ ਕਲੱਬ ਰਾਇਲ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਬੀ.ਓ.ਡੀ. ਮੈਂਬਰਾਂ ਦੀ ਜੇ.ਕੇ. ਟਾਇਰਜ਼ ਨੇੜੇ ਬਾਬਾ ਦਿਆਲ ਸਿੰਘ ਤਿੰਨਕੋਣੀ ਚੌਕ, ਕੋਟਕਪੂਰਾ ਵਿਖੇ ਅਮਰਦੀਪ ਸਿੰਘ ਮੀਤਾ ਮੱਕੜ ਦੇ ਦਫ਼ਤਰ ਵਿੱਚ ਹੋਈ ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਕੁਝ ਮਤੇ ਪਾਸ ਕੀਤੇ। ਪੀ ਆਰ ਓ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਮੁਤਾਬਕ ਕਲੱਬ ਮੈਂਬਰਾਂ ਨੇ ਸਰਬਸੰਮਤੀ ਨਾਲ ਇਲਾਕੇ 'ਚ ਫ਼ਲਦਾਰ, ਫੁੱਲਦਾਰ ਤੇ ਛਾਂਦਾਰ ਬੂਟੇ ਲਾ ਕੇ ਉਨ੍ਹਾਂ ਦੀ ਸੰਭਾਲ ਕਰਨ ਦਾ ਮਤਾ ਪਾਸ ਕੀਤਾ ਗਿਆ।ਇਸ ਤੋਂ ਇਲਾਵਾ ਗਊਸ਼ਾਲਾ ਵਿੱਚ ਗਊਆਂ ਨੂੰ ਹਰਾ ਚਾਰਾ ਤੇ ਗੁੜ ਦੀ ਸੇਵਾ, ਹਰ ਸਾਲ ਦੀ ਤਰ੍ਹਾਂ ਕਲੱਬ ਵੱਲੋਂ ਕਿਸੇ ਸਰਕਾਰੀ ਸਕੂਲ ਨੂੰ ਗੋਦ ਲੈਣ ਵਰਗੇ ਮਤੇ ਵੀ ਪਾਸ ਕੀਤੇ ਗਏ। ਭੁਪਿੰਦਰ ਸਿੰਘ ਤੇ ਮਨਜੀਤ ਸਿੰਘ ਲਵਲੀ ਨੇ ਦੱਸਿਆ ਕਿ ਉਕਤ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ।ਡਾ. ਸੁਨੀਲ ਛਾਬੜਾ ਤੇ ਇੰਸਪੈਕਟਰ ਨਛੱਤਰ ਸਿੰਘ ਨੇ ਦੱਸਿਆ ਕਿ ਪੀ.ਆਰ.ਓ. ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਵੱਲੋਂ ਕਲੱਬ ਦੀ ਰਿਪੋਰਟ ਪੇਸ਼ ਕੀਤੀ ਗਈ।ਨਵੇਂ ਸਾਲ 'ਚ ਸਮਾਜ ਸੇਵਾ ਦੇ ਕਾਰਜਾਂ ਵਿੱਚ ਤੇਜ਼ੀ ਲਿਆਉਣ ਬਾਰੇ ਵੀ ਵਿਚਾਰ ਚਰਚਾ ਹੋਈ।ਇਸ ਮੌਕੇ ਅਸ਼ੋਕ ਕੁਮਾਰ ਤੇ ਬੀਰਇੰਦਰ ਪਾਲ ਸ਼ਰਮਾ ਸਮੇਤ ਹੋਰ ਅਨੇਕਾਂ ਮੈਂਬਰ ਤੇ ਪਤਵੰਤੇ ਹਾਜ਼ਰ ਸਨ।

## ਬੱਸ ਸਟੈਂਡ ਤੇ ਝੁੱਗੀਆਂ 'ਚ ਬਾਲ ਭੀਖ ਮੰਗਣ ਵਿਰੁੱਧ ਚੈਕਿੰਗ ਮੁਹਿੰਮ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਬਾਲ ਭੀਖ ਮੰਗਣ ਵਰਗੇ ਅਪਰਾਧ ਵਿਰੁੱਧ ਚੱਲ ਰਹੀ ਰਾਜ ਪੱਧਰੀ ਚੈਕਿੰਗ ਤਹਿਤ ਅੱਜ ਮਹਿਲ ਕਲਾਂ ਵਿਖੇ ਵਿਸ਼ੇਸ਼ ਚੈਕਿੰਗ ਅਭਿਆਨ ਚਲਾਇਆ ਗਿਆ। ਬਾਲ ਵਿਕਾਸ ਅਫ਼ਸਰ ਬਰਨਾਲਾ ਬਲਵਿੰਦਰ ਸਿੰਘ ਤੇ ਥਾਣਾ ਮੁਖੀ ਇੰਸਪੈਕਟਰ ਸ਼ੇਰਵਿੰਦਰ ਸਿੰਘ ਔਲਖ ਦੀ ਅਗਵਾਈ ਹੇਠ ਚਲਾਈ ਮੁਹਿੰਮ ਦੌਰਾਨ ਪੁਲਿਸ ਪਾਰਟੀ ਅਤੇ ਬਾਲ ਵਿਕਾਸ ਵਿਭਾਗ ਦੀ ਟੀਮ ਵੱਲੋਂ ਬੱਸ ਸਟੈਂਡ ਅਤੇ ਝੁੱਗੀ-ਝੌਂਪੜੀ ਵਾਲੇ ਇਲਾਕਿਆਂ 'ਚ ਅਚਾਨਕ ਚੈਕਿੰਗ ਕੀਤੀ ਗਈ।ਚੈਕਿੰਗ ਦੌਰਾਨ ਸੜਕਾਂ ਉੱਤੇ ਭੀਖ ਮੰਗ ਰਹੇ ਬੱਚਿਆਂ ਦੀ ਪਛਾਣ ਕੀਤੀ ਗਈ ਤੇ ਮਾਪਿਆਂ ਨੂੰ ਸਖ਼ਤ ਚੇਤਾਵਨੀ ਦਿੱਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਅਜਿਹੀ ਗਤੀਵਿਧੀਆਂ ਵੱਲ ਨਾ ਧਕਣ।ਬਾਲ ਵਿਕਾਸ ਅਫ਼ਸਰ ਵੱਲੋਂ ਲੋਕਾਂ ਨੂੰ ਬਚਪਨ ਬਚਾਉਣ ਸੰਬੰਧੀ ਜਾਣਕਾਰੀ ਵੀ ਦਿੱਤੀ ਗਈ।ਥਾਣਾ ਮੁੱਖ ਅਫ਼ਸਰ ਸੇਰਵਿੰਦਰ ਸਿੰਘ ਔਲਖ ਦੀ ਅਗਵਾਈ ਹੇਠ ਪੁਲਸ ਪਾਰਟੀ ਵੱਲੋਂ ਸਖ਼ਤ ਹਦਾਇਤ ਕਰਦਿਆਂ ਝੁੱਗੀ-ਝੌਂਪੜੀਆਂ ਵਿੱਚ ਰਹਿ ਰਹੇ ਲੋਕਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਬੱਚਿਆਂ ਨੂੰ ਸੜਕਾਂ 'ਤੇ ਭੀਖ ਮੰਗਣ ਲਈ ਭੇਜਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਅਭਿਆਨ ਦੌਰਾਨ ਕੁਝ ਬੱਚਿਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਥਾਵਾਂ 'ਤੇ ਭੇਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ।ਪੁਲਸ ਅਧਿਕਾਰੀਆਂ ਨੇ ਕਿਹਾ ਕਿ ਅਜਿਹੀ ਚੈਕਿੰਗ ਮੁਹਿੰਮ ਅਗਲੇ ਦਿਨਾਂ ਵਿੱਚ ਜਾਰੀ ਰਹੇਗੀ।

# ਪੰਜਾਬ ਦਾ ਹਰ ਵਰਗ ਮੌਜੂਦਾ ਸਰਕਾਰ ਤੋਂ ਨਿਰਾਸ਼ : ਮਨੋਰੰਜਨ ਕਾਲੀਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੀ ਵਿਗੜਦੀ ਕਾਨੂੰਨ ਵਿਵਸਥਾ ਤੇ ਆਰਥਿਕ ਹਾਲਤ ਨੂੰ ਦੇਖਦੇ ਹੋਏ ਪੰਜਾਬ ਦੇ ਲੋਕ ਬਦਲਾਅ ਦੇਖ ਰਹੇ ਹਨ ਤੇ ਪੰਜਾਬ ਦਾ ਹਰ ਵਰਗ ਮੌਜੂਦਾ ਸਰਕਾਰ ਤੋਂ ਨਿਰਾਸ਼ ਹੈ ਅਤੇ ਸਰਕਾਰ 'ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੈ।ਪੰਜਾਬ ਦੇ ਲੋਕਾਂ ਨੇ ਕਾਂਗਰਸ, ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੇ ਸ਼ਾਸਨ ਨੂੰ ਚੰਗੀ ਤਰ੍ਹਾਂ ਦੇਖਿਆ ਤੇ ਪਰਖਿਆ ਹੈ।ਹੁਣ ਪੰਜਾਬ ਦੇ ਲੋਕ ਪੰਜਾਬ ਦੀ ਤਰੱਕੀ ਤੇ ਕਾਨੂੰਨ ਵਿਵਸਥਾ ਨੂੰ ਬਿਹਤਰ ਬਣਾਉਣ ਤੇ ਪੰਜਾਬ ਵਿੱਚ ਖੁਸ਼ਹਾਲੀ ਲਿਆਉਣ ਲਈ 2027 ਵਿੱਚ ਭਾਜਪਾ ਦੀ ਸਰਕਾਰ ਲਿਆਉਣ ਲਈ ਤਿਆਰ ਹਨ।ਉਪਰੋਕਤ ਵਿਚਾਰ ਸਾਬਕਾ ਮੰਤਰੀ ਤੇ ਸੀਨੀਅਰ ਭਾਜਪਾ ਆਗੂ ਅਤੇ ਮੋਗਾ ਜ਼ਿਲ੍ਹੇ ਦੇ ਇੰਚਾਰਜ ਮਨੋਰੰਜਨ ਕਾਲੀਆ ਨੇ ਮੋਗਾ ਜ਼ਿਲ੍ਹੇ ਦੇ ਕੋਟ ਈਸੇ ਖਾਂ ਕਸਬੇ ਦੇ ਮੈਡੀਸਿਟੀ ਹਸਪਤਾਲ ਵਿਖੇ ਗੋਗਸਟਾਰ ਵੱਲੋਂ ਗੰਭੀਰ ਜ਼ਖਮੀ ਕੀਤੇ ਗਏ ਡਾ. ਅਨਿਲਜੀਤ ਕੰਬੋਜ ਦੀ ਸਿਹਤ ਬਾਰੇ ਪੁੱਛਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ।ਇਸ ਤੋਂ ਪਹਿਲਾਂ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਤੇ ਭਾਜਪਾ ਦੇ ਸੂਬਾਈ ਉਪ-ਪ੍ਰਧਾਨ ਰਾਜੇਸ਼ ਬਾਘਾ ਦਾ ਮੋਗਾ ਪਹੁੰਚਣ 'ਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਗੁਲਦਸਤੇ ਦੇ ਕੇ ਸਵਾਗਤ ਕੀਤਾ।ਇਸ ਮੌਕੇ ਮਨੋਰੰਜਨ ਕਾਲੀਆ ਨੇ ਕਿਹਾ ਕਿ ਜਿਨ੍ਹਾਂ ਸੂਬਿਆਂ ਵਿੱਚ ਭਾਜਪਾ ਦੀਆਂ ਡਬਲ ਇੰਜਣ ਸਰਕਾਰਾਂ ਕੰਮ ਕਰ ਰਹੀਆਂ ਹਨ, ਉਹ ਹਰ ਪੱਖੋਂ ਤਰੱਕੀ ਦੇ ਰਾਹ 'ਤੇ ਅੱਗੇ ਵਧ ਰਹੇ ਹਨ ਤੇ ਕੇਂਦਰ ਸਰਕਾਰ ਵੀ ਆਪਣੀਆਂ ਯੋਜਨਾਵਾਂ ਰਾਹੀਂ ਉਨ੍ਹਾਂ ਨੂੰ ਹਰ ਸੰਭਵ ਮਦਦ ਦੇ ਰਹੀ ਹੈ, ਪਰ ਕੇਂਦਰ ਦੀਆਂ ਯੋਜਨਾਵਾਂ ਪੰਜਾਬ ਵਿੱਚ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਹੀਆਂ, ਜਿਸ ਕਾਰਨ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਨਹੀਂ ਮਿਲ ਰਿਹਾ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਲਿਆਉਣਾ ਸਮੇਂ ਦੀ ਲੋੜ ਹੈ ਤਾਂ ਜੋ ਪੰਜਾਬ ਦੇ ਲੋਕ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੈ ਸਕਣ ਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਇਆ ਜਾ ਸਕੇ।ਇਸ ਮੌਕੇ ਭਾਜਪਾ ਦੇ ਸੂਬਾਈ ਉਪ ਪ੍ਰਧਾਨ ਰਾਜੇਸ਼ ਬਾਘਾ ਨੇ ਕਿਹਾ ਕਿ ਪੰਜਾਬ ਵਿੱਚ ਲੋਕਤੰਤਰ ਨਾਮ ਦੀ ਕੋਈ ਚੀਜ਼ ਨਹੀਂ ਹੈ ਤੇ ਸਰਕਾਰ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਹੀ ਹੈ ਅਤੇ ਲੋਕ ਪੰਜਾਬ ਸਰਕਾਰ ਤੋਂ ਨਾਖੁਸ਼ ਹਨ ਤੇ ਆਪਣੇ ਹਿੱਤਾਂ ਦੀ ਰਾਖੀ ਲਈ ਸੜਕਾਂ 'ਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ।ਅੱਜ ਪੰਜਾਬ ਵਿੱਚ ਭਾਜਪਾ ਦਾ ਗ੍ਰਾਫ਼ ਵਧ ਰਿਹਾ ਹੈ। ਸੀਮਾਂਤ ਗਰਗ ਨੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਤੇ ਸੂਬਾਈ ਉਪ ਪ੍ਰਧਾਨ ਰਾਜੇਸ਼ ਬਾਘਾ ਦਾ ਨਿੱਘਾ ਸਵਾਗਤ ਕੀਤਾ।

ਉਨ੍ਹਾਂ ਕਿਹਾ ਕਿ ਜਲਦੀ ਹੀ ਦੁੱਨੇਕੇ ਵਿੱਚ ਭਾਜਪਾ ਦਾ ਜ਼ਿਲ੍ਹਾ ਦਫ਼ਤਰ ਸ਼ੁਰੂ ਹੋਣ ਜਾ ਰਿਹਾ ਹੈ, ਜਿੱਥੇ ਭਾਜਪਾ ਵੱਲੋਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੋਕਾਂ ਨੂੰ ਦੇਣ ਲਈ ਇੱਕ ਸੁਵਿਧਾ ਕੇਂਦਰ ਖੋਲ੍ਹਿਆ ਜਾਵੇਗਾ, ਜਿੱਥੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਯਤਨ ਕੀਤੇ ਜਾਣਗੇ।

## ਵਿਧਾਇਕ ਸਵਨਾ ਨੇ ਵਾਟਰ ਸਪਲਾਈ ਦੀਆਂ ਪਾਈਪਾਂ ਪਾਉਣ ਦਾ ਨੀਂਹ ਪੱਥਰ ਰੱਖਿਆ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਇੱਥੇ ਚਾਣਕਿਆ ਰੋਡ ਮੁਹੱਲੇ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵਿਛਾਉਣ ਦੇ ਇੱਕ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ।ਇਸ ਪ੍ਰੋਜੈਕਟ ਤਹਿਤ ਮੁਹੱਲੇ ਵਿੱਚ ਲਗਭਗ ਦੋ ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਈ ਜਾਵੇਗੀ ਤੇ ਘਰਾਂ ਨੂੰ ਕਨੈਕਸ਼ਨ ਦਿੱਤੇ ਜਾਣਗੇ।ਇਸ ਪ੍ਰੋਜੈਕਟ 'ਤੇ 40 ਲੱਖ ਰੁਪਏ ਦੀ ਲਾਗਤ ਆਵੇਗੀ।

ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਆਖਿਆ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਸਾਫ ਸੁਥਰਾ ਪੀਣ ਦਾ ਪਾਣੀ ਉਪਲਬਧ ਕਰਵਾਉਣ ਦੇ ਆਪਣੇ ਸੰਕਲਪ ਤਹਿਤ ਸ਼ਹਿਰ ਵਿੱਚ ਪਿਛਲੇ 7 ਕਰੋੜ ਤੋਂ ਵੱਧ ਦੀ ਲਾਗਤ ਨਾਲ ਨਵੀਆਂ ਪਾਈਪ ਲਾਈਨਾਂ ਵਿਛਾ ਰਹੀ ਹੈ।ਉਨ੍ਹਾਂ ਆਖਿਆ ਕਿ ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਸ਼ਹਿਰ ਦੇ ਸਾਰੇ ਮੁਹੱਲਿਆਂ ਖਾਸ ਕਰਕੇ ਉਨ੍ਹਾਂ ਮੁਹੱਲਿਆਂ ਵਿੱਚ ਜਿੱਥੇ ਪਹਿਲਾਂ ਪੀਣ ਦੇ ਪਾਣੀ ਦੀ ਪਾਈਪਲਾਈਨ ਨਹੀਂ ਪਈ ਸੀ, ਵਿਖੇ ਘਰ ਘਰ ਪਾਣੀ ਪਹੁੰਚੇਗਾ।ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਪੀਣ ਦੇ ਪਾਣੀ ਦੇ ਕਨੈਕਸ਼ਨ ਵੀ ਘਰਾਂ ਨੂੰ ਸਰਕਾਰ ਵੱਲੋਂ ਮੁਫਤ ਦਿੱਤੇ ਜਾਣਗੇ।

# ਮਾਤਾ ਸੁੰਦਰੀ ਗਰੁੱਪ ਢੱਡਾ ਦਾ ਨਤੀਜਾ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੜਕੀਆਂ ਦੀ ਸਿੱਖਿਆ ਨੂੰ ਸਮਰਪਤ ਇਲਾਕੇ ਦੀ ਮਸ਼ਹੂਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਐੱਮ. ਏ. (ਪੰਜਾਬੀ) ਭਾਗ ਦੂਜਾ ਸਮੈਸਟਰ ਤੀਜਾ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਇਸ ਸ਼ਾਨਦਾਰ ਨਤੀਜੇ ਉੱਪਰ ਖੁਸ਼ੀ ਪ੍ਰਗਟ ਕਰਦੇ ਹੋਏ ਸਾਰੇ ਸਟਾਫ਼ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਨਾਲ ਹੀ ਸ਼ਾਨਦਾਰ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਪੰਜਾਬੀ ਭਾਸ਼ਾ ਦੀ ਮਾਤ ਭਾਸ਼ਾ ਦੀ ਐੱਮ.ਏ. ਕਰਨਾ ਵੀ ਆਪਣੇ-ਆਪ ਵਿੱਚ ਬਹੁਤ ਹੀ ਵੱਡੀ ਗੱਲ ਹੈ, ਕਿਉਂਕਿ ਆਪਣੀ ਮਾਤ ਭਾਸ਼ਾ ਤੇ ਆਪਣੇ ਸੱਭਿਆਚਾਰ ਦਾ ਗਿਆਨ ਪੰਜਾਬੀ ਭਾਸ਼ਾ ਬਾਰੇ ਪੜ੍ਹਦੇ ਹੋਏ ਹੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਮਾਤਾ ਸੁੰਦਰੀ ਕਾਲਜ ਪਿਛਲੇ ਲੰਮੇ ਸਮੇਂ ਤੋਂ ਹਰ ਸਾਲ ਹੀ ਇਹੋ ਜਿਹੇ ਸ਼ਾਨਦਾਰ ਨਤੀਜੇ ਸੰਸਥਾ ਦੀ ਝੋਲੀ ਪਾਉਂਦਾ ਆ ਰਿਹਾ ਹੈ।ਇਸ ਦਾ ਸਾਰਾ ਸਿਹਰਾ ਕਾਲਜ ਦੇ ਸਮੂਹ ਸਟਾਫ ਤੇ ਪ੍ਰਿੰਸੀਪਲ ਦੇ ਸਿਰ ਜਾਂਦਾ ਹੈ। ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸੰਸਥਾ ਹਮੇਸ਼ਾ ਹੀ ਵਿਦਿਆਰਥੀਆਂ ਦੇ ਭਵਿੱਖ ਨੂੰ ਉੱਜਵਲ ਬਣਾਉਣ ਲਈ ਵਿੱਦਿਅਕ ਮਾਹੌਲ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸ਼ਖਸੀਅਤ ਦੀ ਉਸਾਰੀ ਲਈ ਨਵੇਂ-ਨਵੇਂ ਪ੍ਰੋਗਰਾਮ ਉਲੀਕਦੀ ਹੈ।ਸੰਸਥਾ ਦੇ ਪ੍ਰਿੰ. ਰਾਜ ਸਿੰਘ ਬਾਘਾ ਨੇ ਕਿਹਾ ਕਿ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਦੇ ਸਾਂਝੇ ਹੰਭਲੇ ਸਦਕਾ ਸੰਸਥਾ ਦੀਆਂ ਵਿਦਿਆਰਥਣਾਂ ਦਾ ਨਤੀਜਾ ਕਾਬਲੇ ਤਾਰੀਫ ਆਇਆ ਹੈ ਤੇ ਉਨ੍ਹਾਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ।ਪੰਜਾਬੀ ਵਿਭਾਗ ਦੇ ਪ੍ਰੋ. ਹਰਮਨਦੀਪ ਕੌਰ ਨੇ ਦੱਸਿਆ ਕਿ ਕ੍ਰਮਵਾਰ ਕੁਲਵੀਰ ਕੌਰ ਤੇ ਸੰਦੀਪ ਕੌਰ ਨੇ 8.20 ਗ੍ਰੇਡ ਪ੍ਰਾਪਤ ਕਰਕੇ ਪਹਿਲਾ ਸਥਾਨ, ਕ੍ਰਮਵਾਰ ਖੁਸ਼ਵੀਰ ਕੌਰ, ਮਨਦੀਪ ਕੌਰ ਤੇ ਸੁਖਪ੍ਰੀਤ ਕੌਰ ਨੇ 8.00 ਗ੍ਰੇਡ ਪ੍ਰਾਪਤ ਕਰਕੇ ਦੂਜਾ ਸਥਾਨ, ਕ੍ਰਮਵਾਰ ਜਸਪ੍ਰੀਤ ਕੌਰ ਤੇ ਰਾਜਵੀਰ ਕੌਰ ਨੇ 7.80 ਰੇਡ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਕਾਰਗੁਜ਼ਾਰੀ 'ਤੇ ਮੁਬਾਰਕਬਾਦ ਦਿੱਤੀ।

# ਪੰਜਾਬੀ ਸਾਹਿਤ ਅਕਾਦਮੀ ਨੇ ਪੰਜਾਬੀ ਭਾਸ਼ਾ ਪ੍ਰਤੀ ਅਣਗਹਿਲੀ ਤੇ ਅਣਦੇਖੀ ਖ਼ਿਲਾਫ ਸਰਕਾਰ ਨੂੰ ਲਿਖੀ ਚਿੱਠੀ

**ਲੁਧਿਆਣਾ (ਰੈਕਟਰ ਕਥੂਰੀਆ)**-ਪੰਜਾਬ ਸਰਕਾਰ ਵੱਲੋਂ ਬਣਾਈ ਗਈ ਆਊਟਸਟੈਂਡਿੰਗ ਸਪੋਰਟਸ ਪਰਸੋਨਲ 2024 ਪਾਲਿਸੀ ਅਨੁਸਾਰ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਵਿੱਚ 26-05-2025 ਨੂੰ 38 ਕੋਚ ਗਰੁੱਪ ਬੀ ਤੇ ਸੀ ਸ਼੍ਰੇਣੀ ਵਿੱਚ ਨਿਯੁਕਤ ਕੀਤੇ ਗਏ ਹਨ। ਪੰਜਾਬ ਸਰਕਾਰ ਨੂੰ ਇਸ ਗੱਲ ਦੀ ਵਧਾਈ ਹੈ ਕਿ ਉਹ ਪੰਜਾਬ ਦੇ ਨੌਜਵਾਨਾਂ ਦੇ ਰੁਜ਼ਗਾਰ ਪ੍ਰਤੀ ਲਗਾਤਾਰ ਕੰਮ ਕਰ ਰਹੀ ਹੈ, ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਦੀ ਅਣਗਹਿਲੀ ਤੇ ਅਣਦੇਖੀ ਲਗਾਤਾਰ ਕਰ ਰਹੀ ਹੈ। ਖੇਡ ਤੇ ਯੁਵਕ ਸੇਵਾਵਾਂ ਵਿਭਾਗ ਵਿੱਚ ਰੱਖੇ ਗਏ 38 ਕੋਚ ਬਿਨਾਂ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਕੀਤਿਆਂ ਨਿਯੁਕਤ ਕਰ ਦਿੱਤੇ ਗਏ ਹਨ। ਇਹ ਨਿਯੁਕਤੀ ਪੰਜਾਬ ਸਿਵਲ ਸਰਵਿਸਜ਼ ਦੇ ਨਿਯਮਾਂ ਦੇ ਬਿਲਕੁਲ ਖਿਲਾਫ ਹੈ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਨੋਟ ਕੀਤਾ ਕਿ ਪਹਿਲਾਂ ਵੀ ਸਰਕਾਰ ਦਾ ਇਹ ਰਵੱਈਆ ਜਾਂ ਅਫ਼ਸਰਸ਼ਾਹੀ ਵੱਲੋਂ ਕੀਤੀ ਨਿਯਮਾਂ ਦੀ ਅਣਦੇਖੀ ਹੋ ਚੁੱਕੀ ਹੈ। ਭਾਸ਼ਾ ਦੇ ਮਸਲਿਆਂ 'ਤੇ ਮੁੱਖ ਮੰਤਰੀ ਨੂੰ ਮੀਟਿੰਗ ਲਈ ਸਮਾਂ ਦੇਣ ਦੀ ਵੀ ਮੰਗ ਕੀਤੀ ਜਾ ਚੁੱਕੀ ਹੈ। ਉਪਰੋਕਤ ਕੁਤਾਹੀ ਨੂੰ ਇਸੇ ਰੌਸ਼ਨੀ ਵਿੱਚ ਦੇਖਿਆ ਜਾ ਸਕਦਾ ਹੈ। ਅਕਾਦਮੀ ਦਾ ਸਮੁੱਚਾ ਪ੍ਰਬੰਧਕੀ ਬੋਰਡ ਇਸ ਦੀ ਨਿੰਦਾ ਕਰਦਾ ਹੈ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਡਾ. ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਕਰਮਜੀਤ ਸਿੰਘ ਗਰੇਵਾਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਪ੍ਰੇਮ ਸਾਹਿਲ ਤੇ ਸਮੂਹ ਮੈਂਬਰ ਸ਼ਾਮਲ ਹਨ। ਸੋ ਸਰਕਾਰ ਦੀ ਮਾਤ ਭਾਸ਼ਾ ਪ੍ਰਤੀ ਸੁਹਿਰਦ ਨੀਤੀ ਦੀ ਆਸ ਕਰਦੇ ਹਾਂ ਤੇ ਇਸ ਸੰਬੰਧੀ ਦੁਬਾਰਾ ਫਿਰ ਲਿਖ ਕੇ ਮੰਗ ਕਰਦੇ ਹਾਂ। ਚਿੱਠੀ ਦਾ ਉਤਾਰਾ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ ਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਭੇਜਿਆ ਗਿਆ ਹੈ।

## ਸ਼ਿਸ਼ੂ ਵਾਟਿਕਾ 'ਚ ਬੱਚਿਆਂ ਦਾ ਸਮਾਗਮ ਹੋਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ 'ਚ ਸ਼ਿਸ਼ੂ ਵਾਟਿਕਾ ਪੰਜਾਬ ਪ੍ਰਾਂਤ ਪ੍ਰਮੁੱਖ ਦੀਦੀ ਕੁਸੁਮ ਤੇ ਸਹਿ-ਪ੍ਰਮੁੱਖ ਦੀਦੀ ਕਿਰਨ ਦਾ ਇੱਕ ਦਿਨ ਦਾ ਠਹਿਰਾਅ ਪੂਰਾ ਹੋਇਆ।ਸਕੂਲ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਉਨ੍ਹਾਂ ਦਾ ਸਕੂਲ ਵਿੱਚ ਸਵਾਗਤ ਕੀਤਾ।ਇਸ ਮੌਕੇ ਛੋਟੇ ਬੱਚਿਆਂ ਨੇ ਵੀ ਤਿਲਕ ਲਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਮਾਂ ਸਰਸਵਤੀ ਦੇ ਚਰਨਾਂ ਵਿੱਚ ਦੀਵੇ ਜਗਾ ਕੇ ਪ੍ਰਾਰਥਨਾ ਸਭਾ ਵਿੱਚ ਹਿੱਸਾ ਲਿਆ ਤੇ ਬੱਚਿਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ।ਉਨ੍ਹਾਂ ਸ਼ਿਸ਼ੂ ਵਾਟਿਕਾ ਦਾ ਨਿਰੀਖਣ ਕੀਤਾ ਤੇ ਬੱਚਿਆਂ ਨੂੰ ਦਿੱਤੇ ਜਾ ਰਹੇ ਸਿੱਖਿਆ ਦੇ ਵੇਰਵਿਆਂ ਨੂੰ ਦੇਖਿਆ।ਦੀਦੀ ਕੁਸੁਮ ਨੇ ਪ੍ਰੀ-ਪ੍ਰਾਇਮਰੀ ਕਲਾਸਾਂ ਦਾ ਵਿਸ਼ੇਸ਼ ਤੌਰ 'ਤੇ ਜਾਇਜ਼ਾ ਲਿਆ ਤੇ ਸਾਰੇ ਅਧਿਆਪਕਾਂ ਨੂੰ ਪੰਚਪਦੀ ਸਿੱਖਿਆ ਵਿਧੀ ਅਨੁਸਾਰ ਬੱਚਿਆਂ ਨੂੰ ਪੜ੍ਹਾਉਣ ਲਈ ਪ੍ਰੇਰਤ ਕੀਤਾ।ਉਨ੍ਹਾਂ ਸਾਰੀਆਂ ਸ਼ਿਸ਼ੂ ਵਾਟਿਕਾ ਦੀਦੀਆਂ ਦੀ ਇੱਕ ਮੀਟਿੰਗ ਵੀ ਕੀਤੀ, ਜਿਸ ਵਿੱਚ ਉਨ੍ਹਾਂ ਨੇ ਸਿੱਖਿਆ ਦੀ ਗੁਣਵੱਤਾ, ਕਾਰਜਸ਼ੈਲੀ ਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਬਾਰੇ ਮਾਰਗਦਰਸ਼ਨ ਦਿੱਤਾ।

# ਜ਼ਿੰਦਗੀ ਨੂੰ ਬਿਹਤਰ ਤਰੀਕੇ ਜਿਉਣ ਲਈ ਕਿਤਾਬਾਂ ਪੜ੍ਹਨਾ ਬਹੁਤ ਜ਼ਰੂਰੀ : ਕੁਲਵੰਤ ਸਿੰਘ

## ■ ਸਿਖਲਾਈ ਪ੍ਰਾਪਤ ਕਰਨ ਵਾਲੇ ਟ੍ਰੇਨਰਾਂ ਨੂੰ ਵੰਡੇ ਸਰਟੀਫਿਕੇਟ




**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪ੍ਰਮਾਤਮਾ ਵੱਲੋਂ ਬਖਸ਼ੀ ਇਸ ਜ਼ਿੰਦਗੀ ਨੂੰ ਹੋਰ ਬਿਹਤਰ ਤਰੀਕੇ ਨਾਲ ਜਿਉਣ ਲਈ ਚੰਗੀਆਂ ਕਿਤਾਬਾਂ ਦਾ ਪੜ੍ਹਨਾ ਬਹੁਤ ਜ਼ਰੂਰੀ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਮਾਨਸਾ ਸ੍ਰ. ਕੁਲਵੰਤ ਸਿੰਘ ਨੇ ਮੈਗਸੀਪਾ ਵੱਲੋਂ ਕਰਵਾਏ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ 'ਲਾਇਬ੍ਰੇਰੀ ਮੈਨੇਜਮੈਂਟ' 'ਚ ਅਖੀਰਲੇ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਮਾਨਸਾ ਸ੍ਰ. ਕੁਲਵੰਤ ਸਿੰਘ ਨੇ ਸਮੂਹ ਹਾਜ਼ਰੀਨ ਨਾਲ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦਿਆਂ ਕਿਤਾਬਾਂ ਪੜ੍ਹਨ ਦੇ ਨਾਲ-ਨਾਲ ਕੁਦਰਤ ਨਾਲ ਜੁੜਨ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਹਰ ਸਮੇਂ ਸਾਨੂੰ ਕਿਤਾਬਾਂ 'ਚੋਂ ਕੁਝ ਨਾ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੀ ਰਹਿੰਦਾ ਹੈ।ਇਸ ਦੌਰਾਨ ਡਿਪਟੀ ਕਮਿਸ਼ਨਰ ਮਾਨਸਾ ਸ੍ਰ. ਕੁਲਵੰਤ ਸਿੰਘ ਨੇ ਸਕੂਲ ਦੇ ਪ੍ਰਿੰਸੀਪਲ ਤੇ ਲਾਇਬ੍ਰੇਰੀਅਨਾਂ ਨੂੰ ਕਿਹਾ ਕਿ ਵਿਦਿਆਰਥੀਆਂ ਨੂੰ ਲਾਇਬ੍ਰੇਰੀ 'ਚ ਜ਼ਰੂਰ ਲੈ ਕੇ ਜਾਓ, ਇਸ ਨਾਲ ਜਿੱਥੇ ਉਨ੍ਹਾਂ ਦੀ ਮਾਨਸਿਕਤਾ 'ਚ ਉਜਾਗਰਤਾ ਆਵੇਗੀ, ਉਥੇ ਹੀ ਉਨ੍ਹਾਂ ਦੀ ਬੌਧਿਕਤਾ ਵਿੱਚ ਵੀ ਵਾਧਾ ਹੋਵੇਗਾ।

ਉਨ੍ਹਾਂ ਸਿਖਲਾਈ ਟ੍ਰੇਨਰਾਂ ਨੂੰ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ ਨੂੰ ਤਰਜੀਹ ਦਿੱਤੀ ਜਾਵੇ।ਇਸ ਮੌਕੇ ਖੇਤਰੀ ਪ੍ਰੋਜੈਕਟ ਡਾਇਰੈਕਟਰ ਮੈਗਸੀਪਾ ਸ਼੍ਰੀ ਓਮ ਪ੍ਰਕਾਸ਼ ਨੇ ਦੱਸਿਆ ਕਿ ਇਸ ਸਿਖਲਾਈ ਵਿੱਚ 7 ਜ਼ਿਲ੍ਹਿਆਂ ਬਠਿੰਡਾ, ਮਾਨਸਾ, ਫਰੀਦਕੋਟ, ਮੋਗਾ, ਫਿਰੋਜ਼ਪੁਰ, ਸ਼੍ਰੀ ਮੁਕਤਸਰ ਸਾਹਿਬ ਤੇ ਫਾਜ਼ਿਲਕਾ ਦੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਤੇ ਲਾਇਬ੍ਰੇਰੀਅਨਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਦੌਰਾਨ ਸਿਖਲਾਈ ਟ੍ਰੇਨਰਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ।ਇਸ ਦੌਰਾਨ ਆਰਪੀਸੀ ਮੈਗਸੀਪਾ ਰੀਜਨਲ ਸੈਂਟਰ ਬਠਿੰਡਾ ਸ਼੍ਰੀ ਮਨਦੀਪ ਸਿੰਘ, ਕੋਰਸ ਕੋਆਰਡੀਨੇਟਰ ਸ਼੍ਰੀ ਮਲਕੀਤ ਸਿੰਘ ਸਹਾਇਕ ਲਾਇਬ੍ਰੇਰੀਅਨ, ਮੁੱਖ ਦਫਤਰ ਚੰਡੀਗੜ੍ਹ ਤੋਂ ਪ੍ਰੋਜੈਕਟ ਐਸੋਸੀਏਟ ਮੈਗਸੀਪਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਕੈਂਸਰ ਨਾਲ ਲੈਕਚਰਾਰ ਦੀ ਮੌਤ



**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ 'ਚ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਰੁਕਣ ਦਾ ਨਾਮ ਨਹੀ ਲੈ ਰਹੀ ਹੈ।ਕੁਝ ਹੀ ਦਿਨਾਂ ਬਾਅਦ ਸ਼ਹਿਰ 'ਚ ਕੈਂਸਰ ਤੋਂ ਪੀੜਤ ਵਿਅਕਤੀਆਂ ਦੀਆਂ ਮੌਤਾਂ ਹੋ ਰਹੀਆਂ ਹਨ।ਬੀਤੇ ਦਿਨ ਵੀਰਵਾਰ ਨੂੰ ਇਸ ਨਾਮੁਰਾਦ ਬਿਮਾਰੀ ਨਾਲ ਸ਼ਹਿਰ ਦੇ ਸੇਵਾਮੁਕਤ ਲੈਕਚਰਾਰ ਪਵਨ ਕੁਮਾਰ (73) ਦੀ ਮੌਤ ਹੋ ਗਈ।ਮ੍ਰਿਤਕ ਪਵਨ ਕੁਮਾਰ ਪਿਛਲੇ ਕਈ ਸਾਲਾਂ ਤੋਂ ਇਸ ਬਿਮਾਰੀ ਤੋਂ ਪੀੜਤ ਸੀ, ਜਿਨ੍ਹਾਂ ਦਾ ਇਲਾਜ ਪੀ.ਜੀ.ਆਈ. ਚੰਡੀਗੜ੍ਹ ਤੋਂ ਚੱਲ ਰਿਹਾ ਸੀ।ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਇੱਕ ਲੜਕਾ ਤੇ ਤਿੰਨ ਲੜਕੀਆਂ ਛੱਡ ਗਿਆ ਹੈ।

## ਤੀਜ ਦਾ ਤਿਉਹਾਰ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਕੈਂਟ ਵਿੱਚ ਸਥਿਤ ਸ਼ੇਮਫੋਰਡ ਲਿਟਲ ਸਟਾਰਜ਼ ਪਲੇਵੇ ਸਕੂਲ ਵਿੱਚ ਤੀਜ ਦਾ ਤਿਉਹਾਰ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਨੂੰ ਰੰਗ-ਬਿਰੰਗੀਆਂ ਸਜਾਵਟਾਂ ਨਾਲ ਸਜਾਇਆ ਗਿਆ ਸੀ ਤੇ ਬੱਚੇ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸੱਜੇ ਹੋਏ ਨਜ਼ਰ ਆਏ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਏਕਤਾ ਗੁਪਤਾ ਨੇ ਬੱਚਿਆਂ ਨੂੰ ਤੀਜ ਦੇ ਤਿਉਹਾਰ ਦੇ ਮਹੱਤਵ ਬਾਰੇ ਦੱਸਿਆ ਅਤੇ ਭਾਰਤੀ ਸੱਭਿਆਚਾਰ ਨਾਲ ਜੁੜੇ ਮੁੱਲਾਂ ਨੂੰ ਸਮਝਾਇਆ।

# ਮਨਪ੍ਰੀਤ ਸਿੰਘ ਇਯਾਲੀ ਦੀ ਅਗਵਾਈ ਹੇਠ ਹਲਕਾ ਧਰਮਕੋਟ 'ਚ ਡੈਲੀਗੇਟ ਅਜਲਾਸ

## ■ ਮੱਖਣ ਬਰਾੜ ਵੱਲੋਂ ਅਜਲਾਸ ਦੀ ਸਫਲਤਾ ਲਈ ਸਮੂਹ ਡੈਲੀਗੇਟਾਂ ਦਾ ਧੰਨਵਾਦ



**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਧਰਮਕੋਟ ਵਿੱਚ ਭਰਤੀ ਪ੍ਰਕਿਰਿਆ ਦੇ ਸਫਲਤਾਪੂਰਵਕ ਮੁਕੰਮਲ ਹੋਣ ਤੋਂ ਬਾਅਦ ਇੱਕ ਵਿਸ਼ੇਸ਼ ਡੈਲੀਗੇਟ ਅਜਲਾਸ ਕੀਤਾ ਗਿਆ।ਇਸ ਅਜਲਾਸ ਦੌਰਾਨ ਹਲਕੇ ਦੇ ਸਟੇਟ ਤੇ ਜ਼ਿਲ੍ਹਾ ਡੈਲੀਗੇਟਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਸਮੂਹ ਵਰਕਰਾਂ ਤੇ ਆਗੂਆਂ ਨੇ ਪੂਰੀ ਏਕਤਾ ਤੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਤ ਅਕਾਲੀ ਦਲ ਦੇ ਸਮਰਥਕਾਂ ਤੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਦਾ ਸੰਕਲਪ ਦੁਹਰਾਇਆ। ਭਰਤੀ ਪ੍ਰਕਿਰਿਆ ਤੇ ਡੈਲੀਗੇਟਾਂ ਦੀ ਚੋਣ ਦੌਰਾਨ ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਅਟੁੱਟ ਇੱਕਜੁੱਟਤਾ ਦੇ ਦਰਸ਼ਨ ਹੋਏ, ਜਿਸ ਨੇ ਪਾਰਟੀ ਦੀ ਮਜ਼ਬੂਤੀ ਤੇ ਲੋਕਾਂ ਵਿੱਚ ਇਸ ਦੀ ਪਕੜ ਨੂੰ ਸਪੱਸ਼ਟ ਕੀਤਾ।

ਅਜਲਾਸ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਸਿੰਘ ਅਯਾਲੀ ਤੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਨੇ ਵਰਕਰਾਂ ਵਿੱਚ ਜੋਸ਼ ਭਰਿਆ।ਉਨ੍ਹਾਂ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈ ਗਈ ਭਰਤੀ ਕਮੇਟੀ ਨੂੰ ਪੰਜਾਬ ਭਰ ਵਿੱਚ ਭਾਰੀ ਸਮਰਥਨ ਤੇ ਹੁੰਗਾਰਾ ਮਿਲ ਰਿਹਾ ਹੈ।ਇਸ ਸਰਗਰਮੀ ਨੇ ਪਾਰਟੀ ਵਿੱਚ ਨਵੀਂ ਉਮੀਦ ਤੇ ਆਤਮਵਿਸ਼ਵਾਸ ਪੈਦਾ ਕੀਤਾ ਹੈ, ਜੋ ਸੂਬੇ ਦੀ ਸਿਆਸਤ ਵਿੱਚ ਅਕਾਲੀ ਦਲ ਦੀ ਮੁੜ ਉਭਰਦੀ ਤਾਕਤ ਨੂੰ ਦਰਸਾਉਂਦਾ ਹੈ।ਉਨ੍ਹਾਂ ਦੱਸਿਆ ਕਿ ਅਕਾਲੀ ਦਲ ਦੀ ਪ੍ਰਧਾਨਗੀ ਦੀ ਚੋਣ ਨੂੰ ਲੈ ਕੇ ਪੰਜ ਮੈਂਬਰੀ ਭਰਤੀ ਕਮੇਟੀ ਵਿਚਾਰ-ਵਟਾਂਦਰੇ ਵਿੱਚ ਰੁੱਝੀ ਹੋਈ ਹੈ।ਵੱਖ-ਵੱਖ ਹਲਕਿਆਂ ਵਿੱਚ ਵਰਕਰਾਂ ਤੇ ਆਗੂਆਂ ਦੇ ਵਿਚਾਰ ਲਏ ਜਾ ਰਹੇ ਹਨ, ਤਾਂ ਜੋ ਪਾਰਟੀ ਦੀ ਅਗਵਾਈ ਸਬੰਧੀ ਸਹੀ ਤੇ ਸਰਬਸੰਮਤੀ ਵਾਲਾ ਫੈਸਲਾ ਲਿਆ ਜਾ ਸਕੇ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਇੱਕ ਠੋਸ, ਸਿਧਾਂਤਕ ਤੇ ਪੰਜਾਬੀ ਹਿੱਤਾਂ ਦੀ ਰਾਖੀ ਕਰਨ ਵਾਲੀ ਪਾਰਟੀ ਵਜੋਂ ਸਥਾਪਤ ਕਰਨ ਲਈ ਇਹ ਯਤਨ ਲਗਾਤਾਰ ਜਾਰੀ ਰਹਿਣਗੇ।ਇਸ ਦੌਰਾਨ ਅਕਾਲੀ ਦਲ ਦੀ ਭਰਤੀ ਕਰਨ ਵਾਲੇ ਡੈਲੀਗੇਟ ਮੌਜੂਦ ਸਨ।

ਇਸ ਮੌਕੇ ਸਰਬ ਸੰਮਤੀ ਨਾਲ ਸਟੇਟ ਡੈਲੀਗੇਟ ਬਰਜਿੰਦਰ ਸਿੰਘ ਮੱਖਣ ਬਰਾੜ, ਰਜਿੰਦਰ ਸਿੰਘ ਕਪੂਰੇ, ਜੋਗਿੰਦਰ ਸਿੰਘ ਪੱਪੂ ਕਾਹਨੇਵਾਲਾ, ਕੁਲਦੀਪ ਸਿੰਘ ਏਡੀਓ ਦਾ ਨਾਮ ਸਰਬ ਪ੍ਰਵਾਨਿਤ ਕੀਤਾ ਗਿਆ ਤੇ ਇਸੇ ਤਰ੍ਹਾਂ ਜ਼ਿਲ੍ਹਾ ਡੈਲੀਗੇਟ ਲਈ ਗੁਰਨਾਮ ਸਿੰਘ ਭੁੱਲਰ ਸਾਬਕਾ ਚੇਅਰਮੈਨ, ਗੁਰਜੰਟ ਸਿੰਘ ਚਾਹਲ, ਬਲਜਿੰਦਰ ਸਿੰਘ ਜਲਾਲਾਬਾਦ, ਜੋਗਿੰਦਰ ਸਿੰਘ ਕੋਟ ਸਦਰ ਖਾਂ, ਕਮਿੱਕਰ ਸਿੰਘ ਔਗੜ, ਬਲਦੇਵ ਸਿੰਘ ਮਹਿਰੋਂ, ਕੁਲਵੰਤ ਸਿੰਘ ਸੰਘਲਾ ਦਾ ਨਾਮ ਸਰਬ ਸੰਮਤੀ ਨਾਲ ਮਨਜ਼ੂਰ ਕੀਤਾ ਗਿਆ।


**Capital Small Finance Bank**

H.O: MIDAS CORPORATE PARK, 3rd FLOOR, 37 G.T. ROAD, JALANDHAR-144001, Punjab, India.

**ਜਾਇਦਾਦ ਵਿਕਰੀ ਸੂਚਨਾ**

ਨਿਮਨ ਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਜਨਤਾ ਨੂੰ ਵੱਡੇ ਪੱਧਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆਂ ਨਿਕਲਦੀ ਰਕਮ ਦੀ + ਭਵਿੱਖੀ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸ ਵਿੱਚ ਵਿਕਰੀ ਬੈਂਕ ਦੁਆਰਾ ਮਿਤੀ 02.09.2025 ਨੂੰ ਕਰਵਾਈ ਜਾਵੇਗੀ।

ਖਾਤੇ ਦਾ ਨਾਂਅ : 1. ਸ੍ਰੀ ਸੋਨੂੰ ਪੁੱਤਰ ਸ੍ਰੀ ਰੂਪ ਲਾਲ, ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ-144703
2. ਸ੍ਰੀ ਰਾਜੂ ਪੁੱਤਰ ਸ੍ਰੀ ਰੂਪ ਲਾਲ, ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ-144703 (ਕਰਜ਼ਦਾਰ)
3. ਸ੍ਰੀ ਸੁਖਚੈਨ ਸਿੰਘ ਪੁੱਤਰ ਸ੍ਰੀ ਬਲਵਿੰਦਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ-144703 (ਗਰੰਟਰ)

ਬਕਾਇਆ ਰਕਮ ਹਾਊਸਿੰਗ ਲੋਨ/054611000056: ਰੁਪਏ 18,04,082/- (ਅਤੇ 01.07.2025) ਤੋਂ ਭਵਿੱਖੀ ਵਿਆਜ

ਜਾਇਦਾਦ ਦਾ ਵੇਰਵਾ : ਬੈਨਾਮਾ ਨੰ. 2020-21/177/1/ 1531 ਮਿਤੀ 18.02.2022 ਅਨੁਸਾਰ ਸ੍ਰੀ ਸੋਨੂੰ ਪੁੱਤਰ ਸ੍ਰੀ ਰੂਪ ਲਾਲ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 15 ਮਰਲੇ, ਥੰਮੂਵਾਲ ਵਿਖੇ ਸਥਿਤ, ਹੱਦਬਸਤ ਨੰ. 278, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ।

ਰਾਖਵੀਂ ਕੀਮਤ : ਰੁਪਏ 7,00,000/- (ਰੁਪਏ ਸੱਤ ਲੱਖ ਕੇਵਲ)

ਈ ਐੱਮ ਡੀ (ਬਿਆਨਾ ਰਾਸ਼ੀ) : ਸਫ਼ਲ ਬੋਲੀਕਾਰ ਦੁਆਰਾ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ (ਬਿਆਨਾ ਰਾਸ਼ੀ) 25 ਫੀਸਦੀ ਜਲੰਧਰ ਵਿੱਚ ਅਦਾਇਗੀਯੋਗ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਮਿਤੀ 02.09.2025 ਨੂੰ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ. ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ।

ਬੈਂਕ ਨੂੰ ਮਾਲੂਮ ਝੰਜਟ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" "ਉਥੇ ਜੋ ਵੀ ਹੈ" ਅਤੇ ਉਥੇ ਜਿਵੇਂ ਵੀ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ, ਜਲੰਧਰ ਵਿੱਚ ਅਦਾਇਗੀਯੋਗ, ਈ ਐਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 02.09.2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ : ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ, ਜੀ ਟੀ ਰੋਡ, ਜਲੰਧਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾ ਕੋਈ ਕਾਰਨ ਦੱਸਿਆ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਕਰੀ ਮੁਲਤਵੀ ਕਰਨ/ਨਿਯਮਾਂ ਅਤੇ ਸ਼ਰਤਾ ਵਿੱਚ ਬਦਲਾਅ ਕਰਨ ਦਾ ਹੱਕ ਪ੍ਰਾਪਤ ਹੈ।

ਸਥਾਨ : ਜਲੰਧਰ ਮਿਤੀ : 25.07.2025 ਅਧਿਕਾਰਤ ਅਫਸਰ

**ਉੱਤਰ ਰੇਲਵੇ**

**ਖੁਲੀ ਟੈਂਡਰ ਸੂਚਨਾ**

ਵ. ਮੰਡਲ ਵਿਯੁਤ ਇੰਜੀਨੀਅਰ/ਟੀ.ਆਰ.ਡੀ., ਉ. ਰੇ., ਫ਼ਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਈ-ਟੈਂਡਰ ਆਖਰੀ ਮਿਤੀ 19.08.2025 ਨੂੰ 15:00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ 19.08.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ।

| ਟੈਂਡਰ ਨੰਬਰ : 709-ਟੀ.ਆਰ.ਡੀ.-ਫ਼ਿਰੋਜ਼ਪੁਰ-2025-26 |
|---|
| ਕੰਮਾਂ ਦਾ ਵੇਰਵਾ : ਫ਼ਿਰੋਜ਼ਪੁਰ ਮੰਡਲ ਉਤੇ/ ADEE/TRD/JUC ਦੇ ਅਧਿਕਾਰ ਖੇਤਰ ਦਾ ਵਿਯੁਤੀਕ੍ਰਿਤ ਖੰਡ ਵਿਚ ਓਐਚੀ ਦੀ ਵਿਸ਼ਵਸਨੀਯਤਾ ਵਧਾਣ ਦੇ ਲਈ ਪ੍ਰਮੁੱਖ ਸਟੇਸ਼ਨਾਂ ਦੀ ਸੈਕਸ਼ਨਿੰਗ ਵਿਵਸਥਾ ਵਿਚ ਸੁਧਾਰ। |
| ਅਨਮਾਨਿਤ ਲਾਗਤ (Rs.): 4,24,71,065.81 |
| ਟੈਂਡਰ ਦੀ ਕੀਮਤ (Rs.): : ਸਿਫ਼ਰ |
| ਟੈਂਡਰ ਦੀ ਪੂਰਾ ਕਰਨ ਦੀ ਮਿਤੀ ਤੇ ਸਮਾਂ : 19.08.2025 15:00 ਵਜੇ ਤਕ |
| ਬਿਆਨਾ ਰਾਸ਼ੀ # (Rs.): 3,62,400/- |
| ਕੰਮ ਦਾ ਸਮਾਂ : 12 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 19.08.2025 15:00 ਵਜੇ ਦੇ ਬਾਦ |
| ਵੈੱਬ ਸਾਈਟ : www.ireps.gov.in |
| ਟੈਂਡਰ ਨੰਬਰ : 710-ਟੀ.ਆਰ.ਡੀ.-ਫ਼ਿਰੋਜ਼ਪੁਰ-2025-26 |
| ਕੰਮਾਂ ਦਾ ਵੇਰਵਾ : ਫ਼ਿਰੋਜ਼ਪੁਰ ਡਵੀਜਨ ਦੇ ਦੂਸਰੇ ਚਰਣ ਵਿਚ ਪ੍ਰਮੁੱਖ ਯਾਰਡਾਂ ਵਿਚ ਟ੍ਰਾਮਵੇ ਓਐਚਈ ਨੂੰ ਪਾਰੰਪਰਿਕ ਓਐਚਈ ਵਿਚ ਤਬਦੀਲੀ ਕਰਨਾ। |
| ਅਨਮਾਨਿਤ ਲਾਗਤ (Rs.): 2,57,99,382.68 |
| ਟੈਂਡਰ ਦੀ ਕੀਮਤ (Rs.): : ਸਿਫ਼ਰ |
| ਟੈਂਡਰ ਦੀ ਪੂਰਾ ਕਰਨ ਦੀ ਮਿਤੀ ਤੇ ਸਮਾਂ : 19.08.2025 15:00 ਵਜੇ ਤਕ |
| ਬਿਆਨਾ ਰਾਸ਼ੀ # (Rs.): 2,79,000/- |
| ਕੰਮ ਦਾ ਸਮਾਂ : 12 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 19.08.2025 15:00 ਵਜੇ ਦੇ ਬਾਦ |
| ਵੈੱਬ ਸਾਈਟ : www.ireps.gov.in |
| ਕੰਮ ਦੀ ਸਮਾਨ ਪ੍ਰਕ੍ਰਿਤੀ (ਦੋਨੋ ਕੰਮਾਂ ਦੇ ਲਈ : "50 ਹਰਟਜ, ਸਿੰਗਲ ਫੇਜ 25 ਕੇਵੀ ਏਸੀ ਓਐਚਈ ਦਾ ਡਿਜਾਇਨ, ਆਪੂਰਤੀ, ਨਿਰਮਾਣ ਪਰੀਖਸ਼ਣ ਅਤੇ ਕਮੀਸ਼ਨਿੰਗ। (ਸੰਦਰਭ : Pr.CEE/NR ਦੇ ਪੱਤਰ ਲੜੀ 181-ਇਲੈਕਟ/ਟੀਆਰਡੀ/189/ਪੰ. II, ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.1) |

# ਟੈਂਡਰਕਰਤਾ ਕ੍ਰਿਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਗੈਰ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਦੁਵਾਰਾ ਤੋਂ ਨਕਦ ਵਿਚ ਜਾਂ ਭਾਰਤ ਦੇ ਕਿਸੀ ਅਨੁਸੂਚਿਤ ਵਾਣਿਜਿਯਕ ਬੈਂਕ ਤੋਂ ਬੈਂਕ ਗਰੰਟੀ ਬਾਂਡ ਦੇ ਰੂਪ ਵਿਚ ਜਾਂ ਟੈਂਡਰ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਧ ਹੈ। ਬੋਲੀ ਦੀ ਵੈਧਤਾ ਸਮੇਂ ਦੇ ਬਾਦ 90 ਦਿਨਾਂ ਦੇ ਲਈ ਅਪੂਰਣ ਅਤੇ ਅਮਾਨਯ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸਦੇ ਲਈ ਠੇਕੇਦਾਰ ਦਾ ਰੇਲਵੇ ਉਤੇ ਕੋਈ ਦਾਵਾ ਨਹੀਂ ਹੋਵੇਗਾ।
ਨੰ:- 709 ਅਤੇ 710-ਟੀ.ਆਰ.ਡੀ.-ਫ਼ਿਰੋਜ਼ਪੁਰ-2025-27 ਮਿਤੀ: .2025 2266/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉੱਤਰ ਰੇਲਵੇ**

**ਈ-ਨਿਵਿਦਾ**

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਸੀਨੀਅਰ ਮੰਡਲ ਯਾਂਤਰਿਕ ਇੰਜੀਨੀ ਅਰ, ਉਤਰ ਰੇਲਵੇ, ਡੀਜਲ ਸ਼ੇਡ ਲੁਧਿਆਣਾ ਖੁਲ੍ਹੇ ਬਜਾਰ ਈ-ਨਿਵਿਦਾ ਸਿਸਟਮ ਦੇ ਮਾਧਿਅਮ ਨਾਲ ਬੋਲੀਆਂ ਦੀ ਮੰਗ ਕਰਦੇ ਹਨ।

| | |
|---|---|
| ਕੰਮ ਦਾ ਨਾਮ | ਤਿੰਨ ਸਾਲ ਦੇ ਸਮੇਂ ਦੇ ਲਈ ਡੀਜਲ ਸ਼ੇਡ ਆਈਐਮਟੀਈ ਦਾ ਅੰਸ਼ਾਂਕਨ, ਜਿਸ ਵਿਚ ਵਹੀਲ ਪ੍ਰੋਫਾਈਲਡ ਅਤੇ ਟ੍ਰਕ ਨਿਰੀਖਣ ਗੇਜ ਅਤੇ ਪ੍ਰਯੋਗਸ਼ਾਲਾ ਉਪਕਰਣ ਸ਼ਾਮਲ ਹੈ। |
| ਕੰਮ ਦੀ ਅੰਦਾਜਨ ਲਾਗਤ (ਅਨੁਮਾਨਿਤ) | ਰੁਪਏ 634332.60 (ਜੀਐਸਟੀ ਸਮੇਤ) (ਛੇ ਲਖ ਚੌਂਹਠ ਹਜਾਰ ਤਿੰਨ ਸੌ ਬੱਤੀ ਅਤੇ ਸੱਠ ਪੈਸੇ ਕੇਵਲ) |
| ਨਿਵਿਦਾ ਸੁਰੱਖਿਆ ਰਾਸ਼ੀ (ਬਿਆਨਾ ਰਾਸ਼ੀ ਜਮ੍ਹਾ) | ਰੁਪਏ 12700/- (ਬਾਰਾਂ ਹਜਾਰ ਸਤ ਸੌ ਕੇਵਲ) |
| ਬੋਲੀ ਸ਼ੁਰੂ ਹੋਣ ਦੀ ਮਿਤੀ | 05.08.2025 |
| ਈ-ਨਿਵਿਦਾ ਸਮਾਪਨ ਮਿਤੀ ਅਤੇ ਸਮਾਂ | 19.08.2025 ਨੂੰ 15:00 ਵਜੇ |
| IREPS ਵੈਬਸਾਈਟ 'ਤੇ ਈ-ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | 19.08.2025 ਨੂੰ 15:15 ਵਜੇ |
| ਨਿਵਿਦਾ ਦੀ ਵੈਲੇਡਿਟੀ | ਖੋਹਲਣ ਦੀ ਮਿਤੀ ਤੋਂ 45 ਦਿਨ |
| ਨਿਵਿਦਾ ਦਾ ਪ੍ਰਕਾਰ | ਖੁਲ੍ਹਾ ਪ੍ਰਸਤਾਵ |
| ਅਨੁਬੰਧਨਕਾਲ | ਕਾਂਟਰੈਕਟ ਪ੍ਰਦਾਨ ਕੀਤੇ ਜਾਣ ਦੀ ਮਿਤੀ ਤੋਂ 36 ਮਹੀਨੇ |
| ਵੈਬਸਾਈਟ | www.ireps.gov.in |

ਨਿਵਿਦਾ ਨੰ. ਡੀਐਸਐਲ/ਐਲਡੀਐਚ/ਟੀ7-1/2024 ਮਿਤੀ: 23.07.2025 2234/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ, ਉਤਰ ਰੇਲਵੇ, ਜਲੰਧਰ ਸ਼ਹਿਰ ਹੇਠਾਂ ਲਿਖਤ ਕੰਮ ਦੇ ਲਈ ਸਿੰਗਲ ਪੈਕੇਟ ਸਿਸਟਮ ਦੇ ਤਹਿਤ ਈ-ਨਿਵਿਦਾ ਮੰਗ ਕਰਦੇ ਹਨ:-

| | | | |
|---|---|---|---|
| ਕੰਮ ਦਾ ਨਾਮ ਤੇ ਸਥਾਨ | ਫਿਰੋਜਪੁਰ ਮੰਡਲ ਦੇ ਤਰਨਤਾਰਨ ਖੇਮਕਰਨ ਸੈਕਸ਼ਨ ਵਿਚ ਫ੍ਰੇਟ ਸਾਈਡਿੰਗ ਦੇ ਵਿਕਾਸ ਦੇ ਲਈ ਘਰਿਯਾਲਾ ਫਯੂਚਰ ਯਾਰਡ ਵਿਚ ਬਿਜਲੀਕਰਨ ਦੇ ਕੰਮ ਲਈ 25 ਕੇ.ਵੀ.ਏ.ਸੀ. ਸਿੰਗਲ ਫੇਜ ਓ.ਐਚ. ਦੀ ਡਿਜਾਈਨ, ਸਪਲਾਈ, ਇਰੈਕਸ਼ਨ, ਟੈਸਟਿੰਗ ਤੇ ਕਮਿਸ਼ਨਿੰਗ ਦਾ ਪ੍ਰਾਵਧਾਨ। | | |
| ਕੰਮ ਪੂਰਾ ਕਰਨ ਦਾ ਸਮਾਂ | 06 ਮਹੀਨੇ | ਕੰਮ ਦੀ ਅੰਦਾਜ਼ਨ ਲਾਗਤ | ₹ 3,71,47,518.57 |
| ਬੋਲੀ ਸੁਰੱਖਿਆ ਰਾਸ਼ੀ ਜੋ ਜਮ੍ਹਾ ਕੀਤੀ ਜਾਣੀ ਹੈ | ₹ 3,35,700 | | |
| ਈ-ਨਿਵਿਦਾ ਜਮ੍ਹਾ ਕਰਨ ਅਤੇ ਈ-ਨਿਵਿਦਾ ਖੁਲਣ ਦੀ ਮਿਤੀ ਤੇ ਸਮਾਂ : | ਟੈਂਡਰ ਮਿਤੀ 18.08.2025 ਸਮਾਂ 11.30 ਵਜੇ ਤਕ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਅਪਲੋਡ ਕਰ ਸਕਦੇ ਹਨ, ਨਿਵਿਦਾਕਰਤਾਵਾਂ ਈ ਨਿਵਿਦਾ ਵਿਚ ਭਾਗ ਲੈ ਸਕਦੇ ਹਨ। ਨਿਵਿਦਾ ਮਿਤੀ 18.08.2025 ਸਮਾਂ 11:30 ਵਜੇ ਖੋਹਲੀ ਜਾਵੇਗੀ। | | |
| ਨਿਵਿਦਾ ਸੂਚਨਾ ਅਤੇ ਨਿਵਿਦਾ ਫਾਰਮ ਦੀ ਜਾਣਕਾਰੀ: | ਵਿਸਤ੍ਰਿਤ ਈ-ਟੈਂਡਰ ਸੂਚਨਾ ਉਤਰ ਰੇਲਵੇ ਵੈਬਸਾਈਟ www.ireps.gov.in 'ਤੇ ਉਪਲਬਧ ਹੈ ਅਤੇ ਟੈਂਡਰ ਫਾਰਮ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਉਪਰੋਕਤ ਟੈਂਡਰ ਫਾਰਮ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਮਿਤੀ 04.08.2025 ਤੋਂ ਮਿਤੀ 18.08.2025 ਤਕ ਜਮ੍ਹਾ ਕਰਨ ਦੇ ਲਈ ਉਪਲਬਧ ਰਹੇਗਾ। ਟੈਂਡਰਕਰਤਾ ਜੋ ਈ-ਟੈਂਡਰ ਵਿਚ ਭਾਗ ਲੈਣ ਦੇ ਇਛੁਕ ਹਨ ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਪਰੋਕਤ ਵੈਬਸਾਈਟ ਤੇ ਆਪਣਾ ਈ-ਰਜਿਸਟਰੇਸ਼ਨ ਕਰਾ ਲੈਣ ਜਿਸ ਦੇ ਲਈ ਉਨ੍ਹਾਂ ਨੂੰ ਕਲਾਸ-III ਡਿਜੀਟਲ ਸਰਟੀਫਿਕੇਟ ਦੀ ਜਰੂਰਤ ਹੋਵੇਗੀ (ਜੇਕਰ ਪਹਿਲਾਂ ਤੋਂ ਉਪਲਬਧ ਨਹੀਂ ਹੈ), ਜੋ ਆਈ ਟੀ ਨਿਯਮ-2000 ਦੇ ਤਹਿਤ ਸੀਸੀਏ ਦੁਆਰਾ ਜਾਰੀ ਕੀਤੀ ਜਾਵੇਗੀ। ਉਪਰੋਕਤ ਟੈਂਡਰ ਦੇ ਹੋਰ ਸਾਰੇ ਨਿਯਮ ਤੇ ਸ਼ਰਤਾਂ ਟੈਂਡਰ ਫਾਰਮ ਵਿਚ ਦਿਤੇ ਗਏ ਹਨ। ਵਿਸਤ੍ਰਿਤ ਟੈਂਡਰ ਸੂਚਨਾ ਉਪਰੋਕਤ ਦਫਤਰ ਦੇ ਸੂਚਨਾ ਪਟ ਤੇ ਵੀ ਦੇਖੀ ਜਾ ਸਕਦੀ ਹੈ। | | |

ਫਾਰਮ ਨੰ. 17-ਬਿਜਲੀ/ਨਿ/ਟੀ.ਆਰ.ਡੀ./ਜੇਯੂਸੀ/138 ਮਿਤੀ: 24.07.2025 2248/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ICICI Bank** Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

**ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 6 ਅਗਸਤ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਜਨਾਲਾ | |
| 108362009437 | ਰਣਜੀਤ ਸਿੰਘ |
| 108362009385 | ਦਿਲਪ੍ਰੀਤ ਸਿੰਘ |
| 108357000240 | ਜਰਮਨਜੀਤ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਮਜੀਠ ਮੰਡੀ | |
| 231662000981 | ਕਰਮਜੀਤ ਸਿੰਘ |
| ਬਰਾਂਚ ਦਾ ਨਾਂਅ : ਬਰੇਟਾ | |
| 382362002036 | ਕਰਨਜੀਤ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ-ਬੈਂਕ ਸਟ੍ਰੀਟ | |
| 659057015028 | ਸੰਦੀਪ ਕੌਰ |
| 659057015029 | ਸੰਦੀਪ ਕੌਰ |
| ਬਰਾਂਚ ਦਾ ਨਾਂਅ : ਭਵਾਨੀਗੜ੍ਹ | |
| 282962002866 | ਪੁਸ਼ਪ ਗੋਇਲ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਫਿਰੋਜ਼ਪੁਰ ਛਾਉਣੀ | |
| 587057000002 | ਸਾਗਰ ਗੁਲਾਟੀ |
| 587057000008 | ਸਾਗਰ ਗੁਲਾਟੀ |
| ਬਰਾਂਚ ਦਾ ਨਾਂਅ : ਗਿੱਦੜਬਾਹਾ | |
| 199962004758 | ਜਗਸੀਰ ਸਿੰਘ |
| ਬਰਾਂਚ ਦਾ ਨਾਂਅ : ਗੁਰੂ ਹਰਸਹਾਏ | |
| 199362007807 | ਮੁਕੇਸ਼ ਕੁਮਾਰ ਚਾਵਲਾ |
| ਬਰਾਂਚ ਦਾ ਨਾਂਅ : ਖਨੌਰੀ, ਪੰਜਾਬ | |
| 356162002602 | ਹਰਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਫੋਕਲ ਪੁਆਇੰਟ | |
| 218062000777 | ਸਈਅਦ ਆਤਿਫ ਹੁਸੈਨ |
| ਬਰਾਂਚ ਦਾ ਨਾਂਅ : ਲੁਧਿਆਣਾ-ਸਰਾਭਾ ਨਗਰ | |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| 167462000472 | ਜਸਕਰਨਜੀਤ ਸਿੰਘ ਦਿਓਲ |
| ਬਰਾਂਚ ਦਾ ਨਾਂਅ : ਮਜੀਠਾ, ਪੰਜਾਬ | |
| 357062002698 | ਬਲਵੰਤ ਸਿੰਘ |
| 357062002702 | ਬਲਵੰਤ ਸਿੰਘ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357157000015 | ਰਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਸਰਹਿੰਦ | |
| 150657000034 | ਜਯੋਤੀ ਰਾਣੀ |
| ਬਰਾਂਚ ਦਾ ਨਾਂਅ : ਸੁਲਤਾਨਪੁਰ ਲੋਧੀ | |
| 272462001451 | ਜਸਬੀਰ ਕੌਰ |
| ਬਰਾਂਚ ਦਾ ਨਾਂਅ : ਭਿਵਾਨੀ | |
| 072962003727 | ਜਸਬੀਰ ਰੰਬਾਗਾਟ ਸ਼ੇਰੋਂ |

ਮਿਤੀ : 26.07.2025
ਸਥਾਨ : ਅੰਮ੍ਰਿਤਸਰ, ਲੁਧਿਆਣਾ, ਮਾਨਸਾ, ਸੰਗਰੂਰ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਕਪੂਰਥਲਾ, ਫਿਰੋਜ਼ਪੁਰ, ਮੁਕਤਸਰ, ਹੁਸ਼ਿਆਰਪੁਰ

ਸਹੀ/- ਅਧਿਕਾਰਤ ਅਫਸਰ
ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਟਿਡ

## ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਬਸੰਤੀ ਦੇਵੀ ਪਤਨੀ ਰਾਮ ਚੰਦਰ ਵਾਸੀ ਮਕਾਨ ਨੰਬਰ : 135, ਸ਼ਹੀਦ ਬਾਬਾ ਦੀਪ ਸਿੰਘ ਕਾਲੋਨੀ, ਬਟਾਲ ਰੋਡ, ਅੰਮ੍ਰਿਤਸਰ ਇਕ ਲੋਨ ਫਸਿਲਿਟੀ ਲੈਣ ਜਾ ਰਹੇ ਹਨ ਅਤੇ ਆਪਣੀ ਇਕ ਜਾਇਦਾਦ ਜਿਸਦਾ ਪਲਾਟ ਬਰ ਨੰਬਰ : 135, ਰਕਬਾ 125 ਵਰਗ ਗਜ, ਬਰ ਖਸਰਾ ਨੰਬਰ : 48//11 ਮਿਨ ਮੁਤਾਬਕ ਬੈਨਾਮਾ ਅਤੇ ਮੁਤਾਬਕ ਜਮਾਬੰਦੀ ਖਸਰਾ ਨੰਬਰ : 48//11/21 ਮਿਨ, ਵਾਕਿਆ ਰਕਬਾ ਫਤਾਪੁਰ ਆਬਾਦੀ ਬਾਬਾ ਦੀਪ ਸਿੰਘ ਐਵੇਨਿਊ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਤਸਦੀਕਸ਼ੁਦਾ ਬੈਨਾਮਾ ਮਿਤੀ : 16.11.2021 ਵਸੀਕਾ ਨੰਬਰ : 2021-22/93/1/10426 ਤਸਦੀਕ ਸੁਦਾ ਮਹਿਕਮਾ ਸਬ ਰਜਿਸਟਰਾਰ ਅੰਮ੍ਰਿਤਸਰ ਨੂੰ ਗਿਰਵੀ ਰਖਣਾ ਚਾਹੁੰਦੀ ਹਾਂ। ਇਹ ਕਿ ਜਾਇਦਾਦ ਦੀ ਮਾਲਕ ਸ਼੍ਰੀਮਤੀ ਬਸੰਤੀ ਦੇਵੀ ਪਤਨੀ ਰਾਮ ਚੰਦਰ ਨੇ ਦੱਸਿਆ ਉਕਤ ਜਾਇਦਾਦ ਦੀ ਫਾਈਲ ਜਿਸ ਵਿੱਚ ਉਕਤ ਪਲਾਟ ਦੀ ਪੁਰਾਣੀ ਰਜਿਸਟ੍ਰੀ ਜੋ ਕਿ ਬੈਨਾਮਾ ਮਿਤੀ : 13.5.1983 ਦਸਤਾਵੇਜ ਨੰਬਰ : 2005, ਬਹੀ ਨੰਬਰ : 1, ਜਿਲਦ ਨੰਬਰ : 917, ਸਫਾ ਨੰਬਰ : 249 ਅਤੇ ਜਿਲਦ ਨੰਬਰ 3782, ਸਫਾ ਨੰਬਰ: 28 ਤਸਦੀਕ ਸੁਦਾ ਮਹਿਕਮਾ ਸਬ ਰਜਿਸਟਰਾਰ ਅੰਮ੍ਰਿਤਸਰ ਉਸ ਤੋਂ ਗੁਮ ਹੋ ਗਈਆਂ ਹਨ। ਇਹ ਕਿ ਉਹਨਾਂ ਨੇ ਇਹ ਦੱਸਿਆ ਕਿ ਪੁਲਿਸ ਸਟੇਸ਼ਨ PSOC ਵੇਰਕਾ ਨੇ ਗਵਾਚੀ ਰਿਪੋਰਟ Lost Information ਰਿਪੋਰਟ bearing S.No. 612360/2025 Punjab Police dt. 23.7.2025 ਨੂੰ ਦਰਜ ਕਰ ਲਈ ਹੈ। ਇਹ ਕਿ ਹੁਣ ਪੰਜਾਬ ਐਂਡ ਸਿੰਧ ਬੈਂਕ, ਗੁਰੂ ਰਾਮ ਦਾਸ ਹਸਪਤਾਲ, ਅੰਮ੍ਰਿਤਸਰ ਤੋਂ ਸ਼੍ਰੀਮਤੀ ਬਸੰਤੀ ਦੇਵੀ ਪਤਨੀ ਰਾਮ ਚੰਦਰ ਇਸ ਜਾਇਦਾਦ ਨੂੰ ਗਹਿਣੇ ਰਖ ਕੇ ਲੋਨ ਲੈਣ ਜਾ ਰਹੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਦੱਸੀ ਗਈ ਜਾਇਦਾਦ ਦੇ ਖਿਲਾਫ ਕੋਈ ਇਤਰਾਜ਼ ਹੋਵੇ ਤਾਂ ਉਹ Branch Manager ਪੰਜਾਬ ਐਂਡ ਸਿੰਧ ਬੈਂਕ, ਗੁਰੂ ਰਾਮ ਦਾਸ ਹਸਪਤਾਲ, ਅੰਮ੍ਰਿਤਸਰ ਨੂੰ ਪੰਦਰਾਂ ਦਿਨਾਂ ਦੇ ਵਿਚ-ਵਿਚ ਇਤਲਾਹ ਦੇ ਸਕਦੇ ਹਨ। ਨਹੀਂ ਤਾਂ ਇਸ ਤੋਂ ਬਾਅਦ ਬੈਂਕ ਪਾਰਟੀ ਨੂੰ ਲੋਨ ਜਾਰੀ ਕਰ ਦੇਵੇਗਾ ਅਤੇ ਇਹ ਸਮਝਿਆ ਜਾਵੇਗਾ ਕਿ ਉਕਤ ਪੁਰਾਣੀਆਂ ਬੈਨਾਮੇ ਗੁਮ ਹੋ ਗਏ ਹਨ ਅਤੇ ਇਹ ਕਿਤੇ ਵੀ Private Agency/Bank ਕੋਲ ਗਹਿਣੇ ਨਹੀਂ ਹਨ। ਦਿੱਤੇ ਹੋਏ ਸਮੇਂ ਤੋਂ ਬਾਅਦ ਕੋਈ Objection ਨਹੀਂ ਮੰਨੇ ਜਾਣਗੇ।

ਪੰਜਾਬ ਐਂਡ ਸਿੰਧ ਬੈਂਕ,
ਗੁਰੂ ਰਾਮ ਦਾਸ ਹਸਪਤਾਲ, ਅੰਮ੍ਰਿਤਸਰ

## COURT NOTICE

(U/o 5 Rule 20 CPC)
In The Court of
Ms. Geeta Rani
Additional Civil Judge (Senior Division), Phul
CNR No. PBBTB0-000491-2025
Next Date:- 19-08-2025
Gurmeet Kaur
Vs.
General Public
Publication Issued To: General Public
General Public

In above titled case, the defendant/respondent(s) could not be served. It is ordered that defendant(s)/respondent(s) should appear in person or through counsel on 19-08-2025 at 10:00 a.m.

For details logon to https://highcourtchd.gov.in/?mod=district_notice&district=Bathinda

Additional Civil Judge (Senior Division), Phul (D)
Dated, this day of 24-07-2025

## COURT NOTICE

(U/o 5 Rule 20 CPC)
In The Court of
Sh. Ravinder Singh Rana
Civil Judge Junior Division - 5, Patiala
CNR No. PBPT02-002505-2023
Next Date:- 25-08-2025
The Hassanpur Prohtan Co Operative House Building Society Ltd.
Vs. Jasvir Singh
Publication Issued To:
Jasvir Singh : Son of Sh. Kesar Singh, Through his Legal representative- 1) Navdeep Singh 2) Shivdeep Singh, Sons of Late Sh. Jasvir Singh, R/o Village Alipur Ariyan, Tehsil and District Patiala.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 25-08-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division-5, Patiala
Dated, this day of 22-07-2025

## ਜਲੰਧਰ ਵਿਕਾਸ ਅਥਾਰਿਟੀ, ਜਲੰਧਰ

ਐਸ.ਸੀ.ਓ. ਨੰ: 41, ਸਾਹਮਣੇ ਤਹਿਸੀਲ ਕੰਪਲੈਕਸ, ਜਲੰਧਰ

### ਪਬਲਿਕ ਨੋਟਿਸ

ਆਮ ਪਬਲਿਕ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਕਾਦੀਆਂਵਾਲੀ (ਹ.ਬ.ਨੰ: 292) ਤਹਿਸੀਲ ਤੇ ਜ਼ਿਲ੍ਹਾ ਜਲੰਧਰ ਵਿਖੇ ਸਮਰੱਥ ਅਧਿਕਾਰੀ ਮੁੱਖ ਪ੍ਰਸ਼ਾਸਕ, ਜੇ ਡੀ ਏ ਵੱਲੋਂ ਅਫੋਰਡੇਬਲ ਗਰੁੱਪ ਹਾਊਸਿੰਗ ਪ੍ਰੋਜੈਕਟ ਮੈਕਸਮੋਮ (ਰਕਬਾ 9.965 ਏਕੜ) ਦਾ ਲਾਇਸੰਸ ਨੰ: ਜੇ ਡੀ ਏ-2020/50 ਮਿਤੀ 31.03.2022, M/s Mexmom Global Developers Pvt. Ltd., Through Sh. Chander Shekhar MD. 3rd Floor ES-66, Dhobi Mohalla, Jalandhar ਨੂੰ ਜਾਰੀ ਕੀਤਾ ਹੋਇਆ ਹੈ, ਜਿਸ ਦੀ ਮਿਆਦ ਮਿਤੀ 30.03.2027 ਤੱਕ ਹੈ। ਇਸ ਕਾਲੋਨੀ ਦਾ ਪ੍ਰਵਾਨਤ ਲੇਆਉਟ ਪਲੈਨ ਡਰਾਇੰਗ ਨੰ: REV/LAYOUT/MM/01 Dated 28.06.2023 ਇਸ ਦਫਤਰ ਵੱਲੋਂ ਪ੍ਰੋਮੋਟਰ ਨੂੰ ਪਹਿਲਾਂ ਜਾਰੀ ਕੀਤਾ ਹੋਇਆ ਹੈ। ਹੁਣ ਪ੍ਰੋਮੋਟਰ ਵੱਲੋਂ ਪ੍ਰੋਜੈਕਟ ਦਾ ਨਾਂਅ Mexmom ਤੋਂ Mexmom Dreams ਤਬਦੀਲ ਕਰਨ ਲਈ ਅਪਲਾਈ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪ੍ਰੋਮੋਟਰ ਵੱਲੋਂ ਇਹ ਵੀ ਬੇਨਤੀ ਕੀਤੀ ਗਈ ਹੈ ਕਿ ਕੰਪਨੀ M/s Mexmom Global Developers Pvt. Ltd. ਤੋਂ M/s Mexmom Global Developers LLP ਹੋ ਚੁੱਕੀ ਹੈ, ਇਸ ਲਈ ਪਹਿਲਾਂ ਜਾਰੀ ਲਾਇਸੰਸ ਕੇਸਾਂ ਵਿੱਚ ਪ੍ਰੋਮੋਟਰ ਕੰਪਨੀ ਦੇ ਨਾਂਅ M/s Mexmom Global Developers LLP ਦੀ ਸੋਧ ਕੀਤੀ ਜਾਵੇ। ਜੇਕਰ ਕਾਲੋਨੀ ਦੇ ਕਿਸੇ ਵੀ ਪਲਾਟ ਹੋਲਡਰ/ਅਲਾਟੀ ਨੂੰ ਕਾਲੋਨੀ/ਪ੍ਰੋਜੈਕਟ ਜਾਂ ਪ੍ਰੋਮੋਟਰ ਕੰਪਨੀ ਦਾ ਨਾਂਅ ਤਬਦੀਲ ਕਰਨ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 15 ਦਿਨਾਂ ਵਿਚ ਨਿਮਨਹਸਤਾਖਰ ਪਾਸ ਆਪਣਾ ਇਤਰਾਜ਼ ਦਾਖਲ ਕਰ ਸਕਦਾ ਹੈ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਕਾਲੋਨੀ/ਪ੍ਰੋਮੋਟਰ ਕੰਪਨੀ ਦਾ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ।

ਸਹੀ/-
ਸਮਰੱਥ ਅਧਿਕਾਰੀ-ਕਮ-ਮੁੱਖ ਪ੍ਰਸ਼ਾਸਕ, ਜੇ ਡੀ ਏ, ਜਲੰਧਰ।

## ਹਾਇਰ ਐਜੂਕੇਸ਼ਨ ਇਸਟੀਚਿਊਟ ਸੁਸਾਇਟੀ
## ਜੀ. ਕੇ. ਐੱਸ. ਐੱਮ. ਸਰਕਾਰੀ ਕਾਲਜ, ਟਾਂਡਾ ਉੜਮੁੜ

### Walk-in-Interview

ਕੰਪਿਊਟਰ ਸਾਇੰਸ ਵਿਸ਼ੇ ਵਿਚ HEIS ਦੇ ਅਧੀਨ ਕੰਟਰੈਕਟ ਦੇ ਆਧਾਰ 'ਤੇ ਇਕ ਅਸਿਸਟੈਂਟ ਪ੍ਰੋਫੈਸਰ ਦੀ ਜ਼ਰੂਰਤ ਹੈ। ਯੋਗਤਾ : ਯੂਨੀਵਰਸਿਟੀ/ਪੰਜਾਬ ਸਰਕਾਰ ਦੀਆਂ ਸ਼ਰਤਾਂ ਅਨੁਸਾਰ ਅਤੇ ਮਿਹਨਤਾਨਾ HEIS ਦੇ ਨਿਯਮਾਂ/ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਲਣਯੋਗ ਹੋਵੇਗਾ।

ਇੰਟਰਵਿਊ ਮਿਤੀ 29.07.2025 ਦਿਨ ਮੰਗਲਵਾਰ ਨੂੰ ਸਵੇਰੇ 10.00 ਵਜੇ ਪ੍ਰਿੰਸੀਪਲ ਦਫ਼ਤਰ ਵਿਖੇ ਹੋਵੇਗੀ। ਇੰਟਰਵਿਊ ਸਮੇਂ ਅਸਲ ਸਰਟੀਫਿਕੇਟ ਸਹਿਤ ਉਨ੍ਹਾਂ ਦੀਆਂ ਸਵੈ-ਤਸਦੀਕੀ ਨਕਲਾਂ ਪੇਸ਼ ਕੀਤੀਆਂ ਜਾਣ। ਉਮੀਦਵਾਰਾਂ ਨੂੰ ਇੰਟਰਵਿਊ 'ਤੇ ਪੇਸ਼ ਹੋਣ ਲਈ ਕੋਈ ਟੀ ਏ/ਡੀ ਏ ਨਹੀਂ ਦਿੱਤਾ ਜਾਵੇਗਾ।

ਸਹੀ/-ਪ੍ਰਧਾਨ HEIS/ਪ੍ਰਿੰਸੀਪਲ,
ਜੀ.ਕੇ. ਐੱਸ. ਐੱਮ. ਸਰਕਾਰੀ ਕਾਲਜ,
ਟਾਂਡਾ ਉੜਮੁੜ (ਹੁਸ਼ਿਆਰਪੁਰ)।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ / ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ
ਵਿਸ਼ਾ : ਤਕਸੀਮ ਕੇਸ ਵੱਲੋਂ ਹਰਪਾਲ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਬੇਲਾ ਸਿੰਘ ਵਾਸੀ ਪੱਤੋ ਜਵਾਹਰ ਸਿੰਘ, ਤਹਿ. ਨਿਹਾਲ ਸਿੰਘ ਵਾਲਾ, ਜ਼ਿ ਲ੍ਹਾ ਮੋਗਾ।
ਖੇਵਟ ਨੰਬਰ 952/934, 823/804, 345/337, 919/901, 947/929, 918/900 ਖਤੌਨੀ ਨੰਬਰ 1208, 1050, 475 ਤੋਂ 483, 1168,1203, ਵਾਕਿਆ ਰਕਬਾ ਪਿੰਡ ਪੱਤੋ ਹੀਰਾ ਸਿੰਘ-1 ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 30-7-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਯਿੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

(1) ਕਾਲਾ ਸਿੰਘ (2) ਮੱਘਰ ਸਿੰਘ (3) ਮਲਕੀਤ ਸਿੰਘ (4) ਚਾਨਨ ਸਿੰਘ ਪੁੱਤਰਾਨ (5) ਕਰਤਾਰ ਕੌਰ (6) ਸਚਿਆਰ ਕੌਰ (7) ਚੰਦ ਕੌਰ ਪੁੱਤਰੀ ਸੰਤਾ ਸਿੰਘ ਪੁੱਤਰ ਲਹਿਣਾ ਸਿੰਘ (8) ਰਾਜਵਿੰਦਰ ਕੌਰ ਉਰਫ ਬਲਵਿੰਦਰ ਕੌਰ ਪੁੱਤਰੀ ਨਿਰੰਜਣ ਸਿੰਘ ਪੁੱਤਰ ਸੰਤਾ ਸਿੰਘ (9) ਹਰਜਿੰਦਰ ਕੌਰ ਪਤਨੀ ਹੁਕਮ ਸਿੰਘ ਪੁੱਤਰ ਬਖਤੌਰ ਸਿੰਘ (10) ਹਰਨਾਮ ਸਿੰਘ (11) ਉਜਾਗਰ ਸਿੰਘ ਪੁੱਤਰਾਨ ਸੁੰਦਰ ਸਿੰਘ ਪੁੱਤਰ ਬੂਟਾ ਸਿੰਘ (12) ਜਗਤਾਰ ਸਿੰਘ ਪੁੱਤਰ ਗਿੰਦਰ ਸਿੰਘ ਪੁੱਤਰ ਸੰਤਾ ਸਿੰਘ (13) ਗੁਰਮੇਲ ਕੌਰ ਵਿਧਵਾ (14) ਜਿੰਦਰਪਾਲ ਕੌਰ ਪੁੱਤਰਾਨ ਹਾਕਮ ਸਿੰਘ ਪੁੱਤਰ ਗਿੰਦਰ ਸਿੰਘ (15) ਜਗਵਿੰਦਰ ਸਿੰਘ (16) ਹਰਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਗਿੰਦਰ ਸਿੰਘ (17) ਮਨਜੋਤ ਸਿੰਘ ਪੁੱਤਰ ਭਜਨ ਸਿੰਘ ਪੁੱਤਰ ਜੰਗੀਰ ਸਿੰਘ (18) ਗੁਰਪ੍ਰੀਤ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਜੰਗੀਰ ਸਿੰਘ (19) ਤਨਜੀਤ ਸਿੰਘ ਪੁੱਤਰ ਜੰਗੀਰ ਸਿੰਘ ਪੁੱਤਰ ਮੋਦਨ ਸਿੰਘ (20) ਕੁਲਦੀਪ ਕੌਰ ਵਿਧਵਾ ਮਲਕੀਤ ਸਿੰਘ ਪੁੱਤਰ ਜੰਗੀਰ ਸਿੰਘ (21) ਨਿਰਭੈ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਭਗਤ ਸਿੰਘ (22) ਸੋਹਨ ਸਿੰਘ (23) ਮਹਿੰਦਰ ਸਿੰਘ ਪੁੱਤਰਾਨ ਸ਼ੇਰ ਸਿੰਘ ਥੰਮਨ ਸਿੰਘ (24) ਗੁਰਜੰਟ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਫਤੇਹ ਸਿੰਘ (25) ਕੁਲਵੰਤ ਸਿੰਘ (26) ਬਲਵੰਤ ਸਿੰਘ (27) ਜਸਵੰਤ ਸਿੰਘ (28) ਗੁਰਮੇਲ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਗੰਗਾ ਸਿੰਘ (29) ਅਜੀਤ ਸਿੰਘ ਪੁੱਤਰ ਪ੍ਰੇਮ ਸਿੰਘ ਪੁੱਤਰ ਪ੍ਰਤਾਪ ਸਿੰਘ (30) ਗੁਰਪ੍ਰੀਤ ਕੌਰ ਪਤਨੀ ਬਲਜੀਤ ਸਿੰਘ ਪੁੱਤਰ ਜਰਨੈਲ ਸਿੰਘ (31) ਹਰਜਿੰਦਰ ਸਿੰਘ ਪਤਨੀ ਹੁਕਮ ਸਿੰਘ ਪੁੱਤਰ ਬਖਤੌਰ ਸਿੰਘ (32) ਬਲਜੀਤ ਕੌਰ ਵਿਧਵਾ ਜਗਤਾਰ ਸਿੰਘ ਪੁੱਤਰ ਗੁਰਦਿਆਲ ਸਿੰਘ (33) ਗੁਰਨਾਮ ਕੌਰ ਪਤਨੀ ਨਿਰੰਜਣ ਸਿੰਘ ਪੁੱਤਰ ਸੰਤਾ ਸਿੰਘ, ਹਾਲ ਵਾਸੀਆਨ ਪਿੰਡ ਪੱਤੋ ਹੀਰਾ ਸਿੰਘ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (34) ਗਿੰਦਰ ਸਿੰਘ ਪੁੱਤਰ ਰਾਮ ਸਿੰਘ (35) ਪਰਮਜੀਤ ਸਿੰਘ ਪੁੱਤਰ ਨੰਦ ਸਿੰਘ ਪੁੱਤਰ ਗਿੰਦਰ ਸਿੰਘ (36) ਗੁਰਤੇਜ ਸਿੰਘ ਪੁੱਤਰ ਮੁਕੰਦ ਸਿੰਘ ਪੁੱਤਰ ਗਿੰਦਰ ਸਿੰਘ (37) ਦਿਆਲ ਸਿੰਘ ਪੁੱਤਰ ਗਿੰਦਰ ਸਿੰਘ ਪੁੱਤਰ ਰਾਮ ਸਿੰਘ (38) ਮੈਨੇਜਰ ਪੰਜਾਬ ਐਂਡ ਸਿੰਧ ਬੈਂਕ ਦੀਨਾ (39) ਮੈਨੇਜਰ ਪੰਜਾਬ ਐਂਡ ਸਿੰਧ ਬੈਂਕ ਦੀਦਾਰੇ ਵਾਲਾ (40) ਮੈਨੇਜਰ ਪੰਜਾਬ ਗ੍ਰਾਮੀਣ ਬੈਂਕ ਰੌਂਤਾ, ਤਹਿ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ (41) ਨੈਸ਼ਨਲ ਹਾਈਡਰੋ ਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ ਚਮੇਰਾ ਟਰਾਂਸਮਿਸ਼ਨ ਸਿਸਟਮ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ-1 ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

## UMMEED HOUSING FINANCE PVT. LTD

Registered office at: 2009-2014,20th Floor, Magnum Global Park, Sector-58, Gurugram (Haryana)-122002
CIN:U65922HR2016PTC057984.

### ਸਰਫੇਸੀ ਐਕਟ ਸੈਕਸ਼ਨ (13) 2 ਤਹਿਤ ਡਿਮਾਂਡ ਨੋਟਿਸ

ਜਦੋਂਕਿ ਕਰਜ਼ਾ ਖਾਤਾ ਐਨ ਪੀ ਏ ਹੋ ਗਿਆ ਹੈ, ਇਸ ਲਈ ਅਧਿਕਾਰਤ ਅਫਸਰ ਨੇ ਹੇਠਾਂ ਸਾਰਣੀ 'ਚ ਦਰਸਾਏ ਕਰਜ਼ਦਾਰ/ਬਿਨੈਕਾਰ/ਗਰੰਟਰ/ਰਹਿਣਕਾਰ ਨੂੰ ਸਕਿਉਰੀਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਿਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ 60 ਦਿਨੀਂ ਡਿਮਾਂਡ ਨੋਟਿਸ ਜਾਰੀ ਕੀਤਾ ਹੈ। ਨੋਟਿਸ ਅਨੁਸਾਰ ਜੇਕਰ ਕਰਜ਼ਦਾਰ 60 ਦਿਨਾਂ ਦੇ ਅੰਦਰ ਸਾਰੀ ਰਕਮ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਰਕਮ ਹੇਠਾਂ ਦਰਸਾਈ ਰਹਿਣ ਕੀਤੀ ਜਾਇਦਾਦ/ਸਕਿਉਰਡ ਐਸਟਸ ਦੀ ਨਿਲਾਮੀ ਰਾਹੀਂ ਵਸੂਲ ਕੀਤੀ ਜਾਵੇਗੀ। ਇਸ ਲਈ ਕਰਜ਼ਦਾਰਾਂ ਨੂੰ ਸਾਰੀ ਰਕਮ ਸਮੇਤ ਭਵਿੱਖੀ ਵਿਆਜ ਅਤੇ ਖਰਚਿਆਂ ਦੇ ਡਿਮਾਂਡ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਸੂਚਨਾ ਦਿੱਤੀ ਗਈ ਹੈ, ਨਹੀਂ ਤਾਂ ਉਕਤ ਐਕਟ ਦੇ ਸੈਕਸ਼ਨ 13 [4] ਅਤੇ 14 ਦੀਆਂ ਵਿਵਸਥਾਵਾਂ ਤਹਿਤ, ਅਧਿਕਾਰਤ ਅਫਸਰ ਹੇਠਾਂ ਦਰਸਾਈ ਰਹਿਣ ਜਾਇਦਾਦ/ਸਕਿਉਰਡ ਐਸਟਸ ਦੀ ਵਿਕਰੀ ਲਈ ਕਬਜ਼ਾ ਹਾਸਲ ਕਰ ਰਿਹਾ ਹੈ।

ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ ਕਰਜ਼ਦਾਰ ਧਿਆਨ ਦੇਣ ਕਿ ਐਕਟ 2002 ਦੀਆਂ 13 [13] ਸ਼ਰਤਾਂ ਅਨੁਸਾਰ ਤੁਹਾਡੇ 'ਤੇ ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਸਕਿਉਰਡ ਐਸਟਸ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲੀ ਕਰਨ 'ਤੇ ਰੋਕ ਅਤੇ ਪਾਬੰਦੀ ਹੈ। ਕਰਜ਼ਦਾਰ ਦਾ ਧਿਆਨ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 3 [5] ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 [8] ਵੱਲ ਦਿਵਾਇਆ ਜਾਂਦਾ ਹੈ ਕਿ ਕਰਜ਼ਦਾਰ ਨਿਲਾਮੀ ਨੋਟਿਸ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਹੇਠਾਂ ਦਰਸਾਏ ਸਾਰੇ ਬਕਾਏ ਮੁਕੰਮਲ ਤੌਰ 'ਤੇ ਅਦਾ ਕਰਕੇ ਸਕਿਉਰਡ ਐਸਟਸ ਦਾ ਪੁਨਰਗ੍ਰਹਿਣ ਕਰ ਸਕਦੇ ਹਨ, ਜਿਸ ਦੀ ਬਾਅਦ 'ਚ ਹੱਦ ਖਤਮ ਹੋ ਜਾਵੇਗੀ।

| ਲੜੀ ਨੰਬਰ | ਕਰਜ਼ਦਾਰ/ਬਿਨੈਕਾਰ/ਗਰੰਟਰ/ ਰਹਿਣਕਾਰ ਦਾ ਨਾਮ | 13[2] ਸੈਕਸ਼ਨ ਅਧੀਨ ਡਿਮਾਂਡ ਨੋਟਿਸ 'ਚ ਰਕਮ ਅਤੇ ਮਿਤੀ |
|---|---|---|
| 1. | 1. ਦਰਸ਼ਨ ਕੁਮਾਰ ਪੁੱਤਰ ਦੇਸ ਰਾਜ (ਕਰਜ਼ਦਾਰ) 2 ਸਲੋਚਨਾ ਸ਼ਰਮਾ ਪਤਨੀ ਦਰਸ਼ਨ ਕੁਮਾਰ (ਸਹਿ-ਕਰਜ਼ਦਾਰ) ਦੋਵੇਂ ਵਾਸੀ ਮਕਾਨ ਨੰ. 221, ਬਹਿਲੋਲਪੁਰ, ਮੁਹਾਲੀ, ਜ਼ਿਲ੍ਹਾ ਐਸ ਏ ਐਸ ਨਗਰ, ਪੰਜਾਬ-160014, ਲੋਨ ਨੰ. ਐੱਲ ਐਕਸ ਸੀ ਐਚ ਡੀ 03619-200006511, ਲੋਨ ਐਗਰੀਮੈਂਟ ਮਿਤੀ : 19 ਨਵੰਬਰ 2019, ਲੋਨ ਰਕਮ ਰੁਪਏ 5,16,355/- | 14 ਜੁਲਾਈ 2025 14 ਜੁਲਾਈ 25 ਨੂੰ ਰੁਪਏ 1,19,116/- (ਇੱਕ ਲੱਖ ਉੱਨੀ ਹਜ਼ਾਰ ਇੱਕ ਸੌ ਸੋਲਾਂ ਰੁਪਏ ਕੇਵਲ) ਮਿਤੀ 15 ਜੁਲਾਈ 2025 ਤੋਂ ਇਸ 'ਤੇ ਵਿਆਜ ਅਤੇ ਹੋਰ ਚਾਰਜਿਜ਼ |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਜਾਇਦਾਦ ਰਕਬਾ 3 ਬਿਸਵਾ (150 ਵਰਗ ਗਜ਼ ਅੰਦਾਜ਼ਨ) ਜਿਸ ਵਿੱਚੋਂ ਦੋ ਮੰਜ਼ਲਾ ਨਿਰਮਿਤ ਮਕਾਨ, ਜਿਸ ਦਾ ਛੱਤਿਆ ਖੇਤਰ ਅੰਦਾਜ਼ਨ 2700 ਵਰਗ ਫੁੱਟ, ਹੱਦਬਸਤ ਨੰ. 23, ਪਿੰਡ ਬਹਿਲੋਲਪੁਰ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਐਸ ਏ ਐਸ ਨਗਰ (ਮੁਹਾਲੀ) ਪੰਜਾਬ-160014। ਹੱਦਾਂ : ਪੂਰਬ : ਸੁਰਿੰਦਰ ਸਿੰਘ, ਪੱਛਮ : ਭਗਤ ਰਾਮ, ਉੱਤਰ : ਸੁਸਾਇਟੀ ਸਟੋਰੀ, ਦੱਖਣ : ਗਲੀ

ਮਿਤੀ : 26.07.2025
ਸਥਾਨ : ਗੁਰੂਗ੍ਰਾਮ

ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ -96500-55701
ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਟਿਡ

ਫਾਰਮ ਨੰ. 3
[ਵੇਖੋ ਨਿਯਮ-13 (1) (ਏ)]

## ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 1)

ਦੂਜੀ ਮੰਜ਼ਲ, ਐਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ

ਕੇਸ ਨੰ. ਓ ਏ/1610/2024
ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਈ ਐਕਸ ਐਚ ਨੰ. 27982

### ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ
### ਬਨਾਮ
### ਵਰਿੰਦਰ ਸਿੰਘ

ਸੇਵਾ 'ਚ
(1) ਸ੍ਰੀ ਰਿਪਨ ਕੁਮਾਰ ਗੁਪਤਾ ਪੁੱਤਰ ਸ੍ਰੀ ਹਰਬੰਸ ਲਾਲ ਵਾਸੀ ਮਕਾਨ ਨੰ. 3382, ਮੁਹੱਲਾ ਸੂਰੀਆ, ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ-144801

### ਸੰਮਨ

ਜਦੋਂਕਿ ਓ ਏ/1610/2024 ਮਾਣਯੋਗ ਪ੍ਰੀਜ਼ਾਈਡਿੰਗ ਅਫਸਰ/ਰਜਿਸਟਰਾਰ ਸਨਮੁੱਖ 28/04/2025 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁਪਏ 51,40,364.93/-(ਅਰਜ਼ੀ ਸਮੇਤ ਦਸਤਾਵੇਜ਼ ਦੀਆਂ ਨਕਲਾਂ ਨਾਲ ਨੱਥੀ) ਕਰਜ਼ਾ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਐਕਟ (ਓ ਏ) ਦੇ ਸੈਕਸ਼ਨ 19 (4) ਤਹਿਤ ਸੰਮਨ/ਨੋਟਿਸ ਜਾਰੀ ਕਰਨ 'ਤੇ ਪ੍ਰਸੰਨਤਾ ਹੋ ਰਹੀ ਹੈ।

ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :-

(i) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਮੰਗੀ ਗਈ ਰਾਹਤ ਕਿਉਂ ਮਨਜ਼ੂਰ ਨਾ ਕੀਤੀ ਜਾਵੇ।

(ii) ਬਿਨੈਕਾਰ ਵੱਲੋਂ ਅਸਲ ਅਰਜ਼ੀਆਂ ਦੇ ਨਾਲ ਲੜੀ ਨੰ. 3 ਦੇ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ।

(iii) ਅਸਲ ਅਰਜ਼ੀ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐਸਟਸ ਜਾਂ ਸਕਿਉਰਡ ਐਸਟਸ ਜਿਨ੍ਹਾਂ ਵਿਰੁੱਧ ਸੁਣਵਾਈ ਲੰਬਿਤ ਹੈ ਅਤੇ ਜਾਇਦਾਦਾਂ ਦੀ ਅਟੈਚਮੈਂਟ ਵਾਸਤੇ ਅਰਜ਼ੀ ਦੇ ਨਿਪਟਾਰੇ ਸੰਬੰਧੀ ਸੌਦੇਬਾਜ਼ੀ ਜਾਂ ਨਿਪਟਾਰੇ ਲਈ ਤੁਹਾਡੇ 'ਤੇ ਪਾਬੰਦੀ ਹੈ।

(iv) ਕਿਸੇ ਵੀ ਐਸਟਸ ਜਿਸ 'ਤੇ ਸੁਰੱਖਿਆ ਹਿੱਤ ਰੱਖਿਆ ਹੈ ਅਤੇ/ਜਾਂ ਅਸਲ ਅਰਜ਼ੀ ਦੀ ਲੜੀ ਨੰ. 3 ਏ ਅਧੀਨ ਦਰਸਾਈਆਂ ਵਿਸ਼ੇਸ਼ ਜਾਇਦਾਦਾਂ ਅਤੇ ਐਸਟਸ ਕਾਰੋਬਾਰ ਦੇ ਆਮ ਸਰੋਤ ਤੋਂ ਇਲਾਵਾ ਟ੍ਰਿਬਿਊਨਲ ਦੀ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕੋਗੇ।

(v) ਸਕਿਉਰਡ ਐਸਟਸ ਜਾਂ ਹੋਰ ਐਸਟਸ ਅਤੇ ਜਾਇਦਾਦਾਂ ਦੀ ਬਿਜ਼ਨੈੱਸ ਦੇ ਆਮ ਸਰੋਤਾਂ ਲਈ ਵਿਕਰੀ ਅਮਲ ਲਈ ਤੁਸੀਂ ਉੱਤਰਦਾਈ ਹੋਵੋਗੇ ਅਤੇ ਇਸ ਵਿਕਰੀ ਅਮਲ ਦਾ ਡਿਪਾਜ਼ਟ ਅਜਿਹੇ ਐਸਟਸ 'ਤੇ ਸੁਰੱਖਿਆ ਹਿੱਤ ਰੱਖਣ ਵਾਲੇ ਬੈਂਕ ਖਾਤੇ ਜਾਂ ਵਿੱਤੀ ਸੰਸਥਾਵਾਂ 'ਚ ਜਮ੍ਹਾਂ ਕਰਵਾਉਣਾ ਹੋਵੇਗਾ।

ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 04.08.2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 29.04.2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

## COURT NOTICE

(U/o 5 Rule 20 CPC)
In The Court of
Sh. Sanjiv Joshi
Additional District and Sessions Judge-II, Kapurthala
CNR No. PBKP01-003901-2025
Next Date:- 11-09-2025
Sukhwinder Kaur
Vs.
General Public
Publication Issued To:
General Public
: R/o House No. 6 Main Road Fateh Singh Colony out side gate Hakima Amritsar.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 11-09-2025 at 10:00 a.m.

For details logon to https://highcourtchd.gov.in/?mod=district_notice&district=Kapurthala

Additional District and Sessions Judge-II Kapurthala
Dated, this day of 24-07-2025

## COURT NOTICE

(U/o 5 Rule 20 CPC)
In The Court of
Sh. Sanjiv Joshi
Additional District and Sessions Judge-II, Kapurthala
CNR No. PBKP01-002268-2020
Next Date:- 17-09-2025
Roshni Vs. Jagir Singh
Publication Issued To:
8. Ram Parshad Father : Uma Nand S/o Rikhi Ram, 12. Saroj Pathak w/o Yogesh Kumar, 14. Rama Rani w/o Madhan Mohan, 23. Hardeep Kaur w/o Satwant Singh, 35. Anjali w/o Dharampal 36. Punam Arora w/o Kewal Krishan, 45. Ravi Kashyap S/o Sukhi Chand all Gali No. 6, Baba Deep Singh Nagar, Kapurthala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 a.m.

For details logon to https://highcourtchd.gov.in/?mod=district_notice&district=Kapurthala

Additional District and Sessions Judge-II Kapurthala
Dated, this day of 24-07-2025

## COURT NOTICE

(U/o 5 Rule 20 CPC)
In The Court of Mandeep Kaur
Civil Judge (Junior Division), Amritsar
CNR No. PBAS02-003180-2024
Next Date :- 18-08-2025
Sukhraj Singh
Vs.
Harpal Singh
Publication Issued To:
Harpal Singh
Son : Shingra Singh
Village Kakkar, Tehsil Ajnala, District Amritsar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 18-08-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 22-07-2025

## COURT NOTICE

(U/o 5 Rule 20 CPC)
In The Court of Ms. Rana Kanwardeep Kaur Chahal
Principal Judge, Family Court Camp at Phagwara,Phagwara
CNR No. PBKPF2-000035-2024
Next Date:- 22-08-2025
Sunny Bangar @ Bangar Sunny
Vs.
Manpreet Kaur
Publication Issued To:
Manpreet Kaur
Spouse: Sunny Bangar@Bangar Sunny Village Chak Teh. and Distt. Jalandhar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 22-08-2025 at 10:00 a.m.

For details logon to https://highcourtchd.gov.in/?mod=district_notice&district=Kapurthala

Principal Judge, Family Court Camp at Phagwara Phagwara
Dated, this day of 18-07-2025

# ਕਲਾਸੀਫਾਈਡ ਇਸ਼ਤਿਹਾਰ

## Change of Name

I Tajendra Singh Mashiyana S/O Sh Jaswant Singh R/O VPO Bodal Teh Dasuya Distt Hoshiarpur PB India have changed the name of my daughter Harshika Kaur Mashiyana To Harshika kaur.

I,Tarjeet Singh S/O Rajinder Singh R/O H.No.13, New Gokal Ka Bagh,100 Ft. Road, Amritsar, Punjab have changed my name from Tarjeet Singh to Tarjit Singh. Concerned note.

I, Sumandeep Kaur D/O Harbans R/O Patti Bagewali, Verka, Amritsar, Punjab have changed my name from Sumandeep Kaur to Mitali. Concerned note.

I, Hardip Kaur W/o Varinderjeet Singh R/o 126/A, Partap Avenue, Amritsar have changed my name from Hardip Kaur to Hardeep Kaur

I, Ravjit Kaur W/o Baljit Singh R/o Jhitan Kalan Amritsar have changed my name from Ravjit Kaur to Ranjit Kaur

I Jagdish Parshad S/o Sh. Ladu Narian Gupta Resident of Plot No. 16, Agarsen Nagar, Mahesh Nagar, Jaipur, Rajasthan. I have changed my name from Jagdish Parshad to Jagdish Parshad Gupta. All concerned please note.

I, Rajesh S/o Vijay Kumar R/o H.No.143, Roop Nagar, Housing Board Colony, Near Gate Hakima, Amritsar have changed my name from Rajesh to Rajesh Kumar Narang

I, Sukhdeep Singh S/o Ranjeet Singh R/o VPO Manawala Kalan Distt. Amritsar have changed my name to Sukhdeep Singh Thind.

I, Rajwinder Singh Sohal S/o Hardev Singh R/o Vill. Vallah Pati Fulu Ki Amritsar have changed my name to Rajwinder Singh.

I, Kushpa Rani C/o Chaman Lal R/o Mohalla Ramgarhia, Ward No. 05, Mahilpur Distt. Hoshiarpur Punjab have changed my name from Kushpa Rani to Kusam. Concerned note.

I, Villiam S/o Manga R/o Village Chachowal, P.O. Daduwal, Tehsil & District Jalandhar, Punjab (India) have changed my name from Villiam to Villiam Singh. Please note. (12310)

I, Kuldeep Kaur W/o Kulwant Singh R/O Madhipura, PO Kotla Gujran, Amritsar have changed my name from Kuldeep Kaur to Kuldip Kaur.

I, Jagpreet Singh S/o Kashmir Singh R/o Village Khara, PO Thathi Khara, Tehsil & Distt. Tarn Taran, Punjab-143401 have changed my name from Jagpreet Singh to Jagpreet Singh Mehra.

I, Harpreet Kumar S/o Dharam Pal R/o Village Nanda Chaur, Distt. Hoshiarpur, Punjab-146114 have changed my name from Harpreet Kumar to Given Name as Harpreet & Surname as Kumar. Concerned Note.

I Harvinder Pal Singh son of Tara Singh house number B-1/31, Anand Nagar GT road Jalandhar-1, declared that some document my name spelling wrongly mention Harwinder Singh, but my correct name Harvinder Pal Singh.

I, Ishika Verma W/o Nishant Behal R/o H.No. 97, Vinay Nagar, Near Shere Punjab Market, Jalandhar-144004, Punjab have changed my name from Ishika Verma to Ishika Behal. All concerned please note.

I, Harbhal Singh S/o Chaichal Singh R/o Village Kandowali, PO Chetanpura Distt. Amritsar, Punjab have changed my name from Harbhal Singh to Singh is my surname and Harbhal is my given name.

I, Neeraj Matri s/o Sukhdev Raj r/o H.No. EE-162, New Railway Road, Inderprast, Jalandhar have changed my name from Neeraj Matri to Niraj Kumar. All Please Note.

I, Monika Matri w/o Niraj Kumar r/o H.No. EE-162, New Railway Road, Inderprast, Jalandhar have changed my name from Monika Matri to Monica. All Please Note.

I, Mukesh Garg s/o Dharam Paul r/o H.No.213/5, Central Town, Jalandhar have change my name from Mukesh Garg to Mukesh Kumar. All Please Note.

I, Soma Rani w/o Sudagar Lal r/o Vill. Daulatpur, Po. Raipur, Distt.Jalandhar have changed my name from Soma Rani to Rani Soma. All Please Note.

I, Kamaljit S/o Seebu Ram r/o Jallowal, Distt. Jalandhar, Punjab have changed my name from Kamaljit to Kamaljit Kamaljit. All Please Note.

I, Balbir Kumari w/o Subhash Singh r/o Vill.Unchi Bassi, Po.Lamin Pandori, Teh.Dasuya, Hoshiarpur have changed my name from Balbir Kumari to Balvir Rani. All Please Note.

I, Anita Nagpal w/o Sumant Sharma r/o Kaurian Mohalla, Bansan Wala Bazar, Phagwara, Kapurthala have changed my name to Kavita Sharma, after marriage. All Please Note.

I, Subhash s/o Jaswinder Singh r/o Muhala Patti, Jagir Pur, Daroli Kalan, Distt. Jalandhar have changed my name Subhash and now Kumar is my surname. All Please Note.

I, Stphen s/o Resham r/o VPO. Kadiawali, Po, Jamsher Khas, Distt.Jalandhar have changed the spelling of my name to Stephen. All Please Note.

I, Preeti Shingari w/o Panjaj Kumar r/o H.No. 246, Harnam Dass Pura, Gali No.3, Near Oberoy Hospital, Kapurthala Road, Jalandhar have changed my name to Preeti Shingari to Preeti. All Please Note.

I, Narvail Singh S/o Shiv Singh R/o Village Sukhia Nangal, Po. Khalu, Distt.Kapurthala have changed my name to Given name as Narvail & Surname as Singh. All Please Note.

I, Kulvir Kaur D/o Jit Singh W/o Narvail Singh R/o Village Sukhia Nangal, Po. Khalu, Kapurthala have changed my name to Given name as Kulvir & Surname as Kaur. All Please Note.

I, Nasreen D/o Gurmail Singh R/o VPO. Kandhala Guru, Distt. Jalandhar, Punjab have changed my name from Nasreen to Nasreen Kaur. (Kaur as surname) All Please Note.

I, Sukhdev Singh S/o Tara Singh R/o Vill. Khojewal, Po. Khaira Majha, Distt. Kapurthala, Punjab have changed my name to Given name as Sukhdev & Surname as Singh. All Please Note.

## Change of Name

GGFI, Gourav S/o Jograj R/o VPO. Ghurka, Tehsil Phillaur, Distt. Jalandhar, Punjab have changed my name from Gourav to Gourav Sabharwal. All Please Note.

I, Jagroop S/o Mejar Singh R/o Vill. Rauli, Po. Mehatpur, Distt. Jalandhar, Punjab have changed my name from Jagroop to Jagroop Singh (Surname as Singh)

I, Karanpreet Singh S/o Jasvir Singh R/o Vill. Jhawan,Teh. Tanda (Hoshiarpur) Punjab have changed my name to Karanpreet Singh Bhath. Please note.

I, Ritu Rani D/o Harmesh Lal R/o House No. 38 A, Near Tehsil Tanda, Distt. Hoshiarpur,Punjab declare my given name as Ritu and my Surname as Rani. All concerned please note.

## ਨਾਂਅ ਦੀ ਬਦਲੀ

ਮੈਂ ਪਰਮਜੀਤ ਕੌਰ (PARAMJEET KAUR) ਪਤਨੀ ਗੁਰਜੰਟ ਸਿੰਘ, ਪਿੰਡ ਕਕਰਾਲੀ, ਡਾਕ ਮਹੇੜੀ, ਜ਼ਿਲ੍ਹਾ ਸੰਗਰੂਰ, ਪੰਜਾਬ, 140101 ਨੇ ਆਪਣਾ ਨਾਂ ਬਦਲ ਕੇ ਕੌਰ ਪਰਮਜੀਤ (KAUR PARMJEET) ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਸਨੇਹਾ ਪੁੱਤਰੀ ਜਸਵਿੰਦਰ ਕੁਮਾਰ ਵਾਸੀ ਮੁਹੱਲਾ ਪ੍ਰੀਤ ਨਗਰ, ਸਾਹਮਣੇ ਝੰਡਾ ਮੱਲ ਸਕੂਲ ਕਪੂਰਥਲਾ, ਬਿਆਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਸਨੇਹਾ ਤੋਂ ਬਦਲ ਕੇ ਸਨੇਹਾ ਰਾਣਾ ਕਰ ਲਿਆ ਹੈ। ਸਾਰੇ ਸੰਬੰਧਿਤ ਨੋਟ ਕਰਨ।

ਮੈਂ, ਰਾਜਵਿੰਦਰ ਕੌਰ ਪਤਨੀ [illegible] ਵਾਸੀ ਪਿੰਡ [illegible], ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ [illegible] 7/114 ਹਿੱਸਾ ਜਿਸ ਦਾ ਖੇਵਟ ਖਾਤਾ ਨੰ: 81/75 ਖਤੌਨੀ ਨੰਬਰ 111 [illegible] ਪਿੰਡ ਗੋਬਿੰਦ ਪੁਰ, ਜ਼ਿਲ੍ਹਾ ਕਪੂਰਥਲਾ ਵਿਚ ਹੈ। ਇਸ ਜ਼ਮੀਨ ਦੇ ਰਿਕਾਰਡ ਵਿੱਚ ਮੇਰਾ ਨਾਮ [illegible] ਲਿਖਿਆ ਹੈ ਜਦ ਕਿ ਮੇਰਾ ਸਹੀ ਨਾਮ ਰਾਜਵਿੰਦਰ ਕੌਰ ਹੈ।

## ਆਮ ਸੂਚਨਾ

ਮੈਂ, ਕੁਲਦੀਪ ਕੌਰ ਪਤਨੀ [illegible] ਸਿੰਘ ਵਾਸੀ ਪਿੰਡ [illegible], ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ [illegible]

ਮੈਂ ਤਰਸੇਮ ਸਿੰਘ ਪੁੱਤਰ [illegible] ਵਾਸੀ ਪਿੰਡ [illegible] [illegible]

ਮੈਂ, ਸੁਖਵਿੰਦਰ ਸਿੰਘ [illegible]

ਮੈਂ, ਲਲਜੀਤ ਸਿੰਘ ਪੁੱਤਰ [illegible] 09-11-2019 [illegible]

ਅਸੀਂ, ਸੁਖਵਿੰਦਰ ਸਿੰਘ ਪੁੱਤਰ ਮੇਜਰ ਸਿੰਘ [illegible] 19.05.2022 [illegible]

ਮੈਂ, ਆਸ਼ਾ ਗੁਪਤਾ ਪਤਨੀ ਲੇਟ ਵਿਨੋਦ ਗੁਪਤਾ ਵਾਸੀ 1345/17, [illegible]

ਮੋਟਰ ਕੁਨੈਕਸ਼ਨ ਖਾਤਾ ਨੰਬਰ ਡੀ.ਐਮ.ਏ.ਪੀ 189 ਜੋ ਕਿ ਮੱਘਰ ਸਿੰਘ ਪੁੱਤਰ ਕਿਸ਼ਨ ਵਾਸੀ ਧਰਮਪੁਰਾ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਜਸਵਿੰਦਰ ਸਿੰਘ ਪੁੱਤਰ ਨਾਜਰ ਵਾਸੀ ਧਰਮਪੁਰਾ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਡੀ.ਐਮ.ਏ.ਪੀ 61 ਜੋ ਕਿ ਮੱਘਰ ਸਿੰਘ ਪੁੱਤਰ ਕਿਸ਼ਨ ਵਾਸੀ ਧਰਮਪੁਰਾ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਜਸਵਿੰਦਰ ਸਿੰਘ ਪੁੱਤਰ ਨਾਜਰ ਵਾਸੀ ਧਰਮਪੁਰਾ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਡੀ.ਐਮ.ਏ.ਪੀ 63 ਜੋ ਕਿ ਮੱਘਰ ਸਿੰਘ ਪੁੱਤਰ ਕਿਸ਼ਨ ਵਾਸੀ ਧਰਮਪੁਰਾ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਜਸਵਿੰਦਰ ਸਿੰਘ ਪੁੱਤਰ ਨਾਜਰ ਵਾਸੀ ਧਰਮਪੁਰਾ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰ: A-7-1363 ਪਿੰਡ ਗੱਟੀ ਮੱਤੜ ਜਿਲਾ ਫਿਰੋਜ਼ਪੁਰ ਵਿਖੇ ਜਸਵੰਤ ਸਿੰਘ ਪੁਤਰ ਦੀਦਾਰ ਸਿੰਘ ਦੇ ਨਾਮ ਚਲ ਰਿਹਾ ਹੈ। ਇਸ ਕੁਨੈਕਸ਼ਨ ਨੂੰ ਅਵਤਾਰ ਸਿੰਘ ਪੁੱਤਰ ਕਿਰਪਾਲ ਸਿੰਘ ਵਾਸੀ ਪਿੰਡ ਲੋਧਰਾਂ(ਫਿਰੋਜਪੁਰ) ਨੇ ਆਪਣੇ ਨਾਮ ਟਰਾਂਸਫਰ ਕਰਵਾਉਣ ਲਈ ਦਸਤਾਵੇਜ ਪੇਸ਼ ਕੀਤੇ ਹਨ, ਕਿਸੇ ਨੂੰ ਇਹ ਕੁਨੈਕਸ਼ਨ ਟਰਾਂਸਫਰ ਹੋਣ ਸਬੰਧੀ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਦਫਤਰ ਮਮਦੋਟ ਵਿਖੇ ਕਰੇ।

ਸਹਾਇਕ ਕਾਰਜਕਾਰੀ ਇੰਜੀਨੀਅਰ ਉਪ ਮੰਡਲ ਗੜ੍ਹਦੀਵਾਲਾ ਪੀ ਐੱਸ ਪੀ ਸੀ ਐਲ ਵਲੋਂ ਇਸ ਦਫਤਰ ਅਧੀਨ ਗੁਰਇੰਦਰ ਜੀਤ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਜਿਆ ਸਹੋਤਾ ਕਲਾਂ ਦੇ ਨਾਂਮ ਤੇ ਟਿਊਬਲ ਕਨੈਕਸ਼ਨ ਨੰਬਰ 3003969152 ਚਲ ਰਿਹਾ ਹੈ ਇਸ ਕਨੈਕਸ਼ਨ ਨੂੰ ਬਾਬਾ ਦੀਪ ਸਿੰਘ ਸੇਵਾ ਦਲ ਅਤੇ ਵੈੱਲਫੇਅਰ ਸੁਸਾਇਟੀ ਵਲੋਂ ਆਪਣੇ ਨਾਂਮ ਤੇ ਤਬਦੀਲ ਕਰਨ ਲਈ ਅਰਜੀ ਦਿੱਤੀ ਗਈ ਹੈ ਇਸ ਸੰਬੰਧੀ ਅਗਰ ਕਿਸੇ ਨੂੰ ਕੋਈ ਵੀ ਇਤਰਾਜ ਹੈ ਤਾਂ ਉਹ ਇੱਸ ਦਫਤਰ ਨੂੰ 7ਦਿਨਾਂ ਦੇ ਅੰਦਰ ਅੰਦਰ ਆਕੇ ਸੂਚਿਤ ਕਰੇ।

ਇਕ ਖੇਤੀਬਾੜੀ ਕੁਨੈਕਸ਼ਨ ਖਾਤਾ ਨੰਬਰ ਐੱਨ34 ਏ ਪੀ 02/529 ਐੱਚ, ਜਿਸ ਦਾ ਲੋਡ 7.5 ਐੱਚ ਪੀ ਹੈ, ਜੋ ਕਿ ਲੈਂਬਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਬੜਾ ਪਿੰਡ ਦੇ ਨਾਂਅ 'ਤੇ ਚੱਲ ਰਿਹਾ ਹੈ। ਉਸ ਨੂੰ ਹਰਪਾਲ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਬੜਾ ਪਿੰਡ ਨੇ ਆਪਣੇ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਤਰਾਜ਼ਕਰਤਾ 30 ਦਿਨ ਦੇ ਅੰਦਰ-ਅੰਦਰ ਐੱਸ ਡੀ ਓ, ਪੀ ਐੱਸ ਪੀ ਸੀ ਐੱਲ ਰੁੜਕਾ ਖੁਰਦ, ਜ਼ਿਲ੍ਹਾ ਜਲੰਧਰ ਨਾਲ ਸੰਪਰਕ ਕਰੇ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ-11, 495, 7.5 ਐੱਚ ਪੀ, ਜੋ ਕਿ ਵੱਸਣ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਦਸਮੇਸ਼ ਨਗਰ, ਲੋਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਸੁਖਵੰਤ ਸਿੰਘ ਪੁੱਤਰ ਵੱਸਣ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਦਸਮੇਸ਼ ਨਗਰ, ਲੋਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਅਫਸਰ ਨਵਾਂ ਪਿੰਡ ਨੂੰ ਆਪਣਾ ਇਤਰਾਜ਼ ਪੇਸ਼ ਕਰੇ। ਬਾਅਦ ਵਿਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਮਲਕੀਤ ਸਿੰਘ ਪੁੱਤਰ ਸ਼੍ਰੀ ਕਰਤਾਰ ਸਿੰਘ ਵਾਸੀ 25, ਗਲੀ ਨੰ.6, ਭਾਈ ਮੰਝ ਰੋਡ,ਤਰਨ ਤਾਰਨ ਰੋਡ, ਮਾਤਾ ਗੰਗਾ ਜੀ ਨਗਰ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਰੂਪ ਸਿੰਘ ਜੋ ਕਿ ਸ਼ਾਦੀਸ਼ੁਦਾ ਹੈ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ, ਗਲਤ ਸੰਗਤ ਵਿੱਚ ਪੈ ਚੁੱਕਾ ਹੈ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਉਂਕਾਰ ਸਿੰਘ (90) ਪੁੱਤਰ ਨਿਰੰਜਨ ਸਿੰਘ ਪਿੰਡ ਕੰਢਾਲੀਆਂ, ਡਾਕਖਾਨਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਗੋਦ ਲਿਆ ਹੋਇਆ ਲੜਕਾ ਜਸਕਰਨ ਸਿੰਘ ਤੇ ਉਸ ਦੀ ਪਤਨੀ ਨੀਤੂ ਮੇਰੇ ਕੰਟਰੋਲ ਤੋਂ ਬਾਹਰ ਹਨ। ਬੁਢਾਪੇ ਵਿਚ ਮੇਰੇ ਨਾਲ ਬਦਸਲੂਕੀ ਕਰਦੇ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹ ਆਪਣੇ ਕੰਮਾਂ ਲਈ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ। ਸੰਬੰਧਤ ਨੋਟ ਕਰਨ। (ਡੋਗਰਾ)

ਮੈਂ, ਪ੍ਰਕਾਸ਼ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਚੀਮਾ ਰੋਡ, ਕੋਟ ਈਸੇ ਖਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਕੁਲਵੰਤ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਗਲੀ ਨੰ: 6, ਪ੍ਰੀਤ ਵਿਹਾਰ ਖੈਰਾਬਾਦ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਜਬੀਰ ਸਿੰਘ ਅਤੇ ਉਸ ਦੀ ਪਤਨੀ ਸੁਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਉੱਭੀ ਪਤਨੀ ਅਮਰਜੀਤ ਸਿੰਘ ਉੱਭੀ ਵਾਸੀ ਕਲਪਨਾ'ਜ ਬਿਊਟੀ ਪਾਰਲਰ ਐਂਡ ਇਸਟੀਚਿਊਟ, ਮਲਿਆਣਾ ਰੋਡ, ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਅਮਰਜੀਤ ਸਿੰਘ ਪੁੱਤਰ ਰਾਮ ਸਿੰਘ ਮੈਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਮੇਰੇ ਨਾਲ ਲੜਾਈ-ਝਗੜਾ ਤੇ ਮਾਰਕੁੱਟ ਕਰਦਾ ਹੈ। ਮੇਰੀ ਕੋਈ ਗੱਲ ਨਹੀਂ ਮੰਨਦਾ । ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਵਿੰਦਰ ਕੌਰ ਉੱਭੀ ਪਤਨੀ ਅਮਰਜੀਤ ਸਿੰਘ ਉੱਭੀ ਵਾਸੀ ਕਲਪਨਾ'ਜ ਬਿਊਟੀ ਪਾਰਲਰ ਐਂਡ ਇਸਟੀਚਿਊਟ, ਮਲਿਆਣਾ ਰੋਡ, ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗਗਨਪ੍ਰੀਤ ਸਿੰਘ ਉੱਭੀ ਵਾ ਉਸ ਦੀ ਪਤਨੀ ਅਰਸ਼ਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ, ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੁਖਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ 46-ਏ ਕੋਰਟ ਰੋਡ, ਮਹਿੰਦਰਾ ਕਾਲੋਨੀ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਵਜੋਤ ਸਿੰਘ ਅਤੇ ਮੇਰੀ ਪਤਨੀ ਕੰਵਲਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸਵਿੰਦਰ ਸਿੰਘ ਪੁੱਤਰ ਕਾਹਨ ਸਿੰਘ ਅਤੇ ਨਿੰਦਰ ਕੌਰ ਪਤਨੀ ਸਵਿੰਦਰ ਸਿੰਘ ਵਾਸੀਆਨ ਮਕਾਨ ਨੰ: 8203, ਗਲੀ ਨੰ: 4, ਸੁਲਤਾਨਵਿੰਡ ਰੋਡ, ਗੁਰੂ ਰਾਮਦਾਸ ਨਗਰ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਮੁਸਕਾਨ ਸਾਡੇ ਕਹਿਣੇਕਾਰ ਨਹੀਂ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੋ ਕੇ ਆਪਣੀ ਮਰਜ਼ੀ ਨਾਲ ਗੁਰਜੰਟ ਸਿੰਘ ਵਾਸੀ ਰਣ ਸਿੰਘ ਪੰਡੋਰੀ, ਜ਼ਿਲ੍ਹਾ ਤਰਨ ਤਾਰਨ ਦਾ ਵਿਆਹ ਕਰਵਾ ਲਿਆ ਹੈ। ਅਸੀਂ ਇਸ ਨਾਲੋਂ ਆਪਣੇ ਸਾਰੇ ਰਿਸ਼ਤੇ ਖਤਮ ਕਰ ਰਹੇ ਹਾਂ ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੋਮ ਨਾਥ ਪੁੱਤਰ ਮਹਿੰਗਾ ਰਾਮ ਵਾਸੀ ਗਲੀ ਨੰਬਰ 8, ਵਾਰਡ ਨੰਬਰ 61, ਮੇਨ ਰੋਡ, ਗੁਰੂ ਨਾਨਕਪੁਰਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹਰਪ੍ਰੀਤ ਧਮੀਜਾ ਪੁੱਤਰ ਸ੍ਰੀ ਜਗਤ ਰਾਮ ਵਾਸੀ ਮਕਾਨ ਨੰਬਰ 110/1, ਪਿਸ਼ੌਰੀ ਮੁਹੱਲਾ, ਬੈਕਸਾਈਡ ਨਾਰੀ ਨਿਕੇਤਨ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਮਤਰੇਆ ਪੁੱਤਰ ਸਾਹਿਲ ਕੁਮਾਰ (ਕੁਆਰਾ) ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਜਗੀਰੀ ਰਾਮ ਪੁੱਤਰ ਹਜ਼ਾਰਾ ਰਾਮ ਵਾਸੀ ਲਾਂਬੜਾ ਅਬਾਦੀ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਕੁਮਾਰ ਅਤੇ ਉਸ ਦੀ ਪਤਨੀ ਸਰਬਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਅਸੀਂ ਵਿਪਨ ਕੁਮਾਰ ਪੁੱਤਰ ਮਦਨ ਲਾਲ ਵਾ ਦੇਵੀ ਰਾਣੀ ਪਤਨੀ ਵਿਪਨ ਕੁਮਾਰ ਵਾਸੀਆਨ ਮਕਾਨ ਨੰ: ਈ ਬੀ-151, ਕਾਜੀ ਮੁੱਹਲਾ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਭਵਨੇਸ਼ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਨੀਲ ਦੱਤ ਪੁੱਤਰ ਲੇਟ ਕੇਵਲ ਕ੍ਰਿਸ਼ਨ ਵਾਸੀ ਨਿਊ ਮਾਰਕਿਟ, ਗੁਰਾਇਆਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਯੁਵਰਾਜ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਤ੍ਰਿਪਤਾ ਪਤਨੀ ਲੇਟ ਸ੍ਰੀ ਵਿਪਨ ਕੁਮਾਰ ਵਾਸੀ ਗਲੀ ਰਾਂਈਆਂ ਵਾਲੀ, ਮਾਹਨ ਸਿੰਘ ਗੇਟ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਸੰਦੀਪ ਪੁਰੀ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਗਲੇਡਿਅਸ ਡੇਵਿਡ ਪੁੱਤਰ ਡੇਵਿਡ ਮਸੀਹ ਅਤੇ ਕਿਰਨ ਬਾਲਾ ਪਤਨੀ ਗਲੇਡਿਅਸ ਡੇਵਿਡ ਵਾਸੀਆਨ ਵਾਰਡ 2, ਮਹਮੂਦ ਬਿਲਡਿੰਗ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਐਲਿਨ ਡੇਵਿਡ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਕੋਈ ਵੀ ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਸੰਬੰਧਿਤ ਨੋਟ ਕਰਨ।

ਮੈਂ, ਪੁਸ਼ਪਾ ਰਾਣੀ ਪਤਨੀ ਬਿਹਾਰੀ ਲਾਲ ਵਾਸੀ ਮਕਾਨ ਨੰਬਰ 37/57, ਤਿਲਕ ਨਗਰ, ਜਲੰਧਰ-1, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲੱਕੀ ਅਤੇ ਉਸਦੀ ਪਤਨੀ ਆਰਤੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਾਰਜ ਮਸੀਹ ਪੁੱਤਰ ਸ੍ਰੀ ਮਨੀਰ ਮਸੀਹ ਵਾਸੀ ਪਿੰਡ ਤੇ ਡਾਕ: ਦਿਆਲਗੜ੍ਹ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵਿੰਦਰ ਉਰਫ ਕਾਲੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨਰੇਗਾ ਮਜ਼ਦੂਰ ਯੂਨੀਅਨ ਵੱਲੋਂ ਡੀ. ਸੀ. ਦਫਤਰ ਅੰਮ੍ਰਿਤਸਰ ਸਾਹਮਣੇ ਰੋਸ ਪ੍ਰਦਰਸ਼ਨ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਪੂਰੇ ਪੰਜਾਬ ਦੇ ਡੀਸੀ ਦਫਤਰਾਂ ਸਾਹਮਣੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤੇ ਗਏ।ਯੂਨੀਅਨ ਵੱਲੋਂ ਅੰਮ੍ਰਿਤਸਰ ਦੇ ਡੀਸੀ ਦਫ਼ਤਰ ਦੇ ਸਾਹਮਣੇ ਵੀ ਆਪਣੀਆਂ ਮੰਗਾਂ ਨੂੰ ਲੈ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸਦੀ ਅਗਵਾਈ ਲਖਵਿੰਦਰ ਸਿੰਘ ਗੋਪਾਲਪੁਰ, ਸੁਰਜੀਤ ਸਿੰਘ ਜਹਾਂਗੀਰ, ਦਰਸ਼ਨ ਸਿੰਘ ਸਿੱਧਵਾਂ, ਮੋਨਿਕਾ ਜੇਠੂਵਾਲ ਅਤੇ ਕੁਲਵਿੰਦਰ ਕੌਰ ਖੁਸ਼ੀਪੁਰ ਨੇ ਕੀਤੀ।ਇਸ ਮੌਕੇ ਸੀਪੀਆਈ ਸੈਕਟਰੀ ਲਖਬੀਰ ਸਿੰਘ ਨਿਜਾਮਪੁਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਗੁਰਦੀਪ ਸਿੰਘ ਗੁਰੂਵਾਲੀ ਨੇ ਨਰੇਗਾ ਮਸਲਿਆਂ 'ਤੇ ਬੋਲਦਿਆਂ ਦੱਸਿਆ ਕਿ ਭਗਵੰਤ ਸਿੰਘ ਮਾਨ ਤੇ ਕੇਂਦਰ ਦੀ ਸਰਕਾਰ ਲੋਕਾਂ ਦੀਆਂ ਸਹੂਲਤਾਂ ਅਤੇ ਨਰੇਗਾ ਵਗੈਰਾ ਦੇ ਪੈਸੇ ਨਾ ਦੇ ਕੇ ਮਜ਼ਦੂਰਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ।ਇਸ ਮੌਕੇ ਭਰਾਤਰੀ ਜਥੇਬੰਦੀਆਂ ਜੋਗਿੰਦਰ ਸਿੰਘ ਗੋਪਾਲਪੁਰਾ, ਮੰਗਲ ਸਿੰਘ ਧਰਮਕੋਟ, ਗੁਰਮੀਤ ਸਿੰਘ ਮਾਨ ਵੇਰਕਾ, ਸਿਮਰਜੀਤ ਕੌਰ ਗੋਪਾਲਪੁਰ, ਮੁਖਤਾਰ ਸਿੰਘ ਤਰਕਸ਼ੀਲ ਆਗੂ ਨੇ ਵੀ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀਆਂ ਮੰਗਾਂ ਦੀ ਹਮਾਇਤ ਕੀਤੀ ਅਤੇ ਕਿਹਾ ਕਿ ਅੱਜ ਲੋੜ ਹੈ ਖੱਬੀਆਂ ਧਿਰਾਂ ਨੂੰ ਇੱਕਠੇ ਹੋ ਕੇ ਸੰਘਰਸ਼ ਕਰਨ ਦੀ। ਮੁਜ਼ਾਹਰੇ 'ਚ ਕਰਮ ਕੌਰ, ਕਸ਼ਮੀਰ ਸਿੰਘ ਗੁਰੂਵਾਲੀ, ਮੁਖਤਾਰ ਸਿੰਘ ਖਾਲਸਾ ਨਗਰ, ਬੂਟਾ ਸਿੰਘ, ਮਨਜੀਤ ਸਿੰਘ ਵਰਪਾਲ, ਰਾਜਵਿੰਦਰ ਕੌਰ ਕੋਟਲਾ ਗੁੱਜਰਾਂ, ਸਰਵਣ ਕੌਰ ਭੁੱਲਰ, ਦਰਸ਼ਨ ਸਿੰਘ ਸਿੱਧਵਾਂ, ਦਵਿੰਦਰ ਸਿੰਘ ਬੱਠੂਚੱਕ, ਮੱਖਣ ਲੈਹਰਕਾ, ਸੁਖਵਿੰਦਰ ਸਿੰਘ, ਹਰਦਿਆਲ ਸਿੰਘ ਚਵਿੰਡਾ ਦੇਵੀ, ਹਰਜਿੰਦਰ ਕੱਥੂਨੰਗਲ, ਪੂਰਨ ਸਿੰਘ, ਬਲਕਾਰ ਸਿੰਘ ਕੋਟਲਾ ਸੈਦਾਂ, ਜਗਜੀਤ ਸਿੰਘ ਬਾਬੋਵਾਲ, ਕੁਲਵੰਤ ਕੌਰ ਕੈਰੋਨੰਗਲ ਵੱਡੇ ਕਾਫਲੇ ਲੈ ਕੇ ਸ਼ਾਮਿਲ ਹੋਏ। ਅਖੀਰ ਵਿੱਚ ਐੱਸਡੀਐੱਮ-2 ਮਨਕੰਵਲ ਸਿੰਘ ਚਾਹਲ ਨੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਜਿਹੜੀਆਂ ਮੰਗਾਂ ਸਾਡੇ ਮੰਨਣਯੋਗ ਹੋਣਗੀਆਂ ਉਨ੍ਹਾਂ ਨੂੰ ਲਾਗੂ ਕਰਵਾਂਗੇ। ਆਖਰ 'ਤੇ ਬੂਟਾ ਸਿੰਘ ਭੱਟੀਕੇ ਨੇ ਸਾਰਿਆਂ ਸਾਥੀਆਂ ਦਾ ਧੰਨਵਾਦ ਕੀਤਾ।

# ਸੜਕ ਹਾਦਸੇ 'ਚ ਦੋ ਨੌਜਵਾਨ ਜ਼ਖਮੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਚੁੰਗੀ ਸਿਵਲ ਲਾਈਨਜ਼ ਦੇ ਨੇੜੇ ਹੋਏ ਇੱਕ ਸੜਕ ਹਾਦਸੇ ਵਿੱਚ 22 ਸਾਲਾ ਨੌਜਵਾਨ ਸਮੇਤ ਦੋ ਨੌਜਵਾਨਾਂ ਦੇ ਜ਼ਖਮੀ ਹੋਣ ਦੀ ਖਬਰ ਮਿਲੀ ਹੈ।ਇਸ ਸਬੰਧ ਵਿੱਚ ਫ਼ਾਰੂਕ ਅਹਿਮਦ ਵਾਸੀ ਨੰਗਲ ਬਾਗ਼ਬਾਨਾਂ ਨੇ ਦੱਸਿਆ ਕਿ ਉਸ ਦੇ ਦੋ ਪੁੱਤਰ ਅਹਸਨ ਫ਼ਰੀਦ (22) ਅਤੇ ਛੋਟਾ ਬੇਟਾ ਫ਼ਰੀਦ ਅਹਿਮਦ ਘਰ ਦਾ ਸਾਮਾਨ ਲੈਣ ਲਈ ਆਪਣੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਕਾਦੀਆਂ ਚੁੰਗੀ ਸਾਈਡ ਜਾ ਰਹੇ ਸਨ।ਇੱਕ ਵਾਹਨ ਨੇ ਅਚਾਨਕ ਆਪਣੇ ਵਾਹਨ ਦਾ ਦਰਵਾਜ਼ਾ ਖੋਲ੍ਹ ਦਿੱਤਾ ਜੋ ਮੋਟਰਸਾਈਕਲ ਸਵਾਰਾਂ ਨੂੰ ਵੱਜ ਗਿਆ ਜਿਸ ਦੇ ਨਤੀਜੇ ਵਜੋਂ ਮੋਟਰਸਾਈਕਲ ਚਲਾ ਰਹੇ ਯੁਵਕ ਇਸ ਦੀ ਚਪੇਟ ਵਿੱਚ ਆ ਗਏ।ਫ਼ਾਰੂਕ ਅਹਿਮਦ ਨੇ ਦੱਸਿਆ ਕਿ ਉਨ੍ਹਾਂ ਦਾ ਵੱਡਾ ਬੇਟਾ ਅਹਿਸਨ ਫ਼ਰੀਦ ਜੋ ਮੋਟਰਸਾਈਕਲ ਚਲਾ ਰਿਹਾ ਸੀ, ਦੇ ਸਿਰ 'ਤੇ ਗੰਭੀਰ ਸੱਟਾਂ ਵੱਜੀਆਂ।ਇਸ ਹਾਦਸੇ ਵਿੱਚ ਉਸ ਦੀ ਖੋਪੜੀ ਖੁੱਲ੍ਹ ਗਈ ਜਿਸ ਨੂੰ ਤੁਰੰਤ ਸਥਾਨਕ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ।ਡਾਕਟਰਾਂ ਨੇ ਨੌਜਵਾਨ ਦੀ ਹਾਲਤ ਨਾਜ਼ੁਕ ਨੂੰ ਵੇਖਦਿਆਂ ਅੰਮ੍ਰਿਤਸਰ ਰੈਫ਼ਰ ਕਰ ਦਿੱਤਾ ਜਿਸ ਤੇ ਨੌਜਵਾਨ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।ਉਸ ਦਾ ਭਰਾ ਫ਼ਰੀਦ ਅਹਿਮਦ ਇਸ ਹਾਦਸੇ ਵਿੱਚ ਮਾਮੂਲੀ ਜ਼ਖ਼ਮੀ ਹੋਇਆ ਹੈ।ਸਥਾਨਕ ਪੁਲਸ ਨੂੰ ਇਸ ਮਾਮਲੇ ਬਾਰੇ ਕੋਈ ਸ਼ਿਕਾਇਤ ਨਹੀਂ ਮਿਲੀ ਹੈ।

# ਵੀ ਐੱਲ ਸੀ ਸੀ ਸਰਕਾਰ ਦੇ ਸਕਿਲਿੰਗ ਮਿਸ਼ਨ 'ਚ ਸ਼ਾਮਲ

ਅੰਮ੍ਰਿਤਸਰ : ਭਾਰਤ ਦੇ ਹੁਨਰ-ਰੁਜ਼ਗਾਰ ਦੇ ਅੰਤਰ ਨੂੰ ਦੂਰ ਕਰਨ ਲਈ ਇਕ ਕ੍ਰਾਂਤੀਕਾਰੀ ਕਦਮ ਚੁੱਕਦੇ ਹੋਏ ਦੇਸ਼ ਦੇ ਪ੍ਰਮੁੱਖ ਤੰਦਰੁਸਤੀ ਅਤੇ ਸੁੰਦਰਤਾ ਬ੍ਰਾਂਡਾਂ ਵਿੱਚੋਂ ਇੱਕ ਵੀ. ਐੱਲ. ਸੀ. ਸੀ. ਇੰਡੀਆ ਨੇ ਭਾਰਤ ਸਰਕਾਰ ਦੇ ਹੁਨਰ ਅਤੇ ਕਿੱਤਾ-ਮੁਖੀ ਮਿਸ਼ਨ ਵਿੱਚ ਆਪਣੇ ਏਕੀਕਰਨ ਦਾ ਐਲਾਨ ਕੀਤਾ ਹੈ। ਹੁਨਰ-ਨਿਰਮਾਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਮਜ਼ਬੂਤ ਕਰਦੇ ਹੋਏ ਵੀ. ਐੱਲ. ਸੀ. ਸੀ. ਨੇ ਇਸਦੇ ਕਿੱਤਾ-ਮੁਖੀ ਸਿਖਲਾਈ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ ਹੋਣਹਾਰ ਅਤੇ ਗਰੀਬ ਉਮੀਦਵਾਰਾਂ ਲਈ 100% ਤੱਕ ਦੀ ਸਕਾਲਰਸ਼ਿਪ ਦੇ ਨਾਲ ਇੱਕ ਉਦਯੋਗ-ਮੋਹਰੀ ਪਹਿਲਕਦਮੀ: ਸਾਰੇ ਯੋਗ ਵਿਦਿਆਰਥੀਆਂ ਲਈ 100% ਗਾਰੰਟੀਸ਼ੁਦਾ ਨੌਕਰੀ ਪਲੇਸਮੈਂਟ ਸ਼ੁਰੂ ਕੀਤੀ ਹੈ।ਇਹ ਐਲਾਨ ਮੁੱਖ ਸ਼ਹਿਰਾਂ ਵਿੱਚ 14 ਨਵੇਂ ਵੀ. ਐੱਲ. ਸੀ. ਸੀ. ਸਕੂਲ ਆਫ਼ ਬਿਊਟੀ ਸੰਸਥਾਵਾਂ ਦੇ ਉਦਘਾਟਨ ਦੇ ਨਾਲ ਮੇਲ ਖਾਂਦਾ ਹੈ।ਇਹ ਇੱਕ ਹੁਨਰਮੰਦ ਪਹਿਲ ਤੋਂ ਵੱਧ ਹੈ, ਇਹ ਇੱਕ ਲਹਿਰ ਹੈ। ਵਿਕਾਸ ਗੁਪਤਾ ਐੱਮਡੀ ਅਤੇ ਸੀਈਓ ਨੇ ਕਿਹਾ ਕਿ ਅਸੀਂ ਸਿਰਫ਼ ਨੌਕਰੀ ਲਈ ਹੁਨਰ ਨਹੀਂ ਸਿਖਾ ਰਹੇ; ਅਸੀਂ ਤਾਂ ਹਜ਼ਾਰਾਂ ਨੌਜਵਾਨਾਂ ਨੂੰ ਵਿਸ਼ਵਾਸ ਅਤੇ ਵਿੱਤੀ ਸੁਤੰਤਰਤਾ ਦੇ ਸਮਰੱਥ ਬਣਾ ਰਹੇ ਹਾਂ।

## ਨਿਲਾਮੀ ਨੋਟਿਸ

ਦੀ ਹਰਸ਼ਾ ਛੀਨਾ ਬਹੁਮੰਤਵੀ ਸਹਿਕਾਰੀ ਸਭਾ ਲਿਮ: ਹਰਸ਼ਾ ਛੀਨਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਖੇਤੀ ਸੰਦਾਂ ਦੀ ਨਿਲਾਮੀ ਮਿਤੀ 13.08.25 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਸਭਾ ਦੇ ਦਫ਼ਤਰ ਹਰਸ਼ਾ ਛੀਨਾ ਵਿਖੇ ਕੀਤੀ ਜਾਵੇਗੀ। ਖੇਤੀ ਸੰਦਾਂ ਦਾ ਵੇਰਵਾ : ਮਲਚਰ -2, ਹੈਪੀ ਸੀਡਰ - 3, ਪਲਾਓ ਰਿਵਰਸੀਲ -2, ਸੀਡ ਡਰਿਲਾਂ -3, ਵੱਟਾਂ ਵਾਲਾ ਜਿੰਦਰਾ -1, ਟਰੈਕਟਰ -1, ਲੇਜਰ ਲੈਵਲਰ -1, ਰੋਟਾਵੇਟਰ -1, ਹੋਰ ਜਾਣਕਾਰੀ ਲੈਣ ਲਈ ਸਭਾ ਦੇ ਪ੍ਰਧਾਨ ਸੁਖਜੀਤ ਸਿੰਘ : 99150-33136 ਅਤੇ ਬਚਿੱਤਰ ਸਿੰਘ ਸਕੱਤਰ ਸਭਾ 84370-29022 'ਤੇ ਫੋਨ ਕਰਕੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਵੱਲੋਂ : ਸੁਖਜੀਤ ਸਿੰਘ ਪ੍ਰਧਾਨ, ਦੀ ਹਰਸ਼ਾ ਛੀਨਾ ਬਹੁਮੰਤਵੀ ਸਹਿਕਾਰੀ ਸਭਾ ਲਿਮਟਿਡ

## ਬੇਦਖਲੀ ਨੋਟਿਸ

ਮੈਂ, ਵੀਨਾ ਪਤਨੀ ਲੇਟ ਰਮੇਸ਼ ਕੁਮਾਰ ਵਾਸੀ ਮਕਾਨ ਨੰ. 2-ਈ, ਮੁਹੱਲਾ ਵਾਲਮਿਕੀ, ਵਾਰਡ ਨੰ. 13, ਪਿੰਡ ਤੇ ਡਾਕਖਾਨਾ ਦਕੋਹਾ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੁਨੀਸ਼ ਉਰਫ ਮਨੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਰੀਸ਼ਾਦਾ ਦੇਵੀ ਪਤਨੀ ਬੂਟਾ ਰਾਮ ਵਾਸੀ ਮਕਾਨ ਨੰ. 149, ਫੋਲੜੀਵਾਲ, ਫੋਲੜੀਵਾਲਾ, ਜਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਵੀ ਅਤੇ ਉਸਦੀ ਪਤਨੀ ਪੂਜਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਤਰਲੋਕ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪਿੰਡ ਦੇ ਡਾਕਖਾਨਾ ਬਹਿਰਾਮ ਸਰਿਸ਼ਤਾ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਸੰਦੀਪ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਸ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ, ਕੇਵਲ ਕ੍ਰਿਸ਼ਨ ਪੁੱਤਰ ਪੂਰਨ ਚੰਦ ਵਾਸੀ ਹਾਊਸ ਨੰ. 4445, ਸਟਰੀਟ ਨੰ. 2, ਸਬਾਨਾ ਰੋਡ, ਤਾਜਪੁਰ, ਡਾਕਖਾਨਾ ਮੁੰਡੀਆਂ ਕਲਾਂ, ਲੁਧਿਆਣਾ। ਮੇਰੀ ਪੁੱਤਰੀ ਸੁਰੇਖਾ ਰਾਣੀ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## PUBLIC NOTICE

I, Sudesh Kumari W/o Darshan Kumar R/o Vill. Nabipur, Gurdaspur, Punjab-143521, India, declare that is known my name Sudesh Kumari and Sudesh is one and same Person.

I Salinder Kaur Wd/o Gurdev Singh R/o Vill. Harbanspur, Tehsil Phagwara, Distt. Kapurthala. My Husband died on 30.03.2018. Real name of my husband is Gurdev Singh S/o Puran Singh but in Revenue Record of Village Harbanspur is written as Ajaib Singh S/o Puran Singh which is wrong. Gurdev Singh and Ajaib Singh are one and the same person. All Concerned Please Note.

I Jagjit Singh Bhogal father of Noorpreet Kaur who has passed her 10th Class examination under ICSE Board during the session 2023-2024 from St. Mary's Convent School Bhogpur Jalandhar, Punjab. Her Unique ID is 8053141 and Index No. is 1246407/060. On my daughter Noorpreet Kaur's Pass certificate and Statement of Marks my name has been written as Jagjit Singh Bhogal. Now I have changed my name from Jagjit Singh Bhogal to Jagjit Singh.

I, Jagdish Mitter Arora S/o Ulfat Rai aged about 80 years r/o H.No.78, Gali No.2, Gokul Nagar, Majitha Road, Amritsar declare that I have one son Rajesh Arora and one daughter namely Neena Chhabra wife of Raman Chhabra. Both are out of my control. So I disinherit them from my moveable & immovable property. Anybody deals with them at their own risk or responsibility. All Concerned please note.

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. 433-ਸਿਗ- ਟੀ-21-25-26 ਮਿਤੀ: 17.07.2025
ਬੰਦ ਹੋਣ ਦੀ ਮਿਤੀ/ਸਮਾਂ: ਨੂੰ 18.08.2025 ਨੂੰ 15:00 ਵਜੇ ਮਿਤੀ 25.07.2025

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-21/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 18.08.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ.ਆਈ.ਟੀ

ਕੰਮ ਦਾ ਨਾਮ : (i) ਨਸਰਾਲਾ ਗੁਡਸ ਸ਼ੇਡ ਵਿਚ ਟੀਐਮਐਸ ਦੇ ਪ੍ਰਾਵਧਾਨ ਦੇ ਨਾਲ ਦੂਰਸੰਚਾਰ ਸਹੂਲਤਾਂ ਦਾ ਪ੍ਰਾਵਧਾਨ। (ii) ਅਦਾਨੀ ਸਾਈਡਿੰਗ, ਡਗਰੂ ਵਿਚ ਟੀਐਮਐਸ ਦੇ ਪ੍ਰਾਵਧਾਨ ਦੇ ਨਾਲ ਦੂਰਸੰਚਾਰ ਸਹੂਲਤਾਂ ਦਾ ਪ੍ਰਾਵਧਾਨ।

| | | | |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 18/08/2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 25/07/2025 12:58 |
| ਅੰਦਾਜ਼ਨ ਕੀਮਤ | (i) 862361.99 (ii) 1271307.52 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 04/08/2025 |
| ਬਿਆਨਾ ਰਾਸ਼ੀ (ਰੁ) | (i) 17300.00 (ii) 25400.00 | ਕੰਮ ਪੂਰਾ ਕਰਨ ਦਾ ਸਮਾਂ | (i) 3 ਮਹੀਨੇ (ii) 3 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | 2278/2025 |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਅਕਾਲੀ ਲੈਂਡ ਪੂਲਿੰਗ ਦਾ ਵਿਰੋਧ ਕਰ ਰਹੇ, ਜਿਸ ਦਾ ਮਾਸਟਰ ਪਲਾਨ ਉਹ ਖੁਦ ਬਣਾ ਕੇ ਗਏ ਸਨ : ਅਮਨ ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਗਈ ਲੈਂਡ ਪੂਲਿੰਗ ਪਾਲਿਸੀ 'ਤੇ ਵਿਰੋਧੀ ਪਾਰਟੀਆਂ ਵੱਲੋਂ ਕੀਤੀ ਜਾ ਰਹੀ ਬੇਬੁਨਿਆਦ ਅਤੇ ਝੂਠੀ ਬਿਆਨਬਾਜ਼ੀ 'ਤੇ ਨਿਸ਼ਾਨਾ ਸੇਧਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਅਤੇ 'ਆਪ' ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵੀਂ ਲੈਂਡ ਪੂਲਿੰਗ ਨੀਤੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਬਣਾਏ ਗਏ ਫਰੇਮਵਰਕ ਦੇ ਆਧਾਰ 'ਤੇ ਬਣਾਈ ਗਈ ਹੈ। ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਅਮਨ ਅਰੋੜਾ ਨੇ ਲੈਂਡ ਪੂਲਿੰਗ ਨੀਤੀ ਨੂੰ ਪੰਜਾਬ ਲਈ ਲਾਹੇਵੰਦ ਕਰਾਰ ਦਿੰਦਿਆਂ ਕਿਹਾ ਕਿ ਇਹ ਨੀਤੀ ਪਾਰਦਰਸ਼ਤਾ, ਨਿਰਪੱਖਤਾ ਉੱਤੇ ਅਧਾਰਿਤ ਹੈ। ਇਹ ਨੀਤੀ ਸੰਗਠਿਤ ਅਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਿਤ ਕਰੇਗੀ, ਇਸ ਤੋਂ ਇਲਾਵਾ ਜ਼ਮੀਨ ਮਾਲਕਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਨੂੰ ਲਾਭ ਪਹੁੰਚਾਏਗੀ। ਵਿਰੋਧੀ ਪਾਰਟੀਆਂ ਦੀ ਬੇਬੁਨਿਆਦ ਅਤੇ ਝੂਠੀ ਬਿਆਨਬਾਜ਼ੀ ਦਾ ਪਰਦਾਫਾਸ਼ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ



ਕਿ ਅਕਾਲੀ-ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਐਸ ਏ ਐਸ ਨਗਰ (ਮੁਹਾਲੀ), ਅੰਮ੍ਰਿਤਸਰ, ਤਰਨ ਤਾਰਨ ਅਤੇ ਹੁਸ਼ਿਆਰਪੁਰ ਸਮੇਤ ਕਈ ਸ਼ਹਿਰਾਂ ਵਿੱਚ ਮਾਸਟਰ ਪਲਾਨਾਂ ਬਾਰੇ ਨੋਟੀਫਿਕੇਸ਼ਨ ਜਾਰੀ ਕੀਤੇ ਸਨ। ਇਨ੍ਹਾਂ ਨੋਟੀਫਿਕੇਸ਼ਨਾਂ ਨੇ ਰਿਹਾਇਸ਼ੀ ਅਤੇ ਵਪਾਰਕ ਵਿਕਾਸ ਲਈ ਸੈਂਕੜੇ ਏਕੜ ਜ਼ਮੀਨ ਐਲਾਨ ਕੀਤੀ ਅਤੇ ਪ੍ਰਾਈਵੇਟ ਡਿਵੈਲਪਰਾਂ ਨੂੰ ਕਲੋਨੀਆਂ ਬਣਾਉਣ ਦੀ ਆਗਿਆ ਵੀ ਦਿੱਤੀ। ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰ ਵੱਲੋਂ ਡਿਫਾਲਟਰ ਬਿਲਡਰਾਂ ਦੀ ਕੀਤੀ ਪੁਸ਼ਤਪਨਾਹੀ ਕਾਰਨ ਪੰਜਾਬ ਵਿੱਚ ਲਗਭਗ 20,000 ਏਕੜ ਰਕਬੇ 'ਤੇ ਗੈਰ-ਕਾਨੂੰਨੀ ਕਲੋਨੀਆਂ ਉਸਰ ਗਈਆਂ ਹਨ, ਜਿੱਥੇ ਸੀਵਰੇਜ ਸਿਸਟਮ, ਸਟਰੀਟ ਲਾਈਟਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਅਣਹੋਂਦ ਕਾਰਨ ਖਰੀਦਦਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੁਹਾਲੀ ਖੇਤਰ ਵਿੱਚ ਵਿਕਾਸ ਹੋਇਆ ਹੈ। 2009 ਤੋਂ 2021 ਤੱਕ, ਕਾਂਗਰਸ ਅਤੇ ਅਕਾਲੀ -ਭਾਜਪਾ ਸਰਕਾਰਾਂ ਨੇ ਮੁਹਾਲੀ ਵਿੱਚ 3735 ਏਕੜ ਜ਼ਮੀਨ ਐਕਵਾਇਰ ਕੀਤੀ ਸੀ। ਨਵੀਂ ਨੀਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਦੇ ਹੋਏ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵੀਂ ਲੈਂਡ ਪੂਲਿੰਗ ਨੀਤੀ ਪਿਛਲੀਆਂ ਨੀਤੀਆਂ ਦੇ ਮੁਕਾਬਲੇ ਵਧੇਰੇ ਕਿਸਾਨ-ਪੱਖੀ ਅਤੇ ਲੋਕ-ਕੇਂਦ੍ਰਿਤ ਹੈ। ਕਿਸਾਨ ਆਪਣੀ ਜ਼ਮੀਨ ਖੁਦ ਡਿਵੈਲਪ ਕਰ ਸਕਦੇ ਹਨ ਜਾਂ ਸਰਕਾਰ ਜਾਂ ਪ੍ਰਾਈਵੇਟ ਡਿਵੈਲਪਰਾਂ ਨਾਲ ਭਾਈਵਾਲੀ ਕਰ ਸਕਦੇ ਹਨ, ਪਹਿਲੇ ਤਿੰਨ ਸਾਲਾਂ ਲਈ 50,000 ਰੁਪਏ ਮੁਆਵਜ਼ਾ ਅਤੇ ਜ਼ਮੀਨ ਗ੍ਰਹਿਣ ਤੋਂ ਬਾਅਦ 1 ਲੱਖ ਰੁਪਏ ਅਤੇ ਰਿਹਾਇਸ਼ੀ ਅਤੇ ਵਪਾਰਕ ਪਲਾਟਾਂ ਦੀ ਅਦਲਾ-ਬਦਲੀ ਦਾ ਵਿਕਲਪ ਵੀ ਨੀਤੀ ਵਿੱਚ ਉਪਲਬਧ ਹੈ।

# ਜਨਤਕ ਜਾਗਰੂਕਤਾ ਤੇ ਠੋਸ ਕਾਰਵਾਈ ਨਾਲ ਕਰਾਂਗੇ ਨਸ਼ੇ ਦਾ ਪੂਰੀ ਤਰ੍ਹਾਂ ਸਫ਼ਾਇਆ : ਮਲਿਕ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਨਸ਼ੇ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਦੀ ਫੈਸਲਾਕੁੰਨ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਜ਼ਿਲ੍ਹੇ ਵਿਚ ਹੋਰ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਪੁਲਸ ਅਤੇ ਨਸ਼ਾ ਮੁਕਤੀ ਮੋਰਚੇ ਦੇ ਅਧਿਕਾਰੀਆਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਕੀਤੀ, ਜਿਸ ਵਿਚ ਸਾਰੇ ਐਸ.ਪੀਜ਼ ਅਤੇ ਐਸ.ਐਚ.ਓਜ਼ ਦੇ ਨਾਲ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਸਤਵੰਤ ਸਿੰਘ ਸਿਆਣ ਅਤੇ ਸਾਰੇ ਵਿਧਾਨ ਸਭਾ ਕੋਆਰਡੀਨੇਟਰ ਮੌਜੂਦ ਸਨ।ਐਸ.ਐਸ.ਪੀ ਮਲਿਕ ਨੇ ਸਪੱਸ਼ਟ ਕੀਤਾ ਕਿ ਡੀ.ਜੀ.ਪੀ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿਚ ਨਸ਼ੇ ਦੇ ਖ਼ਾਤਮੇ ਲਈ ਜੰਗੀ ਪੱਧਰ 'ਤੇ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅਗਸਤ ਮਹੀਨੇ ਤੋਂ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿਚ 'ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ' ਦੁਆਰਾ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਲੋਕਾਂ ਦੀ ਭਾਗੀਦਾਰੀ ਨੂੰ ਵਧਾਇਆ ਜਾ ਸਕੇ।ਮੀਟਿੰਗ ਵਿਚ ਇਹ ਤੈਅ ਕੀਤਾ ਗਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਅਗਲੇ ਪੜਾਅ ਵਿਚ ਪੁਲਸ ਅਤੇ ਸਮਾਜਿਕ ਸੰਗਠਨਾਂ ਵਿਚਕਾਰ ਤਾਲਮੇਲ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਜ਼ਿਲ੍ਹੇ ਵਿਚ ਨਸ਼ਿਆਂ ਦੇ ਨੈੱਟਵਰਕ ਵਿਰੁੱਧ ਕਾਰਵਾਈ ਕਰਨ ਦੇ ਨਾਲ-ਨਾਲ ਜਨਤਾ ਨੂੰ ਜਾਗਰੂਕ ਕਰਨਾ ਤਰਜੀਹ ਰਹੇਗੀ। ਐਸ.ਐਸ.ਪੀ ਨੇ ਸਪੱਸ਼ਟ ਕੀਤਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਕਾਨੂੰਨ ਵਿਵਸਥਾ ਤੱਕ ਸੀਮਤ ਨਹੀਂ ਹੈ, ਸਗੋਂ ਇਸ ਦਾ ਉਦੇਸ਼ ਇਸ ਨੂੰ ਇਕ ਸਮਾਜਿਕ ਲਹਿਰ ਬਣਾ ਕੇ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨਾ ਹੈ।ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਸਤਵੰਤ ਸਿੰਘ ਸਿਆਣ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਇਹ ਮੁਹਿੰਮ ਸੂਬੇ ਨੂੰ ਨਸ਼ੇ ਦੀ ਬੁਰਾਈ ਤੋਂ ਮੁਕਤ ਕਰਨ ਵੱਲ ਇਕ ਮਜ਼ਬੂਤ ਕਦਮ ਹੈ।ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਕਈ ਵਿਸ਼ਿਆਂ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ ਜਿਸ ਵਿਚ ਪ੍ਰਸ਼ਾਸਕੀ ਸਹਿਯੋਗ, ਜਨਤਕ ਭਾਗੀਦਾਰੀ, ਇਲਾਜ ਕੇਂਦਰਾਂ ਦੀ ਭੂਮਿਕਾ ਅਤੇ ਸੂਚਨਾ ਨੈੱਟਵਰਕ ਨੂੰ ਮਜ਼ਬੂਤ ਬਣਾਉਣ ਵਰਗੇ ਪਹਿਲੂ ਸ਼ਾਮਿਲ ਸਨ। ਇਸ ਮੌਕੇ ਮੀਤ ਪ੍ਰਧਾਨ ਡਾ: ਮੁਕੇਸ਼ ਕੰਡਾ, ਵਿਧਾਨ ਸਭਾ ਹਲਕਾ ਕੋਆਰਡੀਨੇਟਰ ਬਲਜੀਤ ਸਿੰਘ ਚੱਬੇਵਾਲ, ਜਸਵੀਰ ਸਿੰਘ, ਬਲਵਿੰਦਰ ਢਿੱਲੋਂ, ਕੈਪਟਨ ਤਰਸੇਮ ਸਿੰਘ, ਕੰਚਨ ਦਿਓਲ, ਪਰਮਿੰਦਰ ਸਿੰਘ ਸੱਜਣਾਂ, ਗੁਰਪ੍ਰੀਤ ਸਿੰਘ, ਜਸਵੀਰ ਸਿੰਘ ਤੋਂ ਇਲਾਵਾ ਕਈ ਪੁਲਸ ਅਧਿਕਾਰੀ ਹਾਜ਼ਰ ਸਨ ।

# ਗੁਰਦੁਆਰਾ ਸਾਹਿਬ ਅੱਗਿਓਂ ਮੋਟਰਸਾਈਕਲ ਚੋਰੀ

**ਮਾਹਿਲਪੁਰ (ਸਫ਼ਰੀ)**- ਮਾਹਿਲਪੁਰ ਸ਼ਹਿਰ ਵਿਚ ਮਰਗ ਦੇ ਭੋਗ 'ਤੇ ਆਏ ਇੱਕ ਵਿਅਕਤੀ ਦਾ ਮੋਟਰਸਾਈਕਲ ਚੋਰੀ ਹੋ ਗਿਆ। ਪੀੜਤ ਨੇ ਥਾਣਾ ਮਾਹਿਲਪੁਰ ਵਿੱਚ ਰਿਪੋਰਟ ਦਰਜ ਕਾਰਵਾਈ। ਮੌਕੇ 'ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਅਮਰੀਕ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਭਾਰਟਾ ਖੁਰਦ ਥਾਣਾ ਰਾਹੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਦਸਤੀ ਦਰਖਾਸਤ ਵਿਚ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਮੈਂ ਮਾਹਿਲਪੁਰ ਵਿੱਚ ਆਪਣੀ ਇੱਕ ਰਿਸ਼ਤੇਦਾਰੀ ਵਿੱਚ ਮਰਗ ਦੇ ਭੋਗ 'ਤੇ ਆਇਆ ਹੋਇਆ ਸੀ ਤਾਂ ਮੈਂ ਆਪਣਾ ਸਪਲੈਂਡਰ ਪ੍ਰੋ ਮੋਟਰਸਾਈਕਲ ਨੰਬਰ ਪੀਬੀ 32 ਕੇ 6518 ਰੰਗ ਕਾਲਾ, ਮਾਹਿਲਪੁਰ ਵਿਖੇ ਬਾਬਾ ਮਸਤ ਰਾਮ ਦੇ ਗੁਰਦੁਆਰੇ ਦੇ ਮੂਹਰੇ ਸਮਾਂ ਖੜ੍ਹਾ ਕੀਤਾ ਸੀ। ਜਦੋਂ ਮੈਂ ਵਾਪਸ ਆਇਆ ਤਾਂ ਦੇਖਿਆ ਕਿ ਮੇਰਾ ਮੋਟਰਸਾਈਕਲ ਕਿਸੇ ਨਾ ਮਾਲੂਮ ਵਿਅਕਤੀ ਨੇ ਚੋਰੀ ਕਰ ਲਿਆ । ਮੈਂ ਇਸ ਨੂੰ ਆਲੇ ਦੁਆਲੇ ਬਹੁਤ ਲੱਭਣ ਦੀ ਕੋਸ਼ਿਸ਼ ਕੀਤੀ ਪਰ ਕਿਤੇ ਵੀ ਨਹੀਂ ਮਿਲਿਆ। ਉਹਨਾਂ ਕਿਹਾ ਕਿ ਮੈਂ ਥਾਣਾ ਮਾਹਿਲਪੁਰ ਵਿੱਚ ਦਰਖਾਸਤ ਦਰਜ ਕਰਵਾ ਦਿੱਤੀ ਹੈ।



## ਸਬ-ਇੰਸਪੈਕਟਰ ਗੁਰਸ਼ਰਨ ਸਿੰਘ ਨੇ ਸੰਭਾਲਿਆ ਲੋਹੀਆਂ ਖਾਸ ਥਾਣਾ ਮੁਖੀ ਦਾ ਚਾਰਜ

**ਲੋਹੀਆਂ ਖਾਸ (ਯੋਗੇਸ਼ਵਰ)**- ਸਬ ਇੰਸਪੈਕਟਰ ਲਾਭ ਸਿੰਘ ਦਾ ਤਬਾਦਲਾ ਹੋਣ ਤੋਂ ਬਾਅਦ ਜਲੰਧਰ ਕ੍ਰਾਈਮ ਬ੍ਰਾਂਚ ਤੋਂ ਆਏ ਨਵ-ਨਿਯੁਕਤ ਥਾਣਾ ਮੁਖੀ ਸਬ-ਇੰਸਪੈਕਟਰ ਗੁਰਸ਼ਰਨ ਸਿੰਘ ਨੇ ਥਾਣਾ ਲੋਹੀਆਂ ਖਾਸ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਚਾਰਜ ਸੰਭਾਲਣ ਤੋਂ ਬਾਅਦ ਨਵੇਂ ਆਏ ਥਾਣਾ ਮੁਖੀ ਸਬ-ਇੰਸਪੈਕਟਰ ਗੁਰਸ਼ਰਨ ਸਿੰਘ ਨੇ ਆਪਣੇ ਥਾਣੇ ਦੇ ਮੁਲਾਜ਼ਮਾਂ ਨਾਲ ਮੁਲਾਕਾਤ ਕੀਤੀ ਅਤੇ ਥਾਣੇ ਦੇ ਮੁਲਾਜ਼ਮਾਂ ਵੱਲੋਂ ਉਨ੍ਹਾਂ ਨੂੰ ਵਧਾਈ ਵੀ ਦਿੱਤੀ ਗਈ। ਇਸ ਮੌਕੇ ਸਬ-ਇੰਸਪੈਕਟਰ ਗੁਰਸ਼ਰਨ ਸਿੰਘ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ਼ਰਾਰਤੀ ਅਨਸਰਾਂ ਅਤੇ ਨਸ਼ਾ ਤਸਕਰਾਂ ਨੂੰ ਸਖ਼ਤ ਤਾੜਨਾ ਦਿੰਦੇ ਹੋਏ ਕਿਹਾ ਕਿ ਜੇ ਕਿਸੇ ਨੇ ਵੀ ਇਲਾਕੇ ਦਾ ਮਾਹੌਲ ਖਰਾਬ ਕੀਤਾ ਜਾਂ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਤਾਂ ਉਸ ਉੱਪਰ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਸਬ-ਇੰਸਪੈਕਟਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਥਾਣੇ ਦੇ ਅੰਦਰ ਆਉਣ ਵਾਲੇ ਹਰ ਵਿਅਕਤੀ ਦਾ ਪੂਰਾ ਮਾਣ-ਸਤਿਕਾਰ ਕੀਤਾ ਜਾਵੇਗਾ। ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਸੁਣਿਆ ਜਾਵੇਗਾ ਅਤੇ ਬਜ਼ਾਰ ਦੇ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਕੰਟਰੋਲ ਕੀਤਾ ਜਾਵੇਗਾ।



## ਪਿਪਸ ਸਕੂਲ 'ਚ ਨਸ਼ਿਆਂ ਵਿਰੁੱਧ ਨਾਟਕਾਂ ਦੀ ਪੇਸ਼ਕਾਰੀ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਵਿਖੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਬ ਡਵੀਜ਼ਨ ਪੱਧਰ 'ਤੇ ਸਕੂਲੀ ਨਾਟਕਾਂ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਐਸ ਡੀ ਐਮ ਅਮਰੀਕ ਸਿੰਘ ਸਿੱਧੂ ਨੇ ਕੀਤੀ । ਜੱਜਾਂ ਦੀ ਭੂਮਿਕਾ ਬਲਾਕ ਸਿੱਖਿਆ ਅਫ਼ਸਰ ਦਵਿੰਦਰ ਸਿੰਘ ਬੇਦੀ, ਅਧਿਆਪਕ ਰਾਜਿੰਦਰ ਸਿੰਘ ਰੱਬੀ, ਪ੍ਰਿੰਸੀਪਲ ਜਗਤਾਰ ਸਿੰਘ ਅਤੇ ਤੇਜਿੰਦਰ ਸਿੰਘ ਆਦਿ ਨੇ ਕੀਤੀ। ਨਾਟਕਾਂ ਵਿੱਚ ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ, ਦੂਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ, ਤੀਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਜਪੁਰ , ਚੌਥਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੰਗਰਾਲੀ, ਪੰਜਵਾਂ ਸਥਾਨ ਸੰਤ ਬਾਬਾ ਪਿਆਰਾ ਸਿੰਘ ਸਕੂਲ ਚਮਕੌਰ ਸਾਹਿਬ ਅਤੇ ਛੇਵਾਂ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਲਾ ਨੇ ਪ੍ਰਾਪਤ ਕੀਤਾ। ਉਕਤ ਜੇਤੂ ਵਿਦਿਅਰਥੀਆਂ ਨੂੰ ਸਕੂਲ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ, ਡਾਇਰੈਕਟਰ ਸ਼ਿੰਦਰਪਾਲ ਕੌਰ ਅਟਵਾਲ ਅਤੇ ਮੈਨੇਜਰ ਪ੍ਰੀਤਪਾਲ ਕੌਰ ਅਟਵਾਲ ਨੇ ਸਨਮਾਨਤ ਕੀਤਾ। ਇਸ ਮੌਕੇ ਪ੍ਰਸ਼ੋਤਮ ਸਿੰਘ, ਸੁਰਿੰਦਰ ਕੁਮਾਰ ਘਈ, ਪ੍ਰਿੰਸੀਪਲ ਸੁਰਜੀਤ ਸਿੰਘ, ਸੁਨੀਤਾ ਰਾਣੀ, ਕਰਮਜੀਤ ਕੌਰ, ਗਿਰਧਾਰੀ ਲਾਲ, ਜਸਬੀਰ ਸਿੰਘ ਸ਼ਾਂਤਪੁਰੀ, ਹਰਪ੍ਰੀਤ ਸਿੰਘ ਅਤੇ ਸੰਜੇ ਕੁਮਾਰ ਆਦਿ ਹਾਜ਼ਰ ਸਨ।



# ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਵੱਲੋਂ 'ਪ੍ਰਤਿਭਾ ਮੰਚ' ਟੈਲੰਟ ਹੰਟ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਦੀ ਕਲਚਰਲ ਕਮੇਟੀ ਵੱਲੋਂ 'ਪ੍ਰਤਿਭਾ ਮੰਚ' ਟੈਲੰਟ ਹੰਟ-2025 ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਸਮਾਗਮ ਦਾ ਉਦੇਸ਼ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਹਾਰਦਿਕ ਸਵਾਗਤ ਕਰਨਾ ਅਤੇ ਉਨ੍ਹਾਂ ਦੀਆਂ ਅੰਦਰੂਨੀ ਪ੍ਰਤਿਭਾਵਾਂ ਨੂੰ ਉਜਾਗਰ ਕਰਨ ਲਈ ਇੱਕ ਰੰਗੀਨ ਅਤੇ ਜੀਵੰਤ ਮੰਚ ਪ੍ਰਦਾਨ ਕਰਨਾ ਸੀ।ਇਸ ਮੌਕੇ ਵਿਦਿਆਰਥੀਆਂ ਨੇ ਆਰਟ ਐਂਡ ਕ੍ਰਾਫਟ, ਲਿਖਤਕਾਰੀ ਅਤੇ ਰੋਮਾਂਚਕ ਗਤਿਵਿਧੀਆਂ ਵਰਗੀਆਂ ਸ਼੍ਰੇਣੀਆਂ ਅਧੀਨ ਆਪਣੇ ਹੁਨਰ ਦਾ ਦਰਸ਼ਨ ਕਰਵਾਇਆ। ਵਿਦਿਆਰਥੀਆਂ ਨੇ ਬੇਹੱਦ ਉਤਸ਼ਾਹ ਅਤੇ ਰਚਨਾਤਮਕਤਾ ਨਾਲ ਭਰਪੂਰ ਪ੍ਰਦਰਸ਼ਨ ਕਰਕੇ ਸਭ ਦਾ ਮਨ ਮੋਹ ਲਿਆ। ਸਮਾਗਮ ਵਿੱਚ ਸ੍ਰੀ ਮਹਿਮਾਨ ਵਜੋਂ ਡਾ. ਗਗਨਦੀਪ ਕੌਰ ਧੰਜੂ (ਡਾਇਰੈਕਟਰ ਅਕੈਡਮਿਕਸ) ਅਤੇ ਸ੍ਰੀ ਰਾਹੁਲ ਜੈਨ (ਡਾਇਰੈਕਟਰ ਓਪਰੇਸ਼ਨਜ਼) ਨੇ ਹਾਜ਼ਰੀ ਭਰੀ ਅਤੇ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ। ਮੁਕਾਬਲਿਆਂ ਵਿੱਚ ਜਸਦੀਪ (MLS–ਪਹਿਲਾ ਸੈਮ) ਨੇ ਕਵਿਤਾ ਪਾਠ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਇਸ਼ਨੂਰ ਸਿੰਘ (B.Com –ਪਹਿਲਾ ਸੈਮ) ਨੇ ਸਟੋਰੀਟੈਲਿੰਗ ਰਾਹੀਂ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਫਾਸਟੈਸਟ ਫਿੰਗਰ ਫਸਟ ਵਿੱਚ ਵਿਸ਼ਾਲ (MBA–ਪਹਿਲਾ ਸੈਮ) ਪਹਿਲੇ, ਗੁਲਸ਼ਨ ਪਾਲ (B.Voc HCM–ਪਹਿਲਾ ਸੈਮ) ਦੂਜੇ ਅਤੇ ਮਨਜੋਤ ਸਿੰਘ (B.Voc HCM–ਪਹਿਲਾ ਸੈਮ) ਤੀਜੇ ਸਥਾਨ 'ਤੇ ਰਹੇ। ਸਕੈਵੈਂਜਰ ਹੰਟ ਵਿੱਚ 171 (ਪਹਿਲਾ ਸੈਮ) ਦੇ ਹਰਨੂਰ ਸਿੰਘ, ਗੁਰਸ਼ਰਨ ਸਿੰਘ, ਗੁਰਕੀਰਤ ਸਿੰਘ, ਐਂਜਲੀਪ ਤੇ ਆਕਾਸ਼ ਸ਼ਰਮਾ ਦੀ ਟੀਮ ਨੇ ਜਿੱਤ ਦਰਜ ਕੀਤੀ।ਮੇਹੰਦੀ ਮੁਕਾਬਲੇ 'ਚ ਕਿਰਨਦੀਪ ਕੌਰ (BHMCT) ਨੇ, ਤੇ ਨੇਲ ਆਰਟ ਵਿੱਚ ਅਮਨਜੋਤ ਕੌਰ (BCA - ਪਹਿਲਾ ਸੈਮ) ਨੇ ਆਪਣਾ ਅਦੁੱਤੀਅ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਕੋਲਾਜ ਮੇਕਿੰਗ 'ਚ ਗੁਰਸਿਮਰਨ (B.Com–ਪਹਿਲਾ ਸੈਮ) ਨੇ ਜਿੱਤ ਦਰਜ ਕੀਤੀ। ਕੋਕਿੰਗ ਵਿਦਆਉਟ ਫਾਇਰ ਕੈਟੇਗਰੀ 'ਚ ਰੂਬੀ ਅਤੇ ਮਨਮੀਤ (BHMCT) ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ,ਜਦਕਿ ਮਾਈਕ੍ਰੋਬਾਇਲੋਜੀ ਤੋਂ ਸਾਹਜਪ੍ਰੀਤ ਕੌਰ ਨੇ ਡੇਅਰ ਟੂ ਡਿਸਕਵਰ ਗਤਿਵਿਧੀ ਵਿੱਚ ਜਿੱਤ ਹਾਸਿਲ ਕੀਤੀ।ਸਿੰਗਿੰਗ (ਸੋਲੋ) ਵਿੱਚ (BBA – ਪਹਿਲਾ ਸੈਮ) ਪਹਿਲੇ, ਕਰਨ ਗਿੱਲ (B.Voc WT & MM) ਦੂਜੇ ਅਤੇ ਸਵੀਤਾ (B.Voc WT & MM) ਤੀਜੇ ਸਥਾਨ 'ਤੇ ਰਹੇ। ਸੋਲੋ ਡਾਂਸ ਵਿੱਚ ਜਸਪ੍ਰੀਤ (MBA–ਪਹਿਲਾ ਸੈਮ) ਨੇ ਆਪਣੀ ਪ੍ਰਤਿਭਾ ਨਾਲ ਸਭ ਦਾ ਮਨ ਮੋਹ ਲਿਆ। ਡਿਊਇਟ ਡਾਂਸ ਵਿੱਚ ਸਵੀਤਾ ਅਤੇ ਸੰਧਿਆ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਗਰੁੱਪ ਡਾਂਸ (ਗਿੱਧਾ) 'ਚ ਜਸਦੀਪ ਅਤੇ ਉਸ ਦੀ ਟੀਮ ਨੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਕੇ ਸਭ ਦੀ ਵਾਹਵਾਹੀ ਲੁੱਟੀ।ਇਹ ਸਮਾਗਮ ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਲਈ ਇੱਕ ਸੱਭਿਆਚਾਰਕ ਰੰਗਾਂ ਨਾਲ ਭਰਪੂਰ ਅਤੇ ਉਤਸ਼ਾਹਕਤਮਕ ਅਨੁਭਵ ਰਿਹਾ, ਜਿਸ ਨੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ਾਨਦਾਰ ਸ਼ੁਰੂਆਤ ਨੂੰ ਦਰਸਾਇਆ।



# ਪੰਜਾਬ ਸਰਕਾਰ ਦੀ ਇਜ਼ੀ ਰਜਿਸਟਰੀ ਬਣੀ ਪ੍ਰੇਸ਼ਾਨੀ ਦਾ ਕਾਰਨ

**ਜ਼ੀਰਕਪੁਰ (ਗਰਗ)**- ਪੰਜਾਬ ਸਰਕਾਰ ਵੱਲੋਂ ਰਜਿਸਟਰੇਸ਼ਨ ਦੇ ਕੰਮਾਂ ਲਈ ਸ਼ੁਰੂ ਕੀਤੀ ਗਈ ਇਜ਼ੀ ਰਜਿਸਟਰੀ ਲੋਕਾਂ ਲਈ ਭਾਰੀ ਔਖ ਪੈਦਾ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਇਹ ਪੋਰਟਲ ਇਜ਼ੀ ਦੀ ਬਜਾਏ ਬਿਜ਼ੀ ਪੋਰਟਲ ਬਣਦਾ ਜਾ ਰਿਹਾ ਹੈ। ਬੇਸ਼ੱਕ ਪੰਜਾਬ ਸਰਕਾਰ ਨੇ ਕੁਰੱਪਸ਼ਨ ਖਤਮ ਕਰਨ ਲਈ ਇਹ ਨਵਾਂ ਸਿਸਟਮ ਸ਼ੁਰੂ ਕੀਤਾ ਹੈ ਪ੍ਰੰਤੂ ਲੋਕਾਂ ਲਈ ਪ੍ਰੇਸ਼ਾਨੀ ਪੈਦਾ ਹੋ ਗਈ ਹੈ। ਇਸ ਨਵੇਂ ਇਜ਼ੀ ਰਜਿਸਟਰੇਸ਼ਨ ਕਾਰਨ ਲੋਕਾਂ ਨੂੰ ਰਜਿਸਟਰੇਸ਼ਨ ਲਈ ਕਈ ਕਈ ਦਿਨ ਇੰਤਜ਼ਾਰ ਕਰਨਾ ਪੈਂਦਾ ਹੈ। ਪੂਰੇ ਪੰਜਾਬ ਵਿਚ ਇਹ ਸਿਸਟਮ ਲਾਗੂ ਹੋਣ ਕਾਰਨ ਸਾਰਾ ਸਾਰਾ ਦਿਨ ਸਿਸਟਮ ਜਾਂ ਤਾਂ ਪੂਰੀ ਤਰ੍ਹਾਂ ਖੜ੍ਹ ਜਾਂਦਾ ਹੈ ਜਾਂ ਇਸ ਦੀ ਰਫ਼ਤਾਰ ਬਿਲਕੁਲ ਧੀਮੀ ਹੋ ਜਾਂਦੀ ਹੈ। ਜਿਸ ਕਰਕੇ ਪਹਿਲਾਂ ਜਿਹੜੀ ਇਕ ਰਜਿਸਟਰੀ ਮਹਿਜ਼ 5 ਮਿੰਟ ਵਿਚ ਹੋ ਜਾਂਦੀ ਸੀ, ਉਹ ਹੁਣ 15 ਤੋਂ 20 ਮਿੰਟ ਤੱਕ ਹੁੰਦੀ ਹੈ। ਜੇਕਰ ਕਿਸੇ ਵੀ ਵਿਅਕਤੀ ਨੇ ਆਪਣੀ ਕੋਈ ਵਸੀਅਤ, ਵਸੀਕਾ ਬੈ-ਨਾਮਾ ਰਹਿਣਨਾਮਾ, ਕਿਰਾਇਆਨਾਮਾ, ਮੁਖਤਿਆਰਨਾਮਾ, ਗੋਦਨਾਮਾ,ਪਟਨਾਮਾ, ਤਬਦੀਲਨਾਮਾ ਆਦਿ ਕਰਵਾਉਣਾ ਹੋਵੇ ਤਾਂ ਪਹਿਲਾਂ ਉਸ ਲਈ ਸਾਰੇ ਲੋੜੀਂਦੇ ਕਾਗਜ਼ ਅਪਲੋਡ ਕਰਕੇ ਰਜਿਸਟਰਾਰ ਦਫ਼ਤਰ ਨੂੰ ਭੇਜਣੇ ਪੈਂਦੇ ਹਨ ਜਿਸ ਤੋਂ ਬਾਅਦ 48 ਘੰਟਿਆਂ ਤੱਕ ਸਬ ਰਜਿਸਟਰਾਰ ਨੇ ਅਪਰੂਵ ਕਰਨਾ ਹੁੰਦਾ ਹੈ, ਉਸ ਤੋਂ ਬਾਅਦ ਜੇਕਰ ਅਪਰੂਵਲ ਮਿਲ ਜਾਂਦੀ ਹੈ ਤਾਂ ਫਿਰ ਰਜਿਸਟਰੀ ਵਸੀਕਾ ਬੈ-ਨਾਮਾ ਰਹਿਣਨਾਮਾ, ਕਿਰਾਇਆਨਾਮਾ, ਮੁਖਤਿਆਰਨਾਮਾ, ਗੋਦਨਾਮਾ, ਪਟਨਾਮਾ, ਤਬਦੀਲਨਾਮਾ ਆਦਿ ਕਿਤੇ ਜਾ ਕੇ ਸਿਰੇ ਚੜ੍ਹਦੇ ਹਨ। ਜਦਕਿ ਬਹੁਤ ਸਾਰੇ ਕੰਮਾਂ ਲਈ ਅਪਰੂਵਲ ਦੀ ਬਿਲਕੁਲ ਵੀ ਲੋੜ ਨਹੀਂ ਹੈ। ਵਸੀਅਤ ਇਕ ਅਜਿਹਾ ਦਸਤਾਵੇਜ਼ ਹੈ ਜੋ ਵਿਅਕਤੀ ਕਈ ਵਾਰ ਆਪਣੇ ਆਖਰੀ ਸਮੇਂ ਵਿੱਚ ਕਰਵਾਉਂਦਾ ਹੈ। ਪ੍ਰੰਤੂ ਜੇਕਰ ਉਸ ਨੂੰ 48 ਘੰਟੇ ਸਿਰਫ ਅਪਰੂਵਲ ਲਈ ਹੀ ਉਡੀਕ ਕਰਨੀ ਪਵੇ ਤਾਂ ਫਿਰ ਉਸ ਦੀ ਵਸੀਅਤ ਰੱਬ ਆਸਰੇ ਹੀ ਹੈ। ਆਮ ਲੋਕਾਂ ਦੀ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਰਜਿਸਟਰੇਸ਼ਨ ਦੇ ਕੰਮ 'ਤੇ ਲਾਗੂ ਕੀਤੇ ਗਏ ਪ੍ਰੀ-ਅਪਰੂਵਲ ਫੈਸਲੇ 'ਤੇ ਸਰਕਾਰ ਮੁੜ ਗੌਰ ਕਰੇ।

## ਲੰਮੇ ਨਿਵੇਸ਼ ਨਾਲ ਮੰਜ਼ਲ ਦੀ ਪ੍ਰਾਪਤੀ 'ਚ ਮਿਲਦੀ ਹੈ ਸਹੂਲਤ : ਸੱਚਦੇਵਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿੰਦਗੀ ਵਿੱਚ ਅੱਗੇ ਵਧਣ ਲਈ ਜਿਵੇਂ ਲਗਾਤਾਰਤਾ 'ਚ ਮਿਹਨਤ ਕਰਨੀ ਜ਼ਰੂਰੀ ਹੈ ਉਸੇ ਤਰ੍ਹਾਂ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਲੰਬੇ ਸਮੇਂ ਦੇ ਨਿਵੇਸ਼ ਨੂੰ ਹੀ ਪਹਿਲ ਦੇਣੀ ਚਾਹੀਦੀ ਹੈ, ਇਹ ਪ੍ਰਗਟਾਵਾ ਜੀ ਐੱਨ ਏ ਯੂਨੀਵਰਸਿਟੀ 'ਚ ਕਰਵਾਏ ਗਏ ਇੱਕ ਜਾਗਰੂਕਤਾ ਸੈਮੀਨਾਰ ਨੂੰ ਸੰਬੋਧਨ ਕਰਦਿਆ ਸਚਦੇਵਾ ਸਟਾਕਸ ਦੇ ਐੱਮ ਡੀ ਪਰਮਜੀਤ ਸਿੰਘ ਸੱਚਦੇਵਾ ਵੱਲੋਂ ਕੀਤਾ ਗਿਆ। ਇਸ ਮੌਕੇ ਡਾ. ਹੇਮੰਤ ਸ਼ਰਮਾ ਵਾਈਸ ਚਾਂਸਲਰ ਜੀ ਐੱਨ ਏ ਯੂਨੀਵਰਸਿਟੀ, ਡਾ. ਮੋਨਿਕਾ ਹੰਸਪਾਲ ਰਜਿਸਟਰਾਰ ਜੀ ਐੱਨ ਏ ਯੁਨੀਵਰਸਿਟੀ, ਡਾ. ਸਮੀਰ ਵਰਮਾ ਡੀਨ ਜੀ ਐੱਨ ਏ ਯੂਨੀਵਰਸਿਟੀ, ਗੁਰਮੀਤ ਸਿੰਘ ਪਬਲਿਕ ਰਿਲੇਸ਼ਨ ਅਫਸਰ, ਅਮਨਦੀਪ ਕੌਰ ਰਿਲੇਸ਼ਨਸ਼ਿਪ ਮੈਨੇਜਰ ਸੱਚਦੇਵਾ ਸਟਾਕਸ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਜ਼ਿੰਦਗੀ 'ਚ ਕੋਈ ਵੀ ਸ਼ਾਰਟਕੱਟ ਤਹਾਨੂੰ ਮੰਜ਼ਲ ਤੱਕ ਨਹੀਂ ਪਹੁੰਚਾ ਸਕਦਾ ਇਸ ਲਈ ਆਪਣੀ ਮੰਜ਼ਲ ਨੂੰ ਪ੍ਰਾਪਤ ਕਰਨ ਲਈ ਮਿਹਨਤ ਕਰੋ ਅਤੇ ਫਿਰ ਹੌਲੀ-ਹੌਲੀ ਅੱਗੇ ਵੱਧਦੇ ਰਹੋ।



# ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਜ਼ੋਨਲ ਟੂਰਨਾਮੈਂਟ (2025-2026) ਬਾਸਕਿਟਬਾਲ ਅੰਡਰ 19 ਵਿੱਚ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਪਹਿਲਾ ਮੈਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਲੜੋਆ ਅਤੇ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਵਿਚਕਾਰ ਹੋਇਆ। ਜਿਸ ਵਿੱਚ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ 2- 24 ਸਕੋਰ ਦੇ ਫਰਕ ਨਾਲ ਲੜੋਆ ਸਕੂਲ ਤੋਂ ਮੈਚ ਜਿੱਤਿਆ। ਦੂਸਰਾ ਫਾਈਨਲ ਮੈਚ ਸੇਂਟ ਸੋਲਜ਼ਰ ਡਿਵਾਈਨ ਸਕੂਲ ਭੋਗਪੁਰ ਅਤੇ ਗੁਰੂ ਨਾਨਕ ਮਿਸ਼ਨ ਸਕੂਲ ਡੱਲਾ ਵਿਚਕਾਰ ਹੋਇਆ। ਜਿਸ ਵਿੱਚ 22-44 ਸਕੋਰ ਦੇ ਫਰਕ ਨਾਲ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ ਨੇ ਜਿੱਤ ਹਾਸਲ ਕਰਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ। ਮੈਚ ਦੌਰਾਨ ਸਾਰੇ ਖਿਡਾਰੀਆਂ (ਤਨਵੀਰ ਸਿੰਘ, ਸਚਿਨ, ਅਰੁਸ਼ ਕੁਮਾਰ, ਪ੍ਰਭਜੋਤ ਸਿੰਘ ਸੰਧਰ,ਜੋਬਨਪ੍ਰੀਤ ਸਿੰਘ, ਖੁਸ਼ਪ੍ਰੀਤ ਸਿੰਘ, ਦਲਜੀਤ ਸਿੰਘ, ਰਨਵੀਰ ਸਿੰਘ, ਹਰਸਹਿਜ ਸਿੰਘ, ਤਨਵੀਰ ਸਿੰਘ ਸੈਣੀ, ਸਹਿਜਪ੍ਰੀਤ ਸਿੰਘ, ਕ੍ਰਿਸ਼ਨਾ ਅਰੋੜਾ) ਵੱਲੋਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਪ੍ਰਿੰਸੀਪਲ ਅਮਰੀਕ ਸਿੰਘ ਨੇ ਇਸ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ ਤੇ ਭਵਿੱਖ ਵਿੱਚ ਵੀ ਅਜਿਹਾ ਪ੍ਰਦਰਸ਼ਨ ਕਰਨ ਦੀ ਪ੍ਰੇਰਨਾ ਦਿੱਤੀ।

# ਸੀ ਟੀ ਗਰੁੱਪ 'ਚ ਦਾ ਫੈਕਲਟੀ ਡਿਵੈਲੱਪਮੈਂਟ ਪ੍ਰੋਗਰਾਮ ਸਫਲਤਾਪੂਰਵਕ ਖਤਮ

**ਜਲੰਧਰ (ਸ਼ੈਲੀ ਐਲਬਰਟ)**- ਸੀ.ਟੀ. ਗਰੁੱਪ ਆਫ ਇੰਸਟੀਚਿਊਸ਼ਨਜ਼, ਨਾਰਥ ਕੈਂਪਸ, ਮਕਸੂਦਾਂ ਨੇ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਕੰਪਿਊਟਰ ਸੋਸਾਇਟੀ ਆਫ ਇੰਡੀਆ ਦੇ ਸਹਿਯੋਗ ਨਾਲ ਇੱਕ ਹਫਤੇ ਦਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸਫਲਤਾਪੂਰਵਕ ਪੂਰਾ ਕੀਤਾ, ਜਿਸ ਦਾ ਸਿਰਲੇਖ ਸੀ "ਡੇਟਾ ਅਲਕੈਮੀ: ਪਾਇਥਨ ਅਤੇ ਟੂਲਜ਼ ਨਾਲ ਵਿਜ਼ੂਅਲਾਈਜ਼ੇਸ਼ਨ ਅਤੇ ਫੈਸਲਾ ਲੈਣ ਦੀ ਮਾਹਿਰੀ ਹਾਸਲ ਕਰਨਾ।" ਇਸ ਵਿੱਚ ਭਾਰਤ ਭਰ ਦੇ 100 ਤੋਂ ਵੱਧ ਫੈਕਲਟੀ ਮੈਂਬਰਾਂ, ਖੋਜ ਵਿਦਵਾਨਾਂ ਅਤੇ ਪੇਸ਼ੇਵਰਾਂ ਨੇ ਔਨਲਾਇਨ ਅਤੇ ਔਫਲਾਇਨ ਮੋਡ ਵਿੱਚ ਹਿੱਸਾ ਲਿਆ। ਇਸ ਦਾ ਟੀਚਾ ਸਿੱਖਿਆ ਅਤੇ ਖੋਜ ਵਿੱਚ ਡੇਟਾ-ਅਧਾਰਿਤ ਫੈਸਲੇ ਲੈਣ ਲਈ ਪਾਇਥਨ, ਪਾਵਰ ਅਤੇ ਮਸ਼ੀਨ ਲਰਨਿੰਗ ਵਿੱਚ ਪ੍ਰਤੀਭਾਗੀਆਂ ਦੇ ਹੁਨਰ ਨੂੰ ਵਧਾਉਣਾ ਸੀ। ਉਦਘਾਟਨੀ ਸੈਸ਼ਨ ਵਿੱਚ ਸੀ.ਟੀ. ਯੂਨੀਵਰਸਿਟੀ ਦੇ ਚਾਂਸਲਰ ਅਤੇ ਸੀ.ਟੀ. ਗਰੁੱਪ ਦੇ ਚੇਅਰਮੈਨ ਐਸ. ਚਰਨਜੀਤ ਸਿੰਘ ਚੰਨੀ, ਐਗਜ਼ੀਕਿਊਟਿਵ ਡਾਇਰੈਕਟਰ, ਸੀ.ਟੀ. ਗਰੁੱਪ ਅਤੇ ਵਾਈਸ ਚਾਂਸਲਰ, ਸੀ.ਟੀ. ਯੂਨੀਵਰਸਿਟੀ ਡਾ. ਨਿਤਿਨ ਟੰਡਨ ਅਤੇ ਕੈਂਪਸ ਡਾਇਰੈਕਟਰ ਡਾ. ਅਨੁਰਾਗ ਸ਼ਰਮਾ ਮੌਜੂਦ ਸਨ। ਸੈਸ਼ਨਾਂ ਦੀ ਅਗਵਾਈ ਡਾ. ਉਰਵਸ਼ੀ ਨਾਗ, ਡਿਜੀਟਲ ਫੋਰੈਂਸਿਕ ਐਨਾਲਿਸਟ (ਚੰਡੀਗੜ੍ਹ ਪੁਲਿਸ) ਨੇ ਕੀਤੀ, ਜਿਨ੍ਹਾਂ ਨੇ ਅਸਲ-ਦੁਨੀਆ ਦੇ ਡੇਟਾਸੈੱਟਾਂ ਦੀ ਵਰਤੋਂ ਕਰਕੇ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ। ਮੁੱਖ ਵਿਸ਼ਿਆਂ ਵਿੱਚ ਪਾਇਥਨ ਬੇਸਿਕਸ, ਪਾਂਡਾ ਅਤੇ ਨੰਪਾਈ ਦੀ ਵਰਤੋਂ ਨਾਲ , ਪਾਵਰ ਡੈਸ਼ਬੋਰਡ ਅਤੇ ਕਲਾਸੀਫਿਕੇਸ਼ਨ ਤੇ ਕਲਸਟਰਿੰਗ ਵਰਗੇ ਮਸ਼ੀਨ ਲਰਨਿੰਗ ਮਾਡਲ ਸ਼ਾਮਲ ਸਨ। ਸਮਾਪਤੀ ਸੈਸ਼ਨ 'ਚ ਡਾ. ਅਨੁਰਾਗ ਸ਼ਰਮਾ ਨੇ ਪ੍ਰਤੀਭਾਗੀਆਂ ਦੇ ਜੋਸ਼ ਦੀ ਸ਼ਲਾਘਾ ਕੀਤੀ। ਸਰਟੀਫਿਕੇਟ ਵੰਡੇ ਗਏ ਅਤੇ ਸਰੋਤ ਵਿਅਕਤੀ ਨੂੰ ਸਨਮਾਨਿਤ ਕੀਤਾ ਗਿਆ। ਡੀਨ ਅਕਾਦਮਿਕਸ ਡਾ. ਰਮਨਦੀਪ ਗੌਤਮ ਨੇ ਧੰਨਵਾਦ ਪ੍ਰਸਤਾਵ ਦਿੱਤਾ।



## ਸਕੂਲ ਦੀ 16 ਮੈਂਬਰੀ ਪ੍ਰਬੰਧਕ ਕਮੇਟੀ ਦਾ ਗਠਨ



**ਫਿਲੌਰ (ਨਿਰਮਲ)**- ਸਰਕਾਰੀ ਕੰਨਿਆ ਸੀਨੀਅਰ ਸਕੈਂਡਰੀ ਸਕੂਲ ਦੀ ਨਵੀਂ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ।ਸਕੂਲ ਦੀ ਪ੍ਰਿੰਸੀਪਲ ਸੁਸ਼ੀਲ ਕੁਮਾਰੀ ਦੀਆਂ ਅਗਵਾਈ ਹੇਠ 16 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚੋਂ 12 ਮੈਂਬਰ ਬੱਚੀਆਂ ਦੇ ਮਾਪੇ ਸ਼ਾਮਲ ਹਨ। ਬੀਬੀ ਸੁਖਵਿੰਦਰ ਕੌਰ ਨੂੰ ਚੇਅਰਮੈਨ, ਕਸ਼ਮੀਰ ਕੌਰ ਵਾਈਸ ਚੇਅਰਮੈਨ ਅਤੇ ਬਾਕੀ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਬੀਬੀ ਰਾਜਵਿੰਦਰ ਅਤੇ ਬੀਬੀ ਰਜਨੀ ਗਾਬਾ ਪੂਨਮ ਨਯਰ ਐਸਐਸ ਸਿਸਟਰੈਸ ਨੂੰ ਅਧਿਆਪਕਾਂ ਮੈਂਬਰ ਨਿਯੁਕਤ ਕੀਤਾ ਗਿਆ ਹੈ।ਪ੍ਰਿੰਸੀਪਲ ਸਕੂਲ ਮੈਡਮ ਸੁਸ਼ੀਲ ਕੁਮਾਰੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

## ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸ਼ਾਰਟਹੈਂਡ ਜਮਾਤਾਂ ਲਈ ਦਾਖਲਾ ਸ਼ੁਰੂ

**ਐੱਸ .ਏ.ਐੱਸ ਨਗਰ (ਗਰਗ)**- ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਮਾਂ-ਬੋਲੀ ਲਈ ਸਾਹਿਤਕ ਸਰਗਰਮੀਆਂ ਦੇ ਨਾਲ਼-ਨਾਲ਼ ਪੰਜਾਬੀ ਸ਼ਾਰਟਹੈਂਡ ਦੀਆਂ ਜਮਾਤਾਂ ਵੀ ਜ਼ਿਲ੍ਹਾ ਸਦਰ ਮੁਕਾਮਾਂ 'ਤੇ ਚਲਾਈਆਂ ਜਾਂਦੀਆਂ ਹਨ। ਪੰਜਾਬੀ ਸ਼ਾਰਟਹੈਂਡ ਸਿੱਖਣ ਦੇ ਚਾਹਵਾਨ ਯੋਗ ਉਮੀਦਵਾਰ ਸ਼ਾਰਟਹੈਂਡ ਜਮਾਤਾਂ (ਮੁਢਲੀ ਸਿਖਲਾਈ ਅਤੇ ਤੇਜ਼ ਗਤੀ) ਵਿਚ ਦਾਖਲਾ ਲੈ ਸਕਦੇ ਹਨ। ਇਨ੍ਹਾਂ ਜਮਾਤਾਂ ਵਿਚ ਸੈਸ਼ਨ 2025-26 ਲਈ ਨਵਾਂ ਦਾਖਲਾ ਆਰੰਭ ਹੋਣ ਜਾ ਰਿਹਾ ਹੈ। ਇਸ ਸਬੰਧੀ ਡਾ. ਦਰਸ਼ਨ ਕੌਰ, ਖੋਜ ਅਫ਼ਸਰ, ਭਾਸ਼ਾ ਵਿਭਾਗ, ਪੰਜਾਬ ਨੇ ਦੱਸਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸੈਸ਼ਨ 2025-26 ਲਈ ਪੰਜਾਬੀ ਸ਼ਾਰਟਹੈਂਡ ਜਮਾਤਾਂ (ਮੁਢਲੀ ਸਿਖਲਾਈ ਅਤੇ ਤੇਜ਼ ਗਤੀ) ਲਈ ਫ਼ਾਰਮ ਭਰਨ ਦੀ ਅੰਤਿਮ ਮਿਤੀ 20 ਅਗਸਤ 2025 ਰੱਖੀ ਗਈ ਹੈ। ਇਨ੍ਹਾਂ ਜਮਾਤਾਂ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਰੱਖੀ ਗਈ ਹੈ।ਪੰਜਾਬੀ ਸ਼ਾਰਟਹੈਂਡ ਤੇਜ਼ ਗਤੀ ਜਮਾਤ ਲਈ 80 ਸ਼ਬਦ ਪ੍ਰਤੀ ਮਿੰਟ ਦੀ ਰਫ਼ਤਾਰ ਨਾਲ 22 ਅਗਸਤ ਨੂੰ ਸਵੇਰੇ 10.00 ਵਜੇ ਟੈਸਟ ਲਿਆ ਜਾਵੇਗਾ। ਮੁਢਲੀ ਸਿਖਲਾਈ ਜਮਾਤ ਲਈ ਯੋਗ ਅਤੇ ਤੇਜ਼ ਗਤੀ ਟੈਸਟ ਵਿੱਚੋਂ ਪਾਸ ਉਮੀਦਵਾਰਾਂ ਦੀ ਇੰਟਰਵਿਊ 27 ਅਗਸਤ ਨੂੰ ਸਵੇਰੇ 10:00 ਵਜੇ ਲਈ ਜਾਵੇਗੀ। ਇਸ ਦਿਨ ਉਮੀਦਵਾਰ ਸਹੀ ਸਮੇਂ 'ਤੇ ਆਪਣੇ ਅਸਲ ਸਰਟੀਫਿਕੇਟ ਲੈ ਕੇ ਇੰਟਰਵਿਊ ਲਈ ਹਾਜ਼ਰ ਹੋਣਗੇ। ਹੋਰ ਵਧੇਰੇ ਜਾਣਕਾਰੀ ਲਈ ਉਮੀਦਵਾਰ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰਬਰ 518 (ਏ), ਮੰਜ਼ਿਲ ਚੌਥੀ, ਸੈਕਟਰ 76, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਜਾਂ ਮੋਬਾਇਲ ਨੰਬਰ 94633-87365 'ਤੇ ਸੰਪਰਕ ਕਰ ਸਕਦੇ ਹਨ।

## ਪੁਲਸ ਕਮਿਸ਼ਨਰ ਵੱਲੋਂ ਪ੍ਰੀਗੈਬਾਲਿਨ ਕੈਪਸੂਲ ਦੀ ਵਿਕਰੀ 'ਤੇ ਪਾਬੰਦੀ ਦੇ ਹੁਕਮ



**ਜਲੰਧਰ (ਸ਼ੈਲੀ ਐਲਬਰਟ)**- ਪੁਲਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੁਲਸ ਕਮਿਸ਼ਨਰੇਟ ਜਲੰਧਰ ਦੀ ਹੱਦ ਅੰਦਰ ਆਉਂਦੇ ਇਲਾਕੇ ਵਿੱਚ ਪ੍ਰੀਗੈਬਾਲਿਨ ਕੈਪਸੂਲ ਬਿਨਾਂ ਲਾਇਸੈਂਸ ਰੱਖਣ, ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਰੱਖਣ/ਵੇਚਣ, ਬਿਨਾਂ ਬਿੱਲ ਅਤੇ ਰਿਕਾਰਡ ਦੇ ਖਰੀਦਣ/ਵੇਚਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 26 ਜੁਲਾਈ ਤੋਂ 25 ਸਤੰਬਰ 2025 ਤੱਕ ਲਾਗੂ ਰਹੇਗਾ।

## ਜੀ.ਆਰ.ਡੀ ਨਰਸਿੰਗ ਕਾਲਜ ਵਿਖੇ ਸਰਬੱਤ ਦੇ ਭਲੇ ਲਈ ਸਮਾਗਮ ਕਰਵਾਇਆ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**- ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਵਾਇਆ ਗਿਆ। ਸੰਸਥਾ ਦੇ ਚੇਅਰਪਰਸਨ ਪਰਦੀਪ ਕੌਰ ਅਤੇ ਐੱਮ.ਡੀ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ, ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋ ਤੇ ਪ੍ਰਿੰਸੀਪਲ ਰੇਨੂ ਬਾਲਾ ਦੀ ਦੇਖ-ਰੇਖ ਹੇਠ ਕਰਵਾਏ ਗਏ। ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਅਤੇ ਜੀ ਆਰ ਡੀ ਸਕੂਲ ਟਾਂਡਾ ਦੇ ਵਿਦਿਆਰਥੀ ਵੱਲੋਂ ਸੰਗਤੀ ਰੂਪ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਤੇ ਸੰਤ ਬਾਬਾ ਜਰਨੈਲ ਸਿੰਘ ਜੀ ਮੋਹਣ ਮਾਜਰਾ ਚੰਡੀਗੜ੍ਹ ਵਾਲਿਆਂ ਨੇ ਸਮੁੱਚੇ ਵਿਦਿਕ ਅਦਾਰੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਗੁਰੂ ਚਰਨਾਂ 'ਚ ਕੀਤੀ। ਇਸ ਮੌਕੇ ਸੰਤ ਬਾਬਾ ਜਰਨੈਲ ਸਿੰਘ ਜੀ ਨੇ ਸਮੂਹ ਸੰਗਤ ਨੂੰ ਪ੍ਰਵਚਨਾਂ ਦੁਆਰਾ ਨਿਹਾਲ ਕਰਦੇ ਹੋਏ ਕਿ ਸਾਨੂੰ ਆਪਣੀ ਜ਼ਿੰਦਗੀ ਦੇ ਹੋਰਨਾਂ ਕਾਰਜਾਂ ਦੇ ਨਾਲ ਨਾਲ ਸੇਵਾ ਤੇ ਸਿਮਰਨ ਵੱਲ ਵੀ ਵਿਸ਼ੇਸ਼ ਧਿਆਨ ਦਿੰਦੇ ਹੋਏ ਆਪਣਾ ਸਮਾਂ ਕੱਢਣਾ ਚਾਹੀਦਾ ਹੈ। ਇਸ ਮੌਕੇ ਭਾਈ ਸੁਖਜਿੰਦਰ ਸਿੰਘ ਨੰਗਲ ਖੂੰਗਾ ਵਾਲਿਆਂ ਦੇ ਰਾਗੀ ਜੱਥੇ ਨੇ ਸਰਬੱਤ ਸੰਗਤ ਨੂੰ ਮਨੋਹਰ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ।ਇਸ ਮੌਕੇ ਮੈਨੇਜਰ ਸਰਬਜੀਤ ਸਿੰਘ ਮੋਮੀ ਨੇ ਸਰਬੱਤ ਸੰਗਤ ਤੇ ਪਹੁੰਚੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕਰਦੇ ਹੋਏ ਚੱਲ ਰਹੇ ਵਿਦਿਅਕ ਅਦਾਰਿਆਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਡਾਕਟਰ ਤਵਲੀਨ ਕੌਰ, ਅਮਨਦੀਪ ਸਿੰਘ ਸਾਹੀ ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ, ਦਲਜਿੰਦਰ ਕੌਰ, ਲਵਲੀ ਸੈਣੀ, ਗੁਰਲੀਨ ਕੌਰ, ਹਰਲੀਨ ਕੌਰ, ਮਨਦੀਪ ਕੌਰ,ਅਮਨਦੀਪ ਕੌਰ ਤੋ ਇਲਾਵਾ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।



# ਏਡੀਜ਼ ਮੱਛਰ ਦੇ ਕੱਟਣ ਨਾਲ ਫੈਲਦੀ ਹੈ ਡੇਂਗੂ ਦੀ ਬਿਮਾਰੀ : ਡਾ. ਸਤਵਿੰਦਰਪਾਲ ਸਿੰਘ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਹਤ ਵਿਭਾਗ ਜ਼ਿਲ੍ਹੇ ਅੰਦਰ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਡੇਂਗੂ ਦੇ ਪ੍ਰਸਾਰ ਨੂੰ ਰੋਕਣ ਲਈ ਪੂਰੀ ਤਰ੍ਹਾਂ ਨਾਲ ਚੌਕਸ ਹੈ।ਇਸੇ ਕੜੀ ਤਹਿਤ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਨਵਾਂਸ਼ਹਿਰ ਵਿੱਚ ਧਾਰਮਿਕ ਸਥਾਨਾਂ 'ਚ ਡੇਂਗੂ ਦੇ ਪ੍ਰਸਾਰ ਨੂੰ ਰੋਕਣ ਲਈ ਚਲਾਈ ਜਾ ਰਹੀ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਦਾ ਨਿਰੀਖਣ ਕੀਤਾ। ਡਾ. ਸਤਵਿੰਦਰਪਾਲ ਸਿੰਘ ਨੇ ਖੁਦ ਆਪਣੀ ਸਮੁੱਚੀ ਸਿਹਤ ਟੀਮ ਸਮੇਤ ਨਵਾਂਸ਼ਹਿਰ ਦੇ ਧਾਰਮਿਕ ਸਥਾਨਾਂ ਵਿੱਚ ਜਾ ਕੇ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਬ੍ਰੀਡਿੰਗ ਰੋਕਣ ਲਈ ਲਾਰਵਾ ਚੈੱਕ ਕੀਤਾ।ਉਨ੍ਹਾਂ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੰਤਵ ਇਸ ਭਿਆਨਕ ਬਿਮਾਰੀ ਦੇ ਫੈਲਾਅ ਨੂੰ ਰੋਕ ਕੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣਾ ਹੈ।ਇਸ ਮੌਕੇ ਡਾ. ਸਤਵਿੰਦਰਪਾਲ ਸਿੰਘ ਨੇ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਡੇਂਗੂ ਇਕ ਵਾਇਰਲ ਬਿਮਾਰੀ ਹੈ ਜੋ ਕਿ ਏਡੀਜ ਮੱਛਰ ਦੇ ਕੱਟਣ ਨਾਲ ਫੈਲਦੀ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਇਹ ਰੁਕੇ ਹੋਏ ਸਾਫ ਪਾਣੀ ਵਿੱਚ ਹੀ ਪੈਦਾ ਹੁੰਦਾ ਹੈ।ਉਨ੍ਹਾਂ ਨੇ ਕਰਮਚਾਰੀਆਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਮੱਛਰਾਂ, ਜੋ ਸਿਰਫ ਇੱਕ ਹਫ਼ਤੇ ਵਿੱਚ ਅੰਡੇ ਤੋਂ ਵਿਕਸਿਤ ਹੋ ਸਕਦੇ ਹਨ, ਦੇ ਪ੍ਰਜਨਨ ਚੱਕਰ ਨੂੰ ਤੋੜਨ ਦੀ ਲੋੜ 'ਤੇ ਜੋਰ ਦਿੱਤਾ ਜਾਵੇ। ਇਸ ਲਈ ਉਹ ਆਪਣੇ ਘਰਾਂ, ਫਰਿੱਜਾਂ ਦੀਆਂ ਟਰੇਆਂ, ਕੂਲਰਾਂ, ਕੰਟੇਨਰਾਂ, ਗਮਲਿਆਂ, ਛੱਤਾਂ 'ਤੇ ਪਏ ਕਬਾੜ ਆਦਿ ਸਮੇਤ ਪਾਣੀ ਖੜ੍ਹਾ ਹੋਣ ਦੀ ਸੰਭਾਵਨਾ ਵਾਲੀਆਂ ਸਾਰੀਆਂ ਸੰਭਾਵਿਤ ਥਾਵਾਂ ਨੂੰ ਹਰੇਕ ਹਫਤੇ ਸਾਫ਼ ਕਰਕੇ ਸੁਕਾਉਣ।ਉਨ੍ਹਾਂ ਨੇ ਨਾਰੀਅਲ ਦੇ ਖਾਲੀ ਖੋਲਾਂ, ਸਿੰਗਲ ਯੂਜ਼ ਡਿਸਪੋਜੇਬਲ ਕੱਪ, ਗਲਾਸ ਤੇ ਪਲੇਟਾਂ ਨੂੰ ਸਹੀ ਢੰਗ ਨਾਲ ਨਸ਼ਟ ਕਰਨ ਸਬੰਧੀ ਵੀ ਕਿਹਾ, ਕਿਉਂਕਿ ਅਜਿਹੇ ਸਿੰਗਲ ਯੂਜ਼ ਡਿਸਪੋਜੇਬਲ ਕੱਪ, ਗਲਾਸ ਤੇ ਪਲੇਟਾਂ ਵਿੱਚ ਪਾਣੀ ਦੀ ਇੱਕ ਬੂੰਦ ਲੋਕਾਂ ਦੀ ਸਿਹਤ ਸੁਰੱਖਿਆ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ।ਉਨ੍ਹਾਂ ਨੇ ਕਿਹਾ ਕਿ ਜਾਗਰੂਕਤਾ ਹੀ ਇਸ ਬਿਮਾਰੀ ਉਤੇ ਕਾਬੂ ਪਾਉਣ ਦੀ ਕੁੰਜੀ ਹੈ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਡੇਂਗੂ ਵਿਰੁੱਧ ਮੁਹਿੰਮ ਵਿੱਚ ਸਿਹਤ ਵਿਭਾਗ ਦਾ ਸਾਥ ਦੇਣ।



# ਸਰਵਾਈਕਲ ਕੈਂਸਰ ਦੇ ਸਮੇਂ ਸਿਰ ਇਲਾਜ ਲਈ ਜਾਗਰੂਕਤਾ ਜ਼ਰੂਰੀ : ਸਿਵਲ ਸਰਜਨ

**ਜਲੰਧਰ (ਸ਼ੈਲੀ ਐਲਬਰਟ)**- ਸਿਹਤ ਵਿਭਾਗ ਜਲੰਧਰ ਅਤੇ ਫੁਲਕਾਰੀ ਆਲ ਵੂਮੈਨ ਆਰਗਨਾਈਜੇਸ਼ਨ ਦੇ ਸਾਂਝੇ ਯਤਨਾਂ ਸਦਕਾ ਵੀਰਵਾਰ ਨੂੰ ਸਿਵਲ ਹਸਪਤਾਲ ਜਲੰਧਰ ਦੇ ਜੱਚਾ-ਬੱਚਾ ਸਿਹਤ ਕੇਂਦਰ ਵਿਖੇ ਸਰਵਾਈਕਲ ਕੈਂਸਰ ਸਕਰੀਨਿੰਗ ਕੈਂਪ ਆਯੋਜਿਤ ਕੀਤਾ ਗਿਆ। ਸਿਵਲ ਸਰਜਨ ਡਾ. ਗੁਰਮੀਤ ਲਾਲ ਨੇ ਕੈਂਪ ਦੀ ਰਸਮੀ ਸ਼ੁਰੂਆਤ ਕਰਦਿਆਂ ਕਿਹਾ ਕਿ ਸਰਵਾਈਕਲ ਕੈਂਸਰ ਇੱਕ ਅਜਿਹਾ ਰੋਗ ਹੈ ਜੋ ਮਾਹਿਰ ਡਾਕਟਰ ਦੀ ਸਲਾਹ ਅਤੇ ਸਮੇਂ ਸਿਰ ਸਕਰੀਨਿੰਗ ਰਾਂਹੀ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ। ਇਸ ਮੌਕੇ ਡਾ.ਰਮਨ ਗੁਪਤਾ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਡਾ. ਵਰਿੰਦਰ ਕੌਰ ਥਿੰਦ ਐੱਸ. ਐੱਮ.ਓ.(ਗਾਇਨੀ), ਡਾ. ਸਤਿੰਦਰ ਬਜਾਜ ਐਸ.ਐੱਮ.ਓ., ਡਾ.ਪ੍ਰਿਅੰਕਾ, ਡਾ. ਸਵਾਤੀ, ਡਾ. ਪ੍ਰਭਸ਼ਰਨ ਕੌਰ, ਡਿਪਟੀ.ਐੱਮ. ਈ.ਆਈ.ਓ. ਅਸੀਮ ਸ਼ਰਮਾ ਵੀ ਮੌਜੂਦ ਸਨ। ਸਿਵਲ ਸਰਜਨ ਡਾ. ਗਰਮੀਤ ਲਾਲ ਨੇ ਸਵੈ-ਸੇਵੀ ਸੰਸਥਾ ਫੁਲਕਾਰੀ ਦੇ ਸਕਰੀਨਿੰਗ ਕੈਂਪ ਆਯੋਜਨ ਕਰਨ ਦੇ ਇਸ ਉਪਰਾਲੇ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਭਵਿੱਖ ਦੀਆਂ ਪੀੜ੍ਹੀਆਂ ਨੂੰ ਇਲਾਜਯੋਗ ਕੈਂਸਰ ਤੋਂ ਬਚਾਉਣ ਦੀ ਦਿਸ਼ਾ ਵਿੱਚ ਵਧਾਇਆ ਗਿਆ ਇਹ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿੰਦਿਆ ਕਿਹਾ ਕਿ ਸਰਵਾਈਕਲ ਕੈਂਸਰ 100 ਪ੍ਰਤੀਸ਼ਤ ਇਲਾਜਯੋਗ ਹੈ ਅਤੇ ਸਮੇਂ ਸਿਰ ਜਾਂਚ ਅਤੇ ਐੱਚ.ਪੀ.ਵੀ. ਟੀਕਾਕਰਨ ਰਾਹੀਂ ਇਸ ਤੋਂ ਬਚਾਅ ਸੰਭਵ ਹੈ। ਸਿਵਲ ਸਰਜਨ ਨੇ ਫੁਲਕਾਰੀ ਸੰਗਠਨ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਵਿਲੇਜ ਹੈਲਥ, ਸੈਨੀਟੇਸ਼ਨ ਐਂਡ ਨਿਊਟ੍ਰਿਸ਼ਨ (ਵੀ.ਐੱਚ.ਐੱਸ.ਐੱਨ.ਸੀ.) ਕਮੇਟੀਆਂ ਨਾਲ ਤਾਲਮੇਲ ਕਰਕੇ ਜ਼ਿਲ੍ਹੇ ਦੇ ਪਿੰਡਾਂ ਤੱਕ ਵੀ ਇਹ ਜਾਗਰੁਕਤਾ ਫੈਲਾਈ ਜਾ ਸਕਦੀ ਹੈ ਅਤੇ ਅਜਿਹੇ ਕੈਂਪ ਲਗਾਉਣਾ ਲੋਕਾਂ ਲਈ ਲਾਭਕਾਰੀ ਸਿੱਧ ਹੋਣਗੇ।ਸਿਵਲ ਸਰਜਨ ਵੱਲੋਂ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਸਕਰੀਨਿੰਗ ਕੈਂਪ ਦੌਰਾਨ ਕੁਲ 21 ਔਰਤਾਂ ਦੀ ਸਕਰੀਨਿੰਗ ਕੀਤੀ ਗਈ, ਜਿਸ ਦੌਰਾਨ ਪੈਪ-ਸਮੀਅਰ ਟੈਸਟ ਰਾਹੀਂ ਸਰਵਾਈਕਲ ਕੈਂਸਰ ਦੀ ਮੁੱਢਲੀ ਪਛਾਣ ਲਈ ਜਾਂਚ ਕੀਤੀ ਗਈ। ਜੱਚਾ-ਬੱਚਾ ਸਿਹਤ ਕੇਂਦਰ ਦੇ ਐੱਸ.ਐੱਮ.ਓ. ਡਾ. ਵਰਿੰਦਰ ਕੋਰ ਥਿੰਦ ਨੇ ਸਰਵਾਈਕਲ ਕੈਂਸਰ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਰਵਾਈਕਲ ਕੈਂਸਰ ਔਰਤਾਂ ਦੇ ਬੱਚੇਦਾਨੀ ਦੇ ਮੂੰਹ (ਸਰਵਿਕਸ) ਵਿੱਚ ਹੋਣ ਵਾਲਾ ਇੱਕ ਗੰਭੀਰ ਰੋਗ ਹੈ, ਜੋ ਆਮ ਤੌਰ 'ਤੇ ਹਿਊਮਨ ਪੈਪੀਲੋਮਾ ਵਾਇਰਸ (ਐੱਚ.ਪੀ.ਵੀ.) ਦੇ ਕਾਰਨ ਹੁੰਦਾ ਹੈ। ਸਮੇਂ-ਸਿਰ ਪੈਪ ਟੈਸਟ ਜਾਂ ਐੱਚ.ਪੀ.ਵੀ. ਟੈਸਟ ਕਰਵਾ ਕੇ ਇਸ ਦੀ ਪਛਾਣ ਤੇ ਇਲਾਜ ਸੰਭਵ ਹੈ ਫੁਲਕਾਰੀ ਆਲ ਵੂਮੈਨ ਆਰਗਨਾਈਜੇਸ਼ਨ ਦੇ ਪ੍ਰਧਾਨ ਅਦਵੈਤਾ ਤਿਵਾੜੀ, ਹਰਸੀਰਤ ਹੈਨਰੀ ਅਤੇ ਮੈਡਮ ਮਨਿੰਦਰ ਨੇ ਵੀ ਸਰਵਾਈਕਲ ਕੈਂਸਰ ਬਾਰੇ ਮਹਿਲਾਵਾਂ ਨੂੰ ਜਾਣਕਾਰੀ ਦਿੱਤੀ ਅਤੇ ਸਕਰੀਨਿੰਗ ਲਈ ਉਤਸ਼ਾਹਿਤ ਕੀਤਾ ਗਿਆ।



# 'ਆਪ' ਆਗੂਆਂ ਵੱਲੋਂ ਨਸ਼ਿਆਂ ਖਿਲਾਫ ਕੈਂਪਾਂ ਦੇ ਨਾਂਅ 'ਤੇ ਕੀਤਾ ਜਾ ਰਿਹਾ ਸਿਆਸੀ ਡਰਾਮਾ : ਧਾਲੀਵਾਲ

**ਫਗਵਾੜਾ (ਡਾ. ਰਮਨ)**- ਆਮ ਆਦਮੀ ਪਾਰਟੀ ਦੇ ਸਥਾਨਕ ਆਗੂਆਂ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੇ ਨਾਮ 'ਤੇ ਲਗਾਏ ਜਾ ਰਹੇ ਵਾਰਡ ਪੱਧਰੀ ਕੈਂਪਾਂ ਨੂੰ ਸਿਰਫ਼ ਸਿਆਸੀ ਡਰਾਮਾ ਦੱਸਦਿਆਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਇੱਥੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਇਸ ਕਲਾਕਾਰੀ ਦੇ ਮਾਹਿਰ ਖਿਡਾਰੀ ਹਨ। ਹੁਣ ਸਥਾਨਕ 'ਆਪ' ਆਗੂ ਵੀ ਆਪਣੇ ਆਕਾਵਾਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਇਹ ਸਾਰਾ ਡਰਾਮਾ ਕਰ ਰਹੇ ਹਨ। ਹਰੇਕ ਵਾਰਡ ਵਿੱਚ ਲਗਾਏ ਗਏ ਕੈਂਪਾਂ ਵਿੱਚ ਇਲਾਕੇ ਦੇ ਸਿਰਫ਼ ਦਸ-ਬਾਰਾਂ ਲੋਕ ਹੁੰਦੇ ਹਨ, ਜਦਕਿ ਬਾਕੀ ਪੱਚੀ ਉਹੀ ਲੋਕ ਨਿਗਮ ਤੋਂ ਬੁਲਾ ਕੇ ਹਰੇਕ ਵਾਰਡ ਵਿੱਚ ਬਿਠਾ ਲਏ ਜਾਂਦੇ ਹਨ। ਇੰਨਾ ਹੀ ਨਹੀਂ, 'ਆਪ' ਆਗੂਆਂ ਨਾਲ ਦਿਖਾਈ ਦੇਣ ਵਾਲੇ ਲੋਕਾਂ ਵਿੱਚ ਕਈ ਅਜਿਹੇ ਚਿਹਰੇ ਵੀ ਸ਼ਾਮਲ ਹਨ ਜਿਨ੍ਹਾਂ 'ਤੇ ਨਸ਼ੇ ਕਰਨ ਜਾਂ ਇਸ ਕਾਰੋਬਾਰ ਵਿੱਚ ਸ਼ਾਮਲ ਹੋਣ ਦੇ ਦੋਸ਼ ਲੱਗਦੇ ਰਹੇ ਹਨ। ਵਿਧਾਇਕ ਧਾਲੀਵਾਲ ਨੇ ਕਿਹਾ ਕਿ 'ਆਪ' ਆਗੂ ਨਸ਼ਿਆਂ ਦੀ ਰੋਕਥਾਮ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹਨ। ਉਨ੍ਹਾਂ ਦਾ ਉਦੇਸ਼ ਫੋਟੋਆਂ ਖਿੱਚਵਾ ਕੇ ਮੀਡੀਆ ਦੀਆਂ ਸੁਰਖੀਆਂ ਪ੍ਰਾਪਤ ਕਰਨ ਤੱਕ ਸੀਮਿਤ ਹੈ। ਜੇਕਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਡਰੱਗ ਮਾਫੀਆ ਪ੍ਰਤੀ ਗੰਭੀਰ ਹੁੰਦੀ, ਤਾਂ ਕੀ ਤਿੰਨ ਸਾਲ ਸੱਤਾ ਦਾ ਆਨੰਦ ਮਾਣਨ ਦੇ ਬਾਵਜੂਦ ਪੰਜਾਬ ਵਿੱਚ ਨਸ਼ਿਆਂ ਦਾ ਦਰਿਆ ਇਸੇ ਤਰ੍ਹਾਂ ਵਗਦਾ ਰਹਿੰਦਾ ? ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ਅੱਜ ਵੀ ਪੂਰੇ ਪੰਜਾਬ ਵਿੱਚ ਪਾਬੰਦੀਸ਼ੁਦਾ ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ ਅਤੇ ਨਸ਼ੇ ਦੇ ਆਦੀ ਨੌਜਵਾਨ ਚੋਰੀਆਂ, ਡਕੈਤੀਆਂ, ਲੁੱਟ-ਖਸੁੱਟ ਕਰਕੇ ਆਪਣਾ ਨਸ਼ਾ ਪੂਰਾ ਕਰ ਰਹੇ ਹਨ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਹੁਣ ਤਾਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਨਾਮ ਦੀ ਵੀ ਕੋਈ ਚੀਜ਼ ਨਹੀਂ ਬਚੀ ਹੈ। ਲੋਕ ਇਸ ਸਰਕਾਰ ਦੇ ਕੰਮਕਾਜ ਤੋਂ ਇੰਨੇ ਗੁੱਸੇ ਵਿੱਚ ਹਨ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ।

# ਲਾਹੌਰੀ ਰਾਮ ਬਾਲੀ ਦਾ 95ਵਾਂ ਜਨਮ ਦਿਨ ਸ਼ਰਧਾਪੂਰਵਕ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਪ੍ਰਸਿੱਧ ਅੰਬੇਡਕਰੀ ਲਾਹੌਰੀ ਰਾਮ ਬਾਲੀ ਦਾ 95ਵਾਂ ਜਨਮ ਦਿਨ ਅੰਬੇਡਕਰ ਭਵਨ ਦੇ ਰਮਾਬਾਈ ਅੰਬੇਡਕਰ ਯਾਦਗਾਰ ਹਾਲ 'ਚ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ ।ਲਾਹੌਰੀ ਰਾਮ ਬਾਲੀ, ਸੰਪਾਦਕ ਭੀਮ ਪਤ੍ਰਿਕਾ ਅਤੇ ਸੰਸਥਾਪਕ ਅੰਬੇਡਕਰ ਭਵਨ ਟਰਸਟ, ਜਲੰਧਰ ਦੇ ਸੰਘਰਸ਼ ਦੀ ਗੱਲ ਕਰਦਿਆਂ ਅੰਬੇਡਕਰ ਭਵਨ ਟਰਸਟ ਦੇ ਚੇਅਰਮੈਨ ਸੋਹਨ ਲਾਲ ਰਿ. ਡੀ ਪੀ ਆਈ (ਕਾਲਜਾਂ) ਨੇ ਕਿਹਾ ਕਿ ਸਮਾਜ ਨੂੰ ਸ੍ਰੀ ਲਾਹੌਰੀ ਰਾਮ ਬਾਲੀ ਵੱਲੋਂ ਦਿੱਤੇ ਅੰਬੇਡਕਰੀ ਸਾਹਿਤ ਨੂੰ ਪੜ੍ਹਨ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਬਾਬਾ ਸਾਹਿਬ ਦੇ ਮਿਸ਼ਨ ਬਾਰੇ ਜਾਣਕਾਰੀ ਹਾਸਲ ਕਰ ਸਕਣ। ਉਨ੍ਹਾਂ ਤੋਂ ਬਾਅਦ ਉੱਘੇ ਅੰਬੇਡਕਰੀ ਡਾ. ਜੀ. ਸੀ. ਕੌਲ ਨੇ ਕਿਹਾ ਕਿ ਡਾ. ਅੰਬੇਡਕਰ ਦੀ ਆਵਾਜ਼ ਨੂੰ ਲੋਕ ਲਹਿਰ ਬਣਾਉਣ 'ਚ ਲਾਹੌਰੀ ਰਾਮ ਬਾਲੀ ਦਾ ਅਹਿਮ ਯੋਗਦਾਨ ਰਿਹਾ।ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਕਿਹਾ ਕਿ ਬਾਲੀ ਸਾਹਿਬ ਅਕਸਰ ਕਿਹਾ ਕਰਦੇ ਸਨ ਕਿ ਅੰਬੇਡਕਰ ਮਿਸ਼ਨ ਦਾ ਰਾਹ ਤਿਆਗ ਮੰਗਦਾ ਹੈ। ਡਾ. ਅਜੀਤ ਸਿੰਘ ਚਾਹਲ ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਨੇ ਕਿਹਾ ਕਿ ਐਲ.ਆਰ. ਬਾਲੀ ਨੇ ਸਮਤਾ ਸੈਨਿਕ ਦਲ ਨੂੰ ਪੁਨਰ ਸੁਰਜੀਤ ਕਰਕੇ ਬਹੁਤ ਵੱਡਾ ਮਾਅਰਕਾ ਮਾਰਿਆ । ਸ੍ਰੀ ਲਾਹੌਰੀ ਰਾਮ ਬਾਲੀ ਦੇ ਜਨਮ ਦਿਨ ਤੇ ਵਧਾਈ ਦਿੰਦਿਆਂ ਪ੍ਰੋਫੈਸਰ ਬਲਬੀਰ, ਪਰਮਜੀਤ ਸਿੰਘ ਪ੍ਰਧਾਨ ਤਰਕਸ਼ੀਲ ਸੁਸਾਇਟੀ ਪੰਜਾਬ, ਹਰਮੇਸ਼ ਜਸਲ, ਸੂਰਜ ਵਿਰਦੀ, ਸੰਨੀ ਥਾਪਰ, ਰਾਮਨਾਥ , ਸੁਭਾਸ਼ ਮੁਸਾਫ਼ਿਰ, ਸੂਰਜ ਵਿਰਦੀ ਅਤੇ ਜਸਵਿੰਦਰ ਵਰਿਆਣਾ ਨੇ ਵੀ ਬਾਲੀ ਸਾਹਿਬ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੇ ਅੰਤ ਵਿੱਚ ਗਾਇਕ ਸੰਨੀ ਸਲੀਮ ਵੱਲੋਂ ਗਾਇਆ ਬਾਲੀ ਸਾਹਿਬ ਤੇ ਬਹੁਤ ਹੀ ਸ਼ਾਨਦਾਰ ਗੀਤ 'ਕੌਮੀ ਯੋਧਾ', ਜੋ ਚਰਨ ਦਾਸ ਸੰਧੂ ਦਾ ਲਿਖਿਆ ਹੈ, ਨੂੰ ਰਿਲੀਜ਼ ਕੀਤਾ ਗਿਆ। ਇਸ ਉਪਰੰਤ ਬਾਲੀ ਪਰਿਵਾਰ ਵੱਲੋਂ ਸੰਨੀ ਸਲੀਮ ਨੂੰ ਸਨਮਾਨਿਤ ਕੀਤਾ ਗਿਆ। ਬਾਲੀ ਸਾਹਿਬ ਦੇ ਵੱਡੇ ਬੇਟੇ ਡਾ. ਰਾਹੁਲ ਕੁਮਾਰ ਬਾਲੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਟੇਜ ਸੰਚਾਲਨ ਦੀ ਭੂਮਿਕਾ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਨਿਭਾਈ । ਸਮਾਗਮ ਵਿੱਚ ਡਾ. ਚਰਨਜੀਤ ਸਿੰਘ, ਮਨਵਿੰਦਰ ਨਾਗਰ, ਪ੍ਰੋਫੈਸਰ ਅਰਿੰਦਰ ਸਿੰਘ, ਐਡਵੋਕੇਟ ਹਰਭਜਨ ਸਾਪਲਾ, ਮਲਕੀਤ ਸਿੰਘ, ਜੀਤ ਸਿੰਘ, ਚਰਨਜੀਤ ਸਿੰਘ, ਸੋਨੀਆ ਭਾਰਦਵਾਜ, ਹਰਦਿਆਲ ਬੰਗੜ, ਡੀ.ਪੀ. ਭਗਤ, ਕਮਲਸ਼ੀਲ ਬਾਲੀ ,ਰਾਮ ਸਰੂਪ ਬਾਲੀ, ਨਸੀਬ ਚੰਦ ਬੱਬੀ, ਜਰਨੈਲ ਸਿੰਘ ਸਾਬਕਾ ਡੀਈਓ, ਚਮਨ ਦਾਸ ਸਾਂਪਲਾ, ਗੌਤਮ ਬੋਧ, ਜੇ. ਕੇ. ਬਾਲੀ, ਜੋਤੀ ਪ੍ਰਕਾਸ਼, ਨਿਰਮਲ ਬਿੰਜੀ, ਤੀਰਥ ਭਾਰਦਵਾਜ, ਪ੍ਰਿਅੰਕਾ ਡੋਗਰਾ, ਉਮੰਗ ਭਾਰਦਵਾਜ, ਮੀਨੂੰ ਧੀਰ, ਗੁਰਮੀਤ ਕੌਰ ਅਤੇ ਸੁਰਿੰਦਰ ਕੌਰ ਸਮੇਤ ਬਹੁਤ ਸਾਰੇ ਸਾਥੀ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।



26 July Page 9 new page.qxd 7/25/2025 11:12 PM Page 1



# 25 ਦੇ ਕਰੀਬ ਵਾਰਦਾਤਾਂ ਕਰਨ ਵਾਲੇ 4 ਵਿਅਕਤੀ ਅਸਲੇ ਸਮੇਤ ਗ੍ਰਿਫਤਾਰ

**ਗੁਰਾਇਆ (ਬਿੰਦਰ ਸੁੰਮਨ):** ਸੀਨੀਅਰ ਅਫ਼ਸਰਾਂ ਦੀਆਂ ਹਦਾਇਤਾਂ ਤੇ ਥਾਣਾ ਗੁਰਾਇਆ ਦੀ ਪੁਲਸ ਨੇ ਗੁਰਾਇਆ ਅਤੇ ਆਸ ਪਾਸ ਦੇ ਇਲਾਕੇ ਅੰਦਰ 2 ਦਰਜ਼ਨ ਦੇ ਕਰੀਬ ਵਾਰਦਾਤਾਂ ਕਰਨ ਵਾਲੇ 4 ਵਿਅਕਤੀਆਂ ਨੂੰ ਅਸਲੇ ਅਤੇ ਚੋਰੀ ਦੇ ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ, ਜਦ ਕਿ ਦੋ ਵਿਅਕਤੀ ਅਜੇ ਵੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਦੱਸੇ ਜਾ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ ਐਸ ਪੀ ਫਿਲੌਰ ਸਰਵਣ ਸਿੰਘ ਬੱਲ ਅਤੇ ਥਾਣਾ ਮੁਖੀ ਗੁਰਾਇਆ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਨੇ ਪ੍ਰੈਸ ਵਾਰਤਾ ਦੌਰਾਨ ਦੱਸਿਆ ਕਿ ਦੇਸ ਸੇਵਕ ਦੀ ਇਤਲਾਹ ਤੇ ਥਾਣਾ ਗੁਰਾਇਆ ਅਧੀਨ ਆਉਂਦੇ ਪਿੰਡ ਸੰਗ ਢੇਸੀਆਂ ਤੋਂ ਇੱਕ ਖੂਹ 'ਚ ਲੁੱਟ ਖੋਹ ਅਤੇ ਸੰਗੀਨ ਜੁਰਮ ਕਰਨ ਦੀ ਮਨਸ਼ਾ ਨਾਲ ਯੋਜਨਾ ਬਣਾ ਰਹੇ ਜੋਗਿੰਦਰ ਪਾਲ ਉਰਫ ਸੰਨੀ ਵਾਸੀ ਪਿੰਡ ਸੰਗ ਢੇਸੀਆਂ, ਮਨਦੀਪ



ਕੁਮਾਰ ਉਰਫ ਮਨੀ ਵਾਸੀ ਪਿੰਡ ਸੰਗ ਢੇਸੀਆਂ, ਦੀਪਕ ਸਰੋਏ ਉਰਫ ਦੀਪਕ ਵਾਸੀ ਪਿੰਡ ਸਰਗੁੰਦੀ ਅਤੇ ਗੁਰਮੁੱਖ ਸਿੰਘ ਉਰਫ ਮੁੱਖਾ ਵਾਸੀ ਪੱਤੀ ਫ਼ਰਕਾ ਪਾਸਲਾ ਥਾਣਾ ਨੂਰਮਹਿਲ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 2 ਪਿਸਤੌਲ, 04 ਜਿੰਦਾ ਕਾਰਤੂਸ, 01 ਖੋਲ ਕਾਰਤੂਸ, 03 ਦਾਤਰ ਅਤੇ 02 ਚੋਰੀ ਦੇ ਮੋਟਰ ਸਾਇਕਲ ਬ੍ਰਾਮਦ ਕੀਤੇ ਹਨ। ਫੜੇ ਗਏ ਵਿਅਕਤੀਆਂ ਨੇ ਪੁੱਛ ਗਿੱਛ ਦੌਰਾਨ ਦੱਸਿਆ ਕਿ ਉਨ੍ਹਾਂ ਨੇ ਹੁਣ ਤੱਕ ਫਗਵਾੜਾ, ਗੁਰਾਇਆ, ਨੂਰਮਹਿਲ, ਫਿਲੌਰ, ਨਕੋਦਰ ਅਤੇ ਕਰਤਾਰਪੁਰ ਦੇ ਇਲਾਕਿਆਂ 'ਚ 25 ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ, ਜਿਨ੍ਹਾਂ 'ਚ ਕਤਲ, ਇਰਾਦਾ ਕਤਲ, ਲੁੱਟਖੋਹ ਅਤੇ ਹੋਰ ਕਈ ਵਾਰਦਾਤਾਂ ਸ਼ਾਮਲ ਹਨ। ਫੜੇ ਗਏ ਵਿਅਕਤੀਆਂ ਖਿਲਾਫ ਥਾਣਾ ਗੁਰਾਇਆ 'ਚ ਬਣਦਾ ਮਾਮਲਾ ਦਰਜ ਕਰਕੇ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾ ਰਹੀ ਹੈ ਅਤੇ ਬਾਕੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਵੱਖ ਵੱਖ ਪੁਲਿਸ ਪਾਰਟੀਆਂ ਦੀਆ ਟੀਮਾ ਤਿਆਰ ਕਰਕੇ ਛਾਪੇਮਾਰੀ ਕੀਤੀ ਜਾ ਰਹੀ ਹੈ। ਫੜੇ ਗਏ ਵਿਅਕਤੀਆਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ, ਜਿਸ ਦੌਰਾਨ ਹੋਰ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਸਪੈਲਿੰਗ ਬੀ ਪ੍ਰਤੀਯੋਗਤਾ

**ਸੁਲਤਾਨਪੁਰ ਲੋਧੀ (ਹਨੀ)-** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਡਾ ਅਰੋੜਾ ਦੀ ਅਗਵਾਈ ਹੇਠ ਵਿਦਿਆਰਥੀਆਂ ਦਰਮਿਆਨ ਭਾਸ਼ਾ ਦੇ ਸ਼ੁੱਧ ਰੂਪ 'ਚ ਬੋਲਣ, ਲਿਖਣ ਅਤੇ ਪੜ੍ਹਨ ਦੀ ਕਲਾ ਨੂੰ ਨਿਖਾਰਨ ਲਈ ਸਪੈਲਿੰਗ ਬੀ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਐੱਲ ਕੇ ਜੀ, ਯੂ ਕੇ ਜੀ ਜਮਾਤ ਦੇ ਵਿਦਿਆਰਥੀਆਂ ਵਾਸਤੇ ਸਪੈੱਲ ਮੈਰਾਥਨ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਬੱਚਿਆਂ ਨੇ ਵੱਖੋ- ਵੱਖਰੇ ਅੱਖਰਾਂ ਨੂੰ ਜੋੜ ਕੇ ਨਵੇਂ -ਨਵੇਂ ਸ਼ਬਦ ਬਣਾਉਣੇ ਸਿੱਖੇ। ਪਹਿਲੀ ਤੋਂ ਤੀਜੀ ਜਮਾਤ ਦੇ ਬੱਚਿਆਂ ਲਈ ਸਪੈੱਲ ਬੀ ਕੰਪੀਟੀਸ਼ਨ ਕਰਵਾਇਆ ਗਿਆ। ਪ੍ਰਿੰਸੀਪਲ ਜੀ ਨੇ ਦੱਸਿਆ ਕਿ ਅਜਿਹੇ ਮੁਕਾਬਲਿਆਂ ਵਿੱਚ ਬੱਚੇ ਆਪਣੀ ਭਾਸ਼ਾ ਦਾ ਵਿਕਾਸ ਕਰਦੇ ਹਨ। ਉਨ੍ਹਾਂ ਨੇ ਕਿਹਾ ਕੇ ਬੱਚੇ ਅਕਸਰ ਲਿਖਣ ਵਿੱਚ ਗਲਤੀਆਂ ਕਰਦੇ ਹਨ ਅਤੇ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਤਰੀਕਿਆਂ ਨਾਲ ਬੱਚੇ ਔਖੇ ਸ਼ਬਦ ਵੀ ਆਸਾਨੀ ਨਾਲ ਸਿੱਖ ਜਾਂਦੇ ਹਨ । ਇਸ ਦੌਰਾਨ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਪਹਿਲੇ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਦੂਜੇ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਤੀਜੇ ਸਥਾਨ 'ਤੇ ਰਿਹਾ । ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ



ਦਿੱਤੇ ਗਏ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਜੇਤੂ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਮਦਨ ਜਲੰਧਰੀ ਦਾ ਗੋਲਡ ਮੈਡਲ ਨਾਲ ਸਨਮਾਨ

**ਬੰਗਾ (ਅਵਤਾਰ ਕਲੇਰ)** ਪ੍ਰਸਿੱਧ ਗੀਤਕਾਰ ਮਦਨ ਜਲੰਧਰੀ ਦਾ ਅਨਮੋਲ ਪੈਲੇਸ ਬੰਗਾ ਵਿਖੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।ਗੀਤਕਾਰ ਮਦਨ ਜਲੰਧਰੀ ਅਤੇ ਗਾਇਕੀ ਦੇ ਖੇਤਰ ਵਿੱਚ ਬਹੁਤ ਮੱਲਾਂ ਮਾਰਨ ਵਾਲੇ ਇੰਟਰਨੈਸ਼ਨਲ ਗਾਇਕ ਕੰਠ ਕਲੇਰ ਦਾ ਬਹੁਤ ਹੀ ਵਧੀਆ ਢੰਗ ਨਾਲ ਸਵਾਗਤ ਕੀਤਾ ਗਿਆ।ਉਨ੍ਹਾਂ ਦੇ ਸਵਾਗਤ ਲਈ ਗੀਤਕਾਰ ਸਤਪਾਲ ਸਾਹਲੋਂ ਨੇ ਆਪਣੇ ਸ਼ਬਦਾਂ ਰਾਹੀਂ ਆਏ ਹੋਏ ਮਹਿਮਾਨਾਂ ਦਾ ਮਨ ਮੋਹ ਲਿਆ। ਉਹਨਾਂ ਕਿਹਾ ਕਿ ਸਭ ਤੋਂ ਵੱਧ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੀਤਾਂ ਨੂੰ ਲਿਖਕੇ ਅਤੇ ਸਮਰੱਥ ਗਾਇਕਾਂ ਕੋਲੋਂ ਗਵਾਉਣ ਦਾ ਇਹ ਕੰਮ ਇਹਨਾਂ ਦਾ ਹੈ। ਮਦਨ ਜਲੰਧਰੀ ਨੇ ਉਨ੍ਹਾਂ ਨੂੰ ਦਿੱਤੇ ਗੋਲਡ ਮੈਡਲ ਨਾਲ ਸਨਮਾਨ ਦਾ ਬਹੁਤ ਬਹੁਤ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਜਦੋਂ ਵੀ ਕਿਸੇ ਗੀਤਕਾਰ ਨੂੰ ਸਨਮਾਨ ਮਿਲਦਾ ਹੈ ਤਾਂ ਆਪਣੇ ਆਪ ਤੇ ਮਾਣ ਮਹਿਸੂਸ ਹੁੰਦਾ ਹੈ।ਉਹਨਾਂ ਕੁਲਵਿੰਦਰ ਕਿੰਦਾ ਇਟਲੀ ਅਤੇ ਮਿਸ਼ਨਰੀ ਗਾਇਕ ਰੂਪ ਲਾਲ ਧੀਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਰਹਿੰਦੀ ਜ਼ਿੰਦਗੀ ਤੱਕ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਨੂੰ ਆਪਣੀ ਕਲਮ ਰਾਹੀਂ ਲਿਖਦਾ ਰਹੇਗਾ। ਕੰਠ ਕਲੇਰ ਨੇ ਵੀ ਦੋ ਸ਼ਬਦ ਉਨ੍ਹਾਂ ਦੀ ਸਿਫ਼ਤ ਵਿੱਚ ਕਹੇ ਅਤੇ ਧਾਰਮਿਕ ਗੀਤ ਦੇ ਬੋਲ ਸੁਣਾਏ। ਬਸਪਾ ਆਗੂ ਪ੍ਰਵੀਨ ਬੰਗਾ ਨੇ ਆਪਣੇ



ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦੀ ਭੂਮਿਕਾ ਗਾਇਕ ਰੂਪ ਲਾਲ ਧੀਰ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਪ੍ਰਵੀਨ ਬੰਗਾ,ਕੀਮਤੀ ਲਾਲ, ਵਿਜੇ ਬੰਸੀਆ ,ਕਮਲ ਵੀਡੀਓ ਡਾਇਰੈਕਟਰ ,ਗਾਇਕਾ ਅਨਮੋਲ ਵਿਰਕ, ਰਵਿੰਦਰ ਮਹਿਮੀ, ਜੈ ਪਾਲ ਸੂੰਡਾ, ਗੀਤਕਾਰ ਪੰਮੀ ਲਾਲੋ ਮਜਾਰਾ, ਸੁੱਚਾ ਰਾਮ, ਚਰਨਜੀਤ ਸੱਲ੍ਹਾਂ ਨੰਬਰਦਾਰ, ਡਾ ਗੁਰਨਾਮ ਸਿੰਘ ਚਾਹਲਾ,ਚਰਨਜੀਤ ਸੱਲ੍ਹਣ, ਧਰਮਵੀਰ ਗੋਰਾ ਆਦਿ ਹਾਜ਼ਰ ਸਨ।

### ਸੈਕਟਰ 88-89 ਵਿੱਚ ਪੀ.ਐੱਲ.ਸੀ. ਵਸੂਲੀ ਦਾ ਮਾਮਲਾ

# ਗਮਾਡਾ ਨਹੀਂ ਮੰਨ ਰਿਹਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮ

**ਮੋਹਾਲੀ (ਗੁਰਜੀਤ ਬਿੱਲਾ)-** ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਪੱਸ਼ਟ ਹੁਕਮ ਪਾਸ ਕਰਨ ਦੇ ਬਾਵਜੂਦ ਮੋਹਾਲੀ ਦੇ ਸੈਕਟਰ 88-89 ਵਿੱਚ ਜ਼ਮੀਨਾਂ ਅਕੁਆਇਰ ਕਰਵਾਉਣ ਵਾਲੇ ਪਿੰਡ ਸੋਹਾਣਾ, ਲਖਨੌਰ, ਮਾਣਕ ਮਾਜਰਾ ਅਤੇ ਬਾਕੀਮਾਜਰਾ ਦੇ ਭੌਂ-ਮਾਲਕਾਂ ਨੂੰ ਗਮਾਡਾ ਵੱਲੋਂ ਵਸੂਲੇ ਹੋਏ ਪੀ.ਐੱਲ.ਸੀ. ਚਾਰਜਿਜ਼ ਰਿਫੰਡ ਨਾ ਕਰਕੇ ਹਾਈਕੋਰਟ ਦੀ ਹੁਕਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਅਗਲੇ ਪਲਾਟਾਂ ਵਿੱਚ ਫਿਰ ਤੋਂ ਪ੍ਰੈਫਰੈਂਸ਼ਿਅਲ ਲੋਕੇਸ਼ਨ ਚਾਰਜਿਜ਼ (ਪੀ.ਐੱਲ.ਸੀ.) ਚਾਰਜਿਜ਼ ਵਸੂਲੀ ਵੀ ਲਗਾਤਾਰ ਕੀਤੀ ਜਾ ਰਹੀ ਹੈ। ਪ੍ਰੇਸ਼ਾਨ ਹੋ ਕੇ ਭੌਂ ਮਾਲਕਾਂ ਨੇ ਗਮਾਡਾ ਅਧਿਕਾਰੀਆਂ ਖਿਲਾਫ਼ ਹਾਈਕੋਰਟ ਵਿੱਚ ਕੰਟੈਂਪਟ ਪਟੀਸ਼ਨ ਪਾਉਣ ਦੀ ਤਿਆਰੀ ਕਰ ਲਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਕਟਰ 88 ਨਿਵਾਸੀ ਹਰਦੀਪ ਸਿੰਘ ਉੱਪਲ, ਦੌਲਤ ਰਾਮ ਭੱਟੀ, ਕਰਨਲ ਐੱਸ.ਐੱਸ. ਧਾਲੀਵਾਲ, ਅਮਰ ਸਿੰਘ ਬਿਲਿੰਗ, ਜਸਵੀਰ ਚੰਦ, ਜਗਦੀਸ਼ ਚੰਦ ਨਿਵਾਸੀ



ਮਾਨਕਮਾਜਰਾ ਆਦਿ ਨੇ ਦੱਸਿਆ ਕਿ ਲੈਂਡ ਪੂਲਿੰਗ ਪਾਲਿਸੀ ਵਿੱਚ ਕੋਈ ਵੀ ਜ਼ਿਕਰ ਨਾ ਹੋਣ ਦੇ ਬਾਵਜੂਦ ਗਮਾਡਾ ਨੇ ਅਲਾਟੀਆਂ ਤੋਂ ਪੀ.ਐੱਲ.ਸੀ. ਚਾਰਜਿਜ਼ ਵਸੂਲੀ ਦੇ ਚੱਕਰ ਵਿੱਚ ਪਾਈ ਰੱਖਿਆ ਅਤੇ ਅਲਾਟੀਆਂ ਨੂੰ ਅਦਾਲਤ ਵਿੱਚ ਜਾਣ ਲਈ ਮਜਬੂਰ ਕੀਤਾ। ਮਾਨਯੋਗ ਹਾਈਕੋਰਟ ਨੇ 20 ਫ਼ਰਵਰੀ 2025 ਨੂੰ ਰਿੱਟ ਪਟੀਸ਼ਨ ਨੰਬਰ 9717 ਆਫ਼ 2019 “ਦੌਲਤ ਰਾਮ ਭੱਟੀ ਤੇ ਹੋਰ ਬਨਾਮ ਸਟੇਟ ਆਫ਼ ਪੰਜਾਬ” ਦਾ ਨਿਪਟਾਰਾ ਕਰਦਿਆਂ ਪੀ.ਐੱਲ.ਸੀ. ਉੱਤੇ ਰੋਕ ਲਗਾਈ ਸੀ ਅਤੇ ਇਸੇ ਕੇਸ ਨਾਲ ਸਬੰਧਤ ਕੁੱਲ 118 ਰਿੱਟ ਪਟੀਸ਼ਨਾਂ ਵਿੱਚ ਸਾਂਝੀ ਸੁਣਵਾਈ ਕਰਦਿਆਂ ਸੈਕਟਰ 88-89 ਦੇ ਅਲਾਟੀਆਂ ਨੂੰ ਪੀ.ਐੱਲ.ਸੀ. ਖ਼ਤਮ ਕਰਕੇ ਰਾਹਤ ਦਿੱਤੀ ਸੀ। ਹਾਈਕੋਰਟ ਨੇ ਗਮਾਡਾ ਨੂੰ ਹੁਕਮ ਦਿੱਤੇ ਹਨ ਕਿ ਅਲਾਟੀਆਂ ਤੋਂ ਪੀ.ਐੱਲ.ਸੀ. ਦਾ ਵਸੂਲਿਆ ਪੈਸਾ 6 ਪ੍ਰਤੀਸ਼ਤ ਸਧਾਰਨ ਵਿਆਜ ਸਮੇਤ ਪੈਸਾ ਵਾਪਸ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਗਮਾਡਾ ਅਧਿਕਾਰੀ ਪੀ.ਐੱਲ.ਸੀ. ਦੇ ਮਾਮਲੇ ਵਿੱਚ ਮਾਨਯੋਗ ਹਾਈਕੋਰਟ ਦੇ ਹੁਕਮਾਂ ਦੀ ਵੀ ਪ੍ਰਵਾਹ ਨਹੀਂ ਕਰ ਰਹੇ। ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਇਹ ਵੀ ਮੰਗ ਕੀਤੀ ਕਿ ਪੀ.ਐੱਲ.ਸੀ. ਮਾਮਲੇ ਵਿੱਚ ਗਮਾਡਾ ਦੇ ਉੱਚ ਅਧਿਕਾਰੀਆਂ ਨੂੰ ਮਾਨਯੋਗ ਹਾਈਕੋਰਟ ਦੇ ਹੁਕਮ ਤੁਰੰਤ ਲਾਗੂ ਕਰਨ ਲਈ ਪਾਬੰਦ ਕੀਤਾ ਜਾਵੇ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਵੇਸਟ ਵਸਤਾਂ ਨੂੰ ਸਜਾਵਟੀ ਵਸਤਾਂ 'ਚ ਬਦਲਣ ਦੇ ਮੁਕਾਬਲੇ

**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਬਹੁਤ ਹੀ ਦਿਲਚਸਪ ਗਤੀਵਿਧੀ ਬੈਸਟ ਆਊਟ ਆਫ ਵੇਸਟ ਕਰਵਾਈ ਗਈ। ਇਸ ਦੌਰਾਨ ਵਿਦਿਆਰਥੀਆਂ ਨੇ



ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ, ਵੇਸਟ ਵਸਤਾਂ ਨੂੰ ਸਜਾਵਟੀ ਅਵਸਥਾ ਵਿੱਚ ਬਦਲਿਆ।ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਵਿਦਿਆਰਥੀਆਂ ਵਲੋਂ ਦਿਖਾਈ ਕਲਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿੱਚ ਬੱਚੇ ਵੱਧ ਤੋਂ ਵੱਧ ਆਪਣੇ ਦਿਮਾਗ ਦਾ ਇਸਤੇਮਾਲ ਕਰਦੇ ਹਨ ਅਤੇ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਸਾਡਾ ਵਾਤਾਵਰਨ ਵੀ ਸਾਫ ਸੁਥਰਾ ਰਹਿੰਦਾ ਹੈ।ਪ੍ਰਤੀਯੋਗਿਤਾ 'ਚ ਪਹਿਲੀ ਜਮਾਤ ਵਿੱਚੋਂ ਸੇਜਲ ਪਹਿਲੇ, ਅੰਮ੍ਰਿਤ ਸਿੰਘ ਦੂਸਰੇ ਅਤੇ ਕਿਰਨ ਦਾਸ ਤੀਸਰੇ ਸਥਾਨ 'ਤੇ ਰਿਹਾ।ਦੂਸਰੀ ਜਮਾਤ ਪਰੀਨੀਕਾ ਪਹਿਲੇ, ਹਰਨੂਰ ਦੂਜੇ ਅਤੇ ਸੁੱਖਦੀਪ ਤੀਜੇ ਸਥਾਨ 'ਤੇ ਰਿਹਾ।ਤੀਜੀ ਜਮਾਤ ਮਿਵਾਨ ਸਿੰਘ ਪਹਿਲੇ, ਹਰਲੀਨ ਕੌਰ ਦੂਜੇ ਅਤੇ ਬਾਵਿਕਸ਼ਾ ਤੀਜੇ ਸਥਾਨ 'ਤੇ ਰਹੀ।ਚੌਥੀ ਜਮਾਤ ਅਰਪਣਪ੍ਰੀਤ ਕੌਰ ਪਹਿਲੇ, ਆਲੀਆ ਦੂਜੇ ਅਤੇ ਅਰਸ਼ਦੀਪ ਤੀਜੇ ਸਥਾਨ 'ਤੇ ਰਿਹਾ।ਪੰਜਵੀਂ ਜਮਾਤ ਸੁਖਮਨਪ੍ਰੀਤ ਕੌਰ ਪਹਿਲੇ, ਅਨੰਤਪ੍ਰੀਤ ਕੌਰ ਦੂਜੇ ਅਤੇ ਪ੍ਰਭਜੋਤ ਸਿੰਘ ਤੀਜੇ ਸਥਾਨ 'ਤੇ ਰਿਹਾ।ਸੀਨੀਅਰ ਵਿੰਗ ਵਿੱਚੋਂ ਸਮਾਇਰਾ ਅਤੇ ਏਕਨੂਰ ਪਹਿਲੇ, ਗੁਰਜੋਤ ਤੇ ਅਰਮਾਨ ਦੂਜੇ ਅਤੇ ਮਹਿਕ, ਮੰਨਤ, ਸਰਗੁਣ ਤੇ ਰਣਜੀਤ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੇ।ਸਮਾਗਮ ਦੇ ਅੰਤ ਵਿਚ ਪ੍ਰਿੰਸੀਪਲ ਮੋਂਗਾ ਅਤੇ ਸਟਾਫ ਮੈਂਬਰਾਂ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।

## ਜਗਤਜੀਤ ਇੰਡਸਟਰੀ ਨੇ ਲੰਗਰ ਕਮੇਟੀ ਨੂੰ ਦਿੱਤੇ 70500 ਰੁਪਏ



**ਕਰਤਾਰਪੁਰ (ਹਰਮੇਸ਼ ਦੱਤ)** ਜਗਤਜੀਤ ਇੰਡਸਟਰੀ ਹਮੀਰਾ ਹਰ ਸਾਲ ਮਾਤਾ ਚਿੰਤਪੁਰਨੀ ਲੰਗਰ ਕਮੇਟੀ ਦਿਆਲਪੁਰ, ਮੁਰਾਰ ਨੂੰ ਸਹਿਯੋਗ ਕਰਦੇ ਹਨ ਹਰ ਸਾਲ 31ਵੇਂ ਸਾਲਾਨਾ ਲੰਗਰ ਵਿੱਚ ਸਹਿਯੋਗ ਕਰਦੇ ਹੋਏ ਜਗਜੀਤ ਇੰਡਸਟਰੀ ਦੇ ਡੀ ਜੀ ਐਮ ਗੁਰਪ੍ਰੀਤ ਸਿੰਘ ਮਾਨ, ਮੈਨਜਰ ਰਾਜ ਕਮਾਰ ਨੇ ਜਗਜੀਤ ਇੰਡਸਟਰੀ ਵੱਲੋਂ 70500 ਰੁਪਏ ਲੰਗਰ ਕਮੇਟੀ ਦੇ ਅਸ਼ਵਨੀ ਸੇਠ, ਸਿਦਪਾਲ ਸੇਠ, ਲਵ ਕਮਾਰ ਜੋਸ਼ੀ ਨੂੰ ਨਗਦ ਭੇਟ ਕੀਤੇ ਗਏ। ਚਿੰਤਪੁਰਨੀ ਲੰਗਰ ਕਮੇਟੀ ਨੇ ਜਗਜੀਤ ਇੰਡਸਟਰੀ ਅਤੇ ਮੈਨਜਮੇਂਟ ਦਾ ਧੰਨਵਾਦ ਕੀਤਾ।

## ਡੇਂਗੂ ਸੰਬੰਧੀ ਕੀਤਾ ਜਾਗਰੂਕ

**ਬਲਾਚੌਰ (ਜਸਵਿੰਦਰ ਬੈਂਸ)** ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾਕਟਰ ਰਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ਾਂ





ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾਕਟਰ ਨਵਰੀਤ ਕੌਰ ਦੀ ਯੋਗ ਅਗਵਾਈ ਹੇਠ ਪਿੰਡ ਮਾਲੇਵਾਲ ਵਿਖੇ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਵੱਲੋਂ ਮਲੇਰੀਆ ਡੇਂਗੂ ਚਿਕਨਗੁਨੀਆ ਦੇ ਲੱਛਣਾ ਅਤੇ ਬਚਾਓ ਸੰਬੰਧੀ ਜਾਣਕਾਰੀ ਦਿੱਤੀ ਗਈ ਜਿਵੇ ਹਫਤੇ ਵਿੱਚ ਇੱਕ ਦਿਨ ਡਰਾਈ ਡੇ ਮਨਾਇਆ ਜਾਵੇ ਜਿਸ ਦੌਰਾਨ ਅਪਣੇ ਘਰ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ ਜਿਵੇਂ ਕੂਲਰਾਂ ਗਮਲਿਆਂ ਪੁਰਾਣੇ ਟਾਇਰਾਂ ਵਿੱਚ ਪਾਣੀ ਨਾ ਖੜਨ ਦਿੱਤਾ ਜਾਵੇ। ਇਸ ਮੌਕੇ ਬਰੀਡਰ ਚੈਕਰ ਅਤੇ ਆਸ਼ਾ ਵਰਕਰ ਵੱਲੋਂ ਘਰ ਘਰ ਜਾ ਕੇ ਲਾਰਵਾ ਚੈਕ ਕੀਤਾ ਗਿਆ ਅਤੇ ਲਾਰਵਾ ਮਿਲਣ 'ਤੇ ਮੌਕੇ 'ਤੇ ਨਸ਼ਟ ਕਰਵਾਇਆ ਗਿਆ। ਅਗਰ ਕਿਸੇ ਨੂੰ ਸਿਹਤ ਸੰਬੰਧੀ ਕੋਈ ਮੁਸ਼ਕਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੇ। ਇਸ ਮੌਕੇ ਸਿਹਤ ਵਿਭਾਗ ਵੱਲੋਂ ਕਰਾਂਤੀ ਪਾਲ ਸਿੰਘ ਰੌੜੀ, ਕਰਨ ਕੁਮਾਰ, ਜਸਵਿੰਦਰ ਕੌਰ, ਆਸ਼ਾ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਵੋਕੇਸ਼ਨਲ ਸੈਂਟਰ ਦੀਆਂ ਕੋਰਸ ਪੂਰਾ ਕਰਨ ਵਾਲੀਆਂ ਲੜਕੀਆਂ ਨੂੰ ਵੰਡੇ ਸਰਟੀਫਿਕੇਟ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਰਬ ਨੌਜਵਾਨ ਸਭਾ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਸਿਖਲਾਈ ਪ੍ਰਾਪਤ ਕਰ ਰਹੀਆਂ ਲੜਕੀਆਂ ਨੂੰ ਕੋਰਸ ਪੂਰਾ ਹੋਣ 'ਤੇ ਸਰਟੀਫਿਕੇਟ ਤਕਸੀਮ ਕਰਨ ਸੰਬੰਧੀ ਇਕ ਸਮਾਗਮ ਗੁਰਦੁਆਰਾ ਸ਼ਹੀਦਗੰਜ, ਸਕੀਮ ਨੰਬਰ ਤਿੰਨ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ।ਜਿਸ ਵਿਚ ਮੁੱਖ ਮਹਿਮਾਨ ਵਜੋਂ ਦਲਜੀਤ ਸਿੰਘ ਡੀ. ਐਸ. ਪੀ. ਸਾਈਬਰ ਕ੍ਰਾਈਮ ਕਪੂਰਥਲਾ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਰਾਜਵਿੰਦਰ ਜੀਤ ਕੌਰ ਸੀ ਡੀ ਪੀ ਓ ਫਗਵਾੜਾ, ਤੇਜਪਾਲ ਬਸਰਾ ਸੀਨੀਅਰ ਡਿਪਟੀ ਮੇਅਰ ਅਤੇ ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ ਤੋਂ ਇਲਾਵਾ ਕੌਂਸਲਰ ਪ੍ਰਿਤਪਾਲ ਕੌਰ ਤੁੱਲੀ ਸ਼ਾਮਲ ਹੋਏ।ਇਸ ਦੌਰਾਨ ਮੁੱਖ ਮਹਿਮਾਨ ਦਲਜੀਤ ਸਿੰਘ ਡੀ ਐਸ ਪੀ ਸਾਈਬਰ ਕ੍ਰਾਈਮ ਕਪੂਰਥਲਾ ਵਲੋਂ



ਕੋਰਸ ਪੂਰਾ ਕਰਨ ਵਾਲੀਆਂ 52 ਸਿੱਖਿਆਰਥਣਾਂ ਨੂੰ ਸਰਟੀਫੀਕੇਟਾਂ ਦੀ ਵੰਡ ਕੀਤੀ ਗਈ। ਉਹਨਾਂ ਨੇ ਸਮੂਹ ਸਿੱਖਿਆਰਥਣਾਂ ਨੂੰ ਸੁਨਹਿਰੇ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਲੜਕੀਆਂ ਸਮਾਜ ਦਾ ਧੁਰਾ ਹਨ, ਜੋ ਹਰ ਖੇਤਰ 'ਚ ਅੱਗੇ ਵਧਣ ਦੇ ਸਮਰੱਥ ਹਨ।ਰਾਜਵਿੰਦਰ ਜੀਤ ਕੌਰ ਸੀ.ਡੀ.ਪੀ.ਓ. ਫਗਵਾੜਾ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੜਕੀਆਂ ਨੂੰ ਆਪਣੇ ਮਨਪਸੰਦ ਹੱਥੀ ਕਿੱਤੇ ਦੀ ਸਿਖਲਾਈ ਲੈ ਕੇ ਮੁਹਾਰਤ ਜ਼ਰੂਰ ਹਾਸਲ ਕਰਨੀ ਚਾਹੀਦੀ ਹੈ, ਜਿਸ ਨਾਲ ਉਹ ਆਤਮ ਨਿਰਭਰ ਹੋ ਕੇ ਆਪਣੇ ਪਰਿਵਾਰ ਦੀ ਆਰਥਕਤਾ ਨੂੰ ਸਹਾਰਾ ਦੇਣ ਦੇ ਯੋਗ ਬਣ ਸਕਣ। ਇਸ ਦੌਰਾਨ ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਹੁਣ ਲੜਕੀਆਂ ਵੀ ਸਵੈ-ਰੁਜ਼ਗਾਰ 'ਚ ਵਿਸ਼ੇਸ਼ ਰੁਚੀ ਲੈ ਰਹੀਆਂ ਹਨ ਅਤੇ ਪੜ੍ਹਾਈ ਵਿੱਚ ਵੀ ਅਗਲੀ ਕਤਾਰ 'ਚ ਖੜੀਆਂ ਹਨ। ਇਹ ਟਰੇਨਿੰਗ ਲੋੜਵੰਦ, ਗਰੀਬ ਪਰਿਵਾਰਾਂ ਦੀਆਂ ਬੱਚੀਆਂ ਨੂੰ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਦਿੱਤੀ ਜਾਂਦੀ ਹੈ।ਅਖੀਰ 'ਚ ਸਭਾ ਵਲੋਂ ਮੁੱਖ ਮਹਿਮਾਨ ਅਤੇ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।

# ਗੁਰਬੀਰ ਸਿੰਘ ਬਰਾੜ ਵੱਲੋਂ ਢਾਹਾਂ ਕਲੇਰਾਂ ਦਾ ਦੌਰਾ



**ਬੰਗਾ (ਅਵਤਾਰ ਕਲੇਰ)** ਅਮਰੀਕਾ ਦੀ ਸਮਾਜ ਸੇਵੀ ਸੰਸਥਾ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਦੇ ਐਗਜ਼ੀਕਿਊਟਿਵ ਡਾਇਰੈਕਟਰ ਗੁਰਬੀਰ ਸਿੰਘ ਬਰਾੜ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਸਥਾਪਿਤ ਸੰਸਥਾਵਾਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਗੁਰੂ ਨਾਨਕ ਕਾਲਜ ਆਫ਼ ਨਰਸਿੰਗ, ਗੁਰੂ ਨਾਨਕ ਪੈਰਾ ਮੈਡੀਕਲ ਕਾਲਜ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਦੌਰੇ 'ਤੇ ਪੁੱਜੇ। ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਗੁਰਬੀਰ ਸਿੰਘ ਬਰਾੜ ਦਾ ਢਾਹਾਂ ਕਲੇਰਾਂ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ।ਕੁਲਵਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਗੁਰਬੀਰ ਸਿੰਘ ਬਰਾੜ ਅਮਰੀਕਾ ਵਿਚ ਸਮਾਜ ਸੇਵੀ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਦੇ ਐਗਜ਼ੀਕਿਊਟਿਵ ਡਾਇਰੈਕਟਰ ਹਨ, ਉੱਥੇ ਉਹ ਉੱਚ ਕੋਟੀ ਦੇ ਫੋਟੋਗਰਾਫਰ ਅਤੇ ਵਿਦਵਾਨ ਹਨ।ਕੁਲਵਿੰਦਰ ਸਿੰਘ ਢਾਹਾਂ ਨੇ ਉਹਨਾਂ ਨੂੰ ਟਰੱਸਟ ਦੇ ਪ੍ਰਬੰਧ ਹੇਠਾਂ ਚੱਲ ਰਹੀਆਂ ਮੈਡੀਕਲ ਅਤੇ ਵਿਦਿਅਕ ਸੰਸਥਾਵਾਂ ਬਾਰੇ ਡਾਕੂਮੈਂਟਰੀ ਫਿਲਮ ਦਿਖਾਈ ਅਤੇ ਟਰੱਸਟ ਵੱਲੋਂ ਲੋਕ ਸੇਵਾ ਹਿੱਤ ਚਲਾਏ ਜਾ ਰਹੇ ਪ੍ਰੋਜੈਕਟਾਂ ਸੰਬੰਧੀ ਜਾਣਕਾਰੀ ਦਿੱਤੀ। ਗੁਰਬੀਰ ਸਿੰਘ ਬਰਾੜ ਨੇ ਗਰੀਬ ਅਤੇ ਲੋੜਵੰਦ ਲੋਕਾਂ ਲਈ ਕੀਤੇ ਜਾ ਰਹੇ ਸੇਵਾ ਕਾਰਜਾਂ ਦੀ ਭਾਰੀ ਸ਼ਲਾਘਾ ਕੀਤੀ। ਉਨ੍ਹਾਂ ਨੇ ਢਾਹਾਂ ਕਲੇਰਾਂ ਵਿਖੇ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਵਿਚ ਸਕਾਲਰਸ਼ਿਪ ਰਾਹੀ ਸਹਿਯੋਗ ਪ੍ਰਦਾਨ ਕਰਨ ਦੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ-ਚਰਚਾ ਵੀ ਕੀਤੀ। ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਅਤੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਗੁਰਬੀਰ ਸਿੰਘ ਬਰਾੜ ਦਾ ਸਨਮਾਨ ਕੀਤਾ।ਇਸ ਮੌਕੇ ਜਥੇਦਾਰ ਸਵਰਨਜੀਤ ਸਿੰਘ ਮੁੱਖੀ ਤਰਨਾ ਦਲ ਦੋਆਬਾ,ਅਜੀਤ ਸਿੰਘ,ਰਜ਼ਾ ਸਿੰਘ ਬਰਾੜ, ਪ੍ਰੋ: ਹਰਬੰਸ ਸਿੰਘ ਬੋਲੀਨਾ, ਪ੍ਰਿੰਸੀਪਲ ਵਨੀਤਾ ਚੋਟ , ਪ੍ਰਿੰਸੀਪਲ ਰਮਨਦੀਪ ਕੌਰ, ਵਾਈਸ ਪ੍ਰਿੰਸੀਪਲ ਰਾਜਦੀਪ ਥਿਦਵਾਰ, ਮਹਿੰਦਰਪਾਲ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਮੁਖੀ ਅਤੇ ਸੀਨੀਅਰ ਅਧਿਆਪਕ ਹਾਜ਼ਰ ਸਨ।

## ਮਾਤਾ ਭਾਮੇਸ਼ਵਰੀ ਦੀ ਯਾਦ 'ਚ ਸਾਲਾਨਾ ਮੇਲੇ ਮੌਕੇ ਪ੍ਰਭਾਤ ਫੇਰੀਆਂ ਆਰੰਭ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਭਾਮ ਮਾਂ ਦੁਰਗਾ ਮੰਦਰ ਮਾਤਾ ਭਾਮੇਸ਼ਵਰੀ ਮੰਦਰ ਵਿਖੇ ਸਮੂਹ ਨਗਰ ਨਿਵਾਸੀ ਅਤੇ ਭਾਮੇਸ਼ਵਰੀ ਮਿਸਨਰੀ ਟਰੱਸਟ ਭਾਮ ਹੁਸ਼ਿਆਰਪੁਰ ਵੱਲੋਂ ਮਾਤਾ ਭਾਮੇਸ਼ਵਰੀ ਦੇ ਸਾਲਾਨਾ 71ਵੇਂ ਜੋੜ ਮੇਲੇ ਮੌਕੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 23 ਜੁਲਾਈ ਤੋਂ ਪ੍ਰਭਾਤ ਫੇਰੀਆਂ ਭੈਣ ਵਿਨੋਦ ਕੁਮਾਰੀ ਚੇਅਰਪਰਸਨ ਭਾਮੇਸ਼ਵਰੀ ਮਿਸ਼ਨਰੀ ਟਰੱਸਟ ਭਾਮ ਹੁਸ਼ਿਆਰਪੁਰ ਸਰਪ੍ਰਸਤੀ ਹੇਠ ਆਰੰਭ ਕੀਤੀਆਂ ਗਈਆ। ਇਸ ਮੌਕੇ ਸੇਵਾਦਾਰ ਗੁਰਨਾਮ ਜਸਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ 71ਵੇਂ ਜੋੜ ਮੇਲੇ ਮੌਕੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 23 ਜੁਲਾਈ ਤੋਂ ਪ੍ਰਭਾਤ ਫੇਰੀਆਂ ਆਰੰਭ ਕੀਤੀਆਂ ਗਈਆ। ਉਨ੍ਹਾਂ ਦੱਸਿਆ ਕਿ 30 ਜੁਲਾਈ ਨੂੰ ਪੂਰਨ ਹਵਨ ਦੀ ਅਹੋਤੀ ਅਤੇ ਆਰਤੀ ਕੀਤੀ ਜਾਵੇਗੀ। 31 ਜੁਲਾਈ ਨੂੰ ਰਾਤ 08 ਵਜੇ ਕਵਾਲੀਆਂ ਆਰੰਭ ਕੀਤੀਆਂ ਜਾਣਗੀਆਂ। ਇਸ ਮੌਕੇ ਦਾਦਰਾ ਹਸਪਤਾਲ ਭਾਮ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ।

## ਲੋਕਾਂ ਨੂੰ ਡੇਂਗੂ ਬਾਰੇ ਵੱਧ ਤੋਂ ਵੱਧ ਜਾਗਰੂਕ ਹੋਣ ਦੀ ਲੋੜ : ਡਾ. ਮਾਨ

**ਬਲਾਚੌਰ (ਜਸਵਿੰਦਰ ਬੈਂਸ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ



ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਰਹਿਨੁਮਾਈ ਹੇਠ ਸਿਹਤ ਬਲਾਕ ਬਲਾਚੌਰ ਦੀ ਡੇਂਗੂ ਵਿਰੋਧੀ ਟੀਮ ਨੇ ਡੇਂਗੂ ਜਾਗਰੂਕਤਾ ਮੁਹਿੰਮ ਤਹਿਤ ਪੇਂਡੂ ਤੇ ਸ਼ਹਿਰੀ ਖੇਤਰ ਵਿੱਚ ਡੇਂਗੂ ਦੇ ਕਾਰਨਾਂ, ਬਚਾਅ ਤੇ ਇਲਾਜ ਬਾਰੇ ਜਾਗਰੂਕ ਕੀਤਾ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵਿਸਥਾਰਪੂਰਵਕ ਸਮਝਾਇਆ। ਉਨ੍ਹਾਂ ਆਮ ਲੋਕਾਂ ਨੂੰ ਡੇਂਗੂ ਦੇ ਲਾਰਵੇ ਦੀ ਪਛਾਣ ਬਾਰੇ ਵੀ ਦੱਸਿਆ। ਉਨ੍ਹਾਂ ਹਫਤੇ ਵਿੱਚ ਇਕ ਵਾਰ ਜ਼ਰੂਰ ਗਮਲਿਆਂ, ਕੂਲਰਾਂ, ਫ਼ਰਿੱਜ ਦੀਆਂ ਟਰੇਆਂ, ਪੁਰਾਣੇ ਟਾਇਰਾਂ ਅਤੇ ਛੱਤਾਂ 'ਤੇ ਪਏ ਕਬਾੜ ਸਮਾਨ ਵਿੱਚ ਖੜ੍ਹੇ ਪਾਣੀ ਨੂੰ ਸਾਫ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਡੇਂਗੂ ਬੁਖਾਰ ਦਾ ਟੈਸਟ ਅਤੇ ਇਲਾਜ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ 'ਚ ਮੁਫਤ ਕੀਤਾ ਜਾਂਦਾ ਹੈ।ਇਸ ਮੌਕੇ ਸਿਹਤ ਇੰਸਪੈਕਟਰ ਦਿਲਬਾਗ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਸਿੰਘ ਤੇ ਜਸਪਾਲ ਸਿੰਘ ਸਮੇਤ ਸਿਹਤ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।


# ਛੱਤੀਸਗੜ੍ਹ ਦੀ ਸਰਕਾਰ ਦਾ ਪੁਰਾਣੀ ਪੈਨਸ਼ਨ ਨੂੰ ਬੰਦ ਕਰਨਾ ਮੰਦਭਾਗਾ ਫ਼ੈਸਲਾ : ਪਲਿਆਲ, ਦਵਿੰਦਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਹੁਸ਼ਿਆਰਪੁਰ ਦੇ ਜ਼ਿਲ੍ਹਾ ਵਾਈਜ ਪ੍ਰਧਾਨ ਪ੍ਰਿੰਸ ਪਲਿਆਲ ਗੜ੍ਹਦੀਵਾਲਾ, ਜ਼ਿਲ੍ਹਾ ਸੀਨੀਅਰ ਆਗੂ ਜਗਵਿੰਦਰ ਸਿੰਘ, ਦਵਿੰਦਰ ਹੁਸ਼ਿਆਰਪੁਰ, ਗੁਰਮੁੱਖ ਸਿੰਘ



ਬਲਾਲਾ, ਗੁਰਪ੍ਰੀਤ ਸਿੰਘ ਨੇ ਪ੍ਰੈਸ ਨਾਲ ਗੱਲ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਦਬਾਅ ਹੇਠ ਛੱਤੀਸਗੜ੍ਹ ਸਰਕਾਰ ਦਾ ਪੁਰਾਣੀ ਪੈਨਸ਼ਨ ਨੂੰ ਬੰਦ ਕਰਨ ਦਾ ਫ਼ੈਸਲਾ ਬਹੁਤ ਹੀ ਮੰਦਭਾਗਾ ਹੈ।ਉਹਨਾਂ ਕਿਹਾ ਕਿ ਕੇਂਦਰ ਸਰਕਾਰ ਰਾਜਾਂ ਤੇ ਯੂਨੀਫਾਈਡ ਪੈਨਸ਼ਨ ਸਕੀਮ ਲਾਗੂ ਕਰਨ ਦਾ ਦਬਾਅ ਬਣਾ ਰਹੀ ਹੈ, ਜੋ ਕਿ ਮੁਲਾਜ਼ਮਾਂ ਨਾਲ ਬਹੁਤ ਵੱਡਾ ਧੱਕਾ ਹੈ, ਜਿਸ ਨੂੰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕਰੇਗੀ।ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦਾ ਸਭ ਦਾ ਸਾਥ, ਸਭ ਦਾ ਵਿਕਾਸ ਦਾ ਨਾਅਰਾ ਸਿਰਫ਼ ਹਵਾਈ ਫਾਇਰ ਹੀ ਸਾਬਤ ਹੋਇਆ ਹੈ। ਉਹਨਾਂ ਕਿਹਾ ਕਿ ਸਰਕਾਰ ਆਪ ਪੁਰਾਣੀ ਪੈਨਸ਼ਨ ਲੈ ਕੇ ਸਿਰਫ਼ ਆਪਣਾ ਵਿਕਾਸ ਕਰ ਰਹੀ ਹੈ।ਉਹਨਾਂ ਕਿਹਾ ਕਿ ਕੇਂਦਰ ਸਰਕਾਰ ਰਾਜਾਂ ਨੂੰ ਯੂਨੀਫਾਈਡ ਪੈਨਸ਼ਨ ਸਕੀਮ ਲਾਗੂ ਕਰਨ ਲਈ ਧਮਕਾਉਣਾ ਬੰਦ ਕਰੇ ਅਤੇ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਬੰਦ ਕਰਕੇ ਪੂਰੇ ਦੇਸ਼ ਵਿਚ 1972 ਨਿਯਮ ਅਨੁਸਾਰ ਪੁਰਾਣੀ ਪੈਨਸ਼ਨ ਲਾਗੂ ਕਰੇ। ਇਸ ਮੌਕੇ ਸੁਖਦੇਵ ਨਸਰਾਲਾ, ਸੰਜੀਵ ਸਿੰਘ ਆਦਮਵਾਲ, ਸੰਦੀਪ ਬਾਗਪੁਰ, ਸਚਿਨ ਨਲੋਈਆਂ, ਮਨਪ੍ਰੀਤ ਸਿੰਘ, ਮਾਸਟਰ ਸਚਿਨ ਗੜ੍ਹਦੀਵਾਲਾ, ਲਖਵੀਰ ਸਿੰਘ ਗੜ੍ਹਦੀਵਾਲਾ, ਅਨਿਲ ਕੁਮਾਰ, ਜਸਵਿੰਦਰ ਸਿੰਘ, ਦੀਪਕ ਕੌਂਡਲ, ਨਵੀਨ ਕਪਲਾ, ਸੰਜੀਵ ਕੁਮਾਰ ਜੌਹਰ, ਰਮਨਦੀਪ ਸਿੰਘ, ਹਰਮੀਕ ਸਿੰਘ ਮੀਕਾ, ਨਵਤੇਜ ਸਿੰਘ ਅਰਗੋਵਾਲ, ਮਲਕੀਤ ਸਿੰਘ, ਸੁਖਵਿੰਦਰ ਸਿੰਘ ਆਦਿ ਸਾਥੀ ਹਾਜ਼ਰ ਸਨ।

## ਭੰਡਾਲ ਹਿੰਮਤ-ਭੰਡਾਲ ਬੂਟਾ ਵਿਖੇ ਸਾਲਾਨਾ ਜਾਗਰਣ ਭਲਕੇ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸਾਲਾਨਾ ਜਾਗਰਣ ਮਾਂ ਦੁਰਗਾ ਭਜਨ ਮੰਡਲੀ ਕਮੇਟੀ ਪਿੰਡ ਭੰਡਾਲ ਹਿੰਮਤ-ਭੰਡਾਲ ਬੂਟਾ, ਐਨ ਆਰ ਆਈ ਭਰਾਵਾਂ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ 27 ਜੁਲਾਈ ਰਾਤ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।ਇਸ ਜਾਗਰਣ ਤੇ ਪੂਜਾ ਰਾਤ 9.00 ਵਜੇ , ਗਣੇਸ਼ ਵੰਦਨਾ 10.00 ਵਜੇ , ਸਨਮਾਨ 11.00 ਵਜੇ , ਮਾਤਾ ਦਾ ਗੁਣਗਾਨ 12.00 ਵਜੇ ਅਤੇ ਤਾਰਾ ਰਾਣੀ ਦੀ ਕਥਾ 3.00 ਸਵੇਰੇ ਹੋਵੇਗੀ।ਇਸ ਜਾਗਰਣ 'ਚ ਪੰਜਾਬ ਦੀ ਲੋਕ ਗਾਇਕਾਂ ਅਨਮੋਲ ਵਿਰਕ ਅਤੇ ਬੱਬੂ ਕੋਟੀਆਂ ਮਹਾਂਮਾਈ ਦਾ ਗੁਣਗਾਨ ਪੇਸ਼ ਕਰਨਗੇ।

# 'ਆਪ' ਆਗੂਆਂ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕੀਤੀ ਮੀਟਿੰਗ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਯੁੱਧ ਨਸ਼ੇ ਵਿਰੁੱਧ ਮੁਹਿਮ ਤਹਿਤ ਸ਼ਹਿਰ ਦੇ ਵਾਰਡ ਨੰਬਰ 16 'ਚ ਇਕ ਮੀਟਿੰਗ ਮੁਹਿਮ ਕਾਰਪੋਰੇਸ਼ਨ ਫਗਵਾੜਾ ਦੇ ਡਿਪਟੀ ਮੇਅਰ ਵਿੱਕੀ ਸੂਦ ਦੀ ਅਗਵਾਈ ਹੇਠ ਕੀਤੀ ਗਈ।ਜਿਸ ਦੀ ਪ੍ਰਧਾਨਗੀ ਮੁਹਿੰਮ ਦੇ ਕੋਆਰਡੀਨੇਟਰ ਦਲਜੀਤ ਰਾਜੂ ਦਰਵੇਸ਼ ਪਿੰਡ ਨੇ ਕੀਤੀ।ਮੀਟਿੰਗ ਦੌਰਾਨ ਸਾਬਕਾ ਮੰਤਰੀ ਅਤੇ ਸੀਨੀਅਰ ਆਪ ਆਗੂ ਜੋਗਿੰਦਰ ਸਿੰਘ ਮਾਨ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਤੋਂ ਇਲਾਵਾ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਅਤੇ ਵਰੁਣ ਬੰਗੜ ਸਰਪੰਚ ਚੱਕ ਹਕੀਮ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਮੀਟਿੰਗ ਦੌਰਾਨ ਹਾਜ਼ਰ ਆਏ ਮੁਹੱਲਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਸਿੰਘ ਮਾਨ ਨੇ ਪੰਜਾਬ ਸਰਕਾਰ ਦੀ





ਯੁੱਧ ਨਸ਼ਾ ਵਿਰੁੱਧ ਮੁਹਿਮ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਪਾਬੰਦੀਸ਼ੁਦਾ ਨਸ਼ਾ ਵੇਚਣ ਵਾਲਿਆਂ ਨੂੰ ਵੱਡੀ ਪੱਧਰ 'ਤੇ ਕਾਬੂ ਕੀਤਾ ਜਾ ਰਿਹਾ ਹੈ।ਮੁਹਿੰਮ ਦੇ ਕੋਆਰਡੀਨੇਟਰ ਦਲਜੀਤ ਰਾਜੂ ਦਰਵੇਸ਼ ਪਿੰਡ ਨੇ ਦੱਸਿਆ ਕਿ ਸ਼ਹਿਰ ਦੇ ਸਾਰੇ ਪੰਜਾਹ ਵਾਰਡਾਂ 'ਚ ਇਹ ਮੀਟਿੰਗਾਂ ਕਰਕੇ ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਉਹਨਾਂ ਨੇ ਵਾਰਡ ਦੇ ਵਸਨੀਕਾਂ ਨੂੰ ਸੌਂਹ ਦੁਆਈ ਕਿ ਉਹ ਖੁਦ ਵੀ ਕਦੇ ਨਸ਼ਾ ਨਹੀਂ ਕਰਨਗੇ ਅਤੇ ਜੇਕਰ ਕੋਈ ਨਸ਼ਾ ਕਰਦਾ ਜਾਂ ਵੇਚਦਾ ਨਜਰ ਆਏ ਤਾਂ ਉਸਦੀ ਜਾਣਕਾਰੀ ਵਾਰਡ ਕੌਂਸਲਰ ਅਤੇ ਡਿਪਟੀ ਮੇਅਰ ਵਿੱਕੀ ਸੂਦ ਰਾਹੀਂ ਉਹਨਾਂ ਤੱਕ ਪਹੁੰਚਾਉਣਗੇ।ਇਸ ਮੌਕੇ ਸੀਮਾ ਰਾਣਾ, ਨਵੀਨ ਉੱਪਲ, ਰਜਤ ਭਨੋਟ ਸਰਪੰਚ ਭੁੱਲਾਰਾਈ, ਮਿਤੁਲ ਸੁਧੀਰ, ਕੇਸ਼ੀ ਗੰਡਵਾ, ਰਵੀ ਕੁਮਾਰ ਮੰਤਰੀ, ਗੋਪੀ ਬੇਦੀ ਸਮੇਤ ਵਾਰਡ ਦੇ ਪਤਵੰਤੇ ਵੱਡੀ ਗਿਣਤੀ 'ਚ ਹਾਜਰ ਸਨ।

## ਬੇਅਦਬੀ ਸੰਬੰਧੀ ਕਾਨੂੰਨ ਤੋਂ ਦਲਿਤ ਸਮਾਜ ਨਾਲ ਸੰਬੰਧਤ ਗ੍ਰੰਥਾਂ ਨੂੰ ਬਾਹਰ ਰੱਖਣਾ ਮੰਦਭਾਗਾ : ਤਰਲੋਕ ਵੇਡਲ



**ਕਾਲਾਸੰਘਿਆਂ (ਮਨਜੀਤ ਮਾਨ)-** ਡਾਕਟਰ ਅੰਬੇਡਕਰ ਸੰਘਰਸ਼ ਮੋਰਚਾ ਪੰਜਾਬ ਦੇ ਪ੍ਰਧਾਨ ਤਰਲੋਕ ਵੇਡਲ ਨੇ ਪ੍ਰੈਸ ਨੋਟ ਰਾਹੀਂ ਪ੍ਰੈਸ ਨੂੰ ਜਾਣਕਾਰੀ ਦਿੱਤੀ ਹੈ ਕਿ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਿੱਲ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਐਕਟ 2025 ਵਿੱਚ ਭਗਵਾਨ ਵਾਲਮੀਕ ਮਹਾਰਾਜ ਦਾ ਪਵਿੱਤਰ ਗ੍ਰੰਥ ਰਮਾਇਣ ਸਾਹਿਬ, ਭਗਵਾਨ ਵਾਲਮੀਕਿ ਮਹਾਰਾਜ ਦਾ ਸਰੂਪ, ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਸਰੂਪ ਤੇ ਪਵਿੱਤਰ ਗ੍ਰੰਥ ਅੰਮ੍ਰਿਤਬਾਣੀ, ਭਗਤ ਕਬੀਰ ਜੀ ਦਾ ਸਰੂਪ ਤੇ ਸੰਤ ਨਾਭਾ ਦਾਸ ਦੀਆਂ ਮੂਰਤੀਆਂ ਦੀ ਬੇਅਦਬੀ ਦੀ ਸਜ਼ਾ ਦੀ ਵਿਵਸਥਾ ਨਾ ਰੱਖ ਕੇ ਸਰਕਾਰ ਨੇ ਦਲਿਤ ਸਮਾਜ ਪ੍ਰਤੀ ਨਫ਼ਰਤ ਭਰੀ ਮਾਨਸਿਕਤਾ ਦਿਖਾਈ ਹੈ, ਜਿਸ ਨਾਲ ਕਰੋੜਾਂ ਦਲਿਤ ਸਮਾਜ ਦੇ ਲੋਕਾਂ ਵਿੱਚ ਗੁੱਸੇ ਦੀ ਲਹਿਰ ਹੈ। ਜੇਕਰ ਸਰਕਾਰ ਨੇ ਦਲਿਤ ਸਮਾਜ ਦੇ ਧਾਰਮਿਕ ਗ੍ਰੰਥਾਂ ਤੇ ਸਰੂਪਾਂ ਨੂੰ ਬੇਅਦਬੀ ਸਬੰਧੀ ਕਾਨੂੰਨਾਂ 'ਚ ਸ਼ਾਮਲ ਨਾ ਕੀਤਾ ਤਾਂ ਦਲਿਤ ਸਮਾਜ ਸੜਕਾਂ ਤੇ ਉਤਰਨ ਲਈ ਮਜਬੂਰ ਹੋਵੇਗਾ।

# ਵਿਜੀਲੈਂਸ ਬਿਊਰੋ ਦੇ ਕੇਸ ਦੀ ਕੈਂਸਲੇਸ਼ਨ ਰਿਪੋਰਟ ਅਦਾਲਤ 'ਚ ਨਾ-ਮਨਜ਼ੂਰ ਹੋਣ ਦੀ ਸੰਭਾਵਨਾ ਬਣੀ : ਦਾਊਂ

**ਖਰੜ (ਹਰਨਾਮ ਸਿੰਘ ਡੱਲਾ)** ਖਰੜ ਦੇ ਸ਼ਹੀਦ ਕਾਂਸੀ ਰਾਮ ਮੈਮੋਰੀਅਲ ਕਾਲਜ ਭਾਗੋ ਮਾਜਰਾ ਦੇ ਟਰਸਟੀਆਂ ਵੱਲੋਂ ਕੀਤੇ ਕਥਿਤ ਘਪਲਿਆਂ ਅਤੇ ਕਾਲਜ ਨੂੰ ਬੰਦ ਕਰਨ ਦੀਆਂ ਸਕੀਮਾਂ ਖਿਲਾਫ ਦੀ ਸਤਨਾਮ ਦਾਊਂ ਪੰਜਾਬ ਸਰਕਾਰ ਨੂੰ ਇੱਕ ਸ਼ਿਕਾਇਤ ਕੀਤੀ ਗਈ ਸੀ।ਉਸ ਸ਼ਿਕਾਇਤ 'ਤੇ ਵਿਜੀਲੈਂਸ ਬਿਊਰੋ ਨੇ ਟਰੱਸਟੀਆਂ ਖਿਲਾਫ ਅਤੇ ਸਰਕਾਰੀ ਅਫਸਰਾਂ ਖਿਲਾਫ ਕੋਈ ਬਣਦੀ ਕਾਰਵਾਈ ਨਹੀਂ ਕੀਤੀ ਸੀ।ਇਸ ਸ਼ਕਾਇਤ ਸੰਬੰਧੀ ਸਿਰਫ ਇੱਕ ਬਿਲਡਰ ਪ੍ਰਵੀਨ ਕੁਮਾਰ ਖਿਲਾਫ ਐਫ ਆਈ ਆਰ ਨੰਬਰ 10/23 ਦਰਜ ਕਰਕੇ ਬਾਅਦ ਵਿੱਚ ਉਸ ਪਰਚੇ ਦੀ ਪੱਖਪਾਤੀ ਜਾਂਚ ਕਰਕੇ ਕੈਂਸਲੇਸ਼ਨ ਰਿਪੋਰਟ ਮੋਹਾਲੀ ਅਦਾਲਤ ਵਿੱਚ ਪੇਸ਼ ਕਰ ਦਿੱਤੀ ਗਈ ਸੀ।ਵਿਜੀਲੈਂਸ ਬਿਊਰੋ ਦੀ ਪੱਖਪਾਤੀ ਜਾਂਚ ਅਤੇ ਭ੍ਰਿਸ਼ਟਾਚਾਰ ਦੇ ਹੱਕ ਵਿੱਚ ਭੁਗਤਣ ਵਾਲੀ ਇਸ ਕਾਰਵਾਈ ਦੇ ਵਿਰੋਧ ਵਿੱਚ ਸਤਨਾਮ ਸਿੰਘ ਦਾਊਂ ਪ੍ਰਧਾਨ ਭ੍ਰਿਸ਼ਟਾਚਾਰ ਵਿਰੋਧੀ ਮੰਚ ਪੰਜਾਬ ਵੱਲੋਂ ਅਦਾਲਤ ਵਿੱਚ ਪ੍ਰੋਟੈਸਟ ਪਟੀਸ਼ਨ ਪਾਈ ਗਈ ਸੀ। ਜਿਸ ਦੀ ਸੁਣਵਾਈ ਕੀਤੀ ਜਾ ਰਹੀ ਸੀ, ਪਰ ਵਕੀਲਾਂ ਵੱਲੋਂ ਵਰਕ ਸਸਪੈਂਡ ਰੱਖਿਆ ਹੋਣ ਕਾਰਨ ਸਤਨਾਮ ਸਿੰਘ ਦਾਊਂ ਨੇ ਖ਼ੁਦ ਅਦਾਲਤ ਵਿੱਚ ਪੇਸ਼ ਹੋ ਕੇ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਪੱਖਪਾਤੀ ਜਾਂਚ ਬਾਰੇ ਮਾਨਯੋਗ ਅਦਾਲਤ ਦੇ ਧਿਆਨ ਵਿੱਚ ਕੇ ਦੱਸਿਆ ਗਿਆ ਕਿ ਬਿਜੀਲੈਂਸ ਬਿਓਰੋ ਨੇ ਕਈ ਮਾਮਲਿਆਂ ਵਿੱਚ ਭ੍ਰਿਸ਼ਟਾਚਾਰੀਆਂ ਦੇ ਹੱਕ ਵਿੱਚ ਭੁਗਤਣ ਅਤੇ ਸਾਡੇ ਵਰਗੇ ਬਿਸਲ ਬਲੋਅਰ ਨੂੰ ਝੂਠੇ ਕੇਸਾਂ ਵਿੱਚ ਉਲਝਾਉਣ ਦੀਆਂ ਕਾਰਵਾਈਆਂ ਬਾਰੇ ਅਦਾਲਤ ਨੂੰ ਜ਼ੁਬਾਨੀ ਤੌਰ 'ਤੇ ਦੱਸਿਆ।ਨਾਲ ਹੀ ਸਰਕਾਰੀ ਵਕੀਲ ਨੇ ਵੀ ਅਦਾਲਤ ਨੂੰ ਆਪਣਾ ਬਣਦਾ ਕਨੂੰਨੀ ਪੱਖ ਦੱਸਿਆ। ਸਤਨਾਮ ਸਿੰਘ ਦਾਊਂ ਦੀ ਬੇਨਤੀ 'ਤੇ ਅਦਾਲਤ ਨੇ ਇਸ ਪੱਖਪਾਤੀ ਕੈਂਸਲੇਸਨ ਰਿਪੋਰਟ ਖਿਲਾਫ ਲਿਖਤੀ ਬਿਆਨ ਲਏ ਜਿਸ ਕਾਰਨ ਅਦਾਲਤ ਨੇ ਬਿਆਨ ਲੈਣ ਤੋਂ ਬਾਅਦ ਅਗਲੀ ਤਰੀਕ 6 ਅਗਸਤ ਪਾ ਦਿੱਤੀ ਹੈ। ਹੁਣ ਉਮੀਦ ਬੱਝੀ ਹੈ ਕਿ ਵਿਜੀਲੈਂਸ ਬਿਊਰੋ ਵੱਲੋਂ ਪੇਸ਼ ਕੀਤੀ ਇਸ ਕੈਂਸਲੇਸ਼ਨ ਰਿਪੋਰਟ ਨੂੰ ਅਦਾਲਤ ਨਾ ਮਨਜ਼ੂਰ ਕਰਕੇ ਮੁੜ ਜਾਂਚ ਲਈ ਹੁਕਮ ਕਰ ਸਕਦੀ ਹੈ।ਪੰਜਾਬ ਸਰਕਾਰ ਅਤੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੂੰ ਮੁੜ ਬੇਨਤੀ ਹੈ ਕਿ ਗਦਰ ਪਾਰਟੀ ਦੇ ਮਹਾਨ ਸ਼ਹੀਦ ਪੰਡਤ ਕਾਂਸੀ ਰਾਮ ਦੇ ਯਾਦਗਾਰੀ ਕਾਲਜਾਂ ਨੂੰ ਠੱਪ ਹੋਣ ਤੋਂ ਬਚਾਉਣ ਦੇ ਮਕਸਦ ਨਾਲ ਨਵੀਂ ਅਤੇ ਨਿਰਪੱਖ ਜਾਂਚ ਕਰਕੇ ਬਣਦੀ ਕਰਵਾਈ ਜ਼ਰੂਰ ਕਰੇ।

# ਕਿਸਾਨ ਜਥੇਬੰਦੀਆਂ ਭਲਕੇ ਕਰਨਗੀਆਂ ਚੱਕਾ ਜਾਮ : ਫੁੱਗਲਾਣਾ

**ਮੇਹਟੀਆਣਾ (ਜਗਤਾਰ ਭੁੰਗਰਨੀ)-** ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮੂਹ ਹਮਖਿਆਲੀ ਧਾਰਮਿਕ ਸਮਾਜਿਕ ਅਤੇ ਕਿਸਾਨ ਜਥੇਬੰਦੀਆਂ ਵੱਲੋਂ 27 ਜੁਲਾਈ ਨੂੰ ਅੱਡਾ ਮੇਹਟੀ ਆਣਾ ਵਿਖੇ ਚੱਕਾ ਜਾਮ ਕਰਕੇ ਕਿਸਾਨਾਂ ਦੇ ਨਾਲ ਵਪਾਰੀ ਵਰਗ ਵੱਲੋਂ ਸਰਕਾਰ ਨਾਲ ਮਿਲੀ ਭੁਗਤ ਕਰਕੇ ਕਿਸਾਨਾਂ ਦੀ ਹੋ ਰਹੀ ਸ਼ਰੇਆਮ ਲੁੱਟ ਖਸੁੱਟ ਅਤੇ ਬਿਸਤ ਦੁਆਬ ਨਹਿਰ ਜੋ ਕਿ ਦੋਨੋਂ ਸਾਈਡਾਂ ਉੱਤੇ ਬਰਮ ਅਤੇ ਸੇਫਟੀ ਗਾਰਡ ਨਾ ਲੱਗਣ ਕਾਰਨ ਬਿਸਤ ਦੁਆਬ ਨਹਿਰ ਜੋ ਕਿ ਖੂਨੀ ਨਹਿਰ ਦਾ ਰੂਪ ਧਾਰਨ ਕਰ ਚੁੱਕੀ ਹੈ, ਦੇ ਸਬੰਧ ਵਿੱਚ ਇੱਕ ਹਫਤਾ ਪਹਿਲਾਂ ਡਿਪਟੀ ਕਮਿਸ਼ਨਰ ਦੀ ਗੈਰ ਹਾਜ਼ਰੀ ਵਿੱਚ ਏ ਡੀ ਸੀ ਮੈਡਮ ਭੁੱਲਰ ਨੂੰ ਮੁੱਖ ਮੰਤਰੀ ਦੇ ਨਾਮ ਸਮੁੱਚੀਆਂ ਜਥੇਬੰਦੀਆਂ ਵੱਲੋਂ ਮੰਗ ਪੱਤਰ ਦਿੱਤਾ ਗਿਆ ਸੀ



ਅਤੇ ਉਸ ਵਿੱਚ ਪ੍ਰਸ਼ਾਸਨ ਅਤੇ ਸਰਕਾਰ ਨੂੰ ਅਲਟੀਮੇਟਮ ਵੀ ਦਿੱਤਾ ਸੀ ਪਰ ਸਰਕਾਰ ਨੇ ਅਤੇ ਨਾ ਹੀ ਪ੍ਰਸ਼ਾਸਨ ਨੇ ਲੋਕਾਂ ਦੀ ਇਸ ਮੰਗ ਵੱਲ ਕੋਈ ਧਿਆਨ ਨਹੀਂ ਦਿੱਤਾ। ਬਿਸਤ ਦੁਆਬਾ ਨਹਿਰ ਜਿਸ ਵਿੱਚ ਆਏ ਦਿਨ ਕੋਈ ਨਾ ਕੋਈ ਸਕੂਟਰ ਮੋਟਰਸਾਈਕਲ ਕਾਰਾਂ ਇਸ ਬਿਸਤ ਦੁਆਬ ਨਹਿਰ ਵਿੱਚ ਸਾਈਡਾਂ ਉੱਪਰ ਸੇਫਟੀ ਗਾਰਡ ਨਾ ਹੋਣ ਕਾਰਨ ਕਈ ਕੀਮਤੀ ਜਾਨਾਂ 'ਚ ਆ ਚੁੱਕੀਆਂ ਹਨ ਅਤੇ ਨਹਿਰ ਦੇ ਉੱਪਰ ਬਾਗਬਾਨੀ ਅਤੇ ਸਬੰਧਤ ਮਹਿਕਮੇ ਵੱਲੋਂ ਦਰਖਤਾਂ ਦੀ ਕਟਾਈ ਨਾ ਕਾਰਨ ਦਰਖਤਾਂ ਦੀ ਸਾਂਭ ਸੰਭਾਲ ਨਾ ਕਰਨ ਨਹਿਰ ਦੇ ਉੱਪਰ ਲੱਗੇ ਹੋਏ ਦਰਖਤ ਅੱਧੀ ਸੜਕ ਉੱਪਰ ਝੁਕੇ ਹੋਏ ਹਨ ਜੋ ਕਿ ਕਈ ਵਾਰ ਸੜਕ ਹਾਦਸੇ ਦਾ ਕਾਰਨ ਬਣਦੇ ਹਨ ਪਰ ਨਾ ਤਾਂ ਸੰਬੰਧਿਤ ਮਹਿਕਮਾ ਅਤੇ ਨਾ ਹੀ ਸਰਕਾਰ ਇਸ ਵੱਲ ਕੋਈ ਧਿਆਨ ਦਿੰਦੀ ਹੈ। ਨਹਿਰ ਦੀ ਪਟੜੀ ਉੱਪਰ ਭਾਰੀ ਵਾਹਨ ਜੋ ਕਿ ਮਾਈਨਿੰਗ ਦਾ ਕੰਮ ਕਰਦੇ ਹਨ ਅਤੇ ਮਾਇਨਿੰਗ ਦਾ ਕੰਮ ਸਰਕਾਰ ਦੀ ਮਿਲੀ ਭੁਗਤ ਦੇ ਨਾਲ ਹੋ ਰਿਹਾ ਹੈ, ਭਾਰੀ ਵਾਹਨ ਟੋਲ ਟੈਕਸ ਬਚਾਉਣ ਦੀ ਖਾਤਰ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਭਾਰੀ ਵਾਹ ਗੈਰ ਕਾਨੂੰਨੀ ਢੰਗ ਦੇ ਨਾਲ ਜਿੱਥੇ ਆਮ ਲੋਕਾਂ ਦੀ ਆਵਾਜਾਈ ਦੇ ਵਿੱਚ ਵਿਘਨ ਪਾਉਂਦੇ ਹਨ ਉੱਥੇ ਸਰਕਾਰ ਨੂੰ ਟੈਕਸ ਦਾ ਚੂਨਾ ਵੀ ਲਾਉਂਦੇ ਹਨ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਕੋਲੋਂ ਇਸ ਦੀ ਉੱਚ ਪੱਧਰੀ ਜਾਂਚ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਜੇਕਰ ਫਿਰ ਵੀ ਪ੍ਰਸ਼ਾਸਨ ਜਾਂ ਸਰਕਾਰ ਨੇ ਆਮ ਲੋਕਾਂ ਦੀ ਇਸ ਸਮੱਸਿਆ ਵੱਲ ਧਿਆਨ ਨਾ ਦਿੱਤਾ ਤਾਂ ਅਗਲਾ ਪ੍ਰੋਗਰਾਮ ਹੋਰ ਵੀ ਸਖਤ ਐਕਸ਼ਨ ਦਾ ਰੂਪ ਧਾਰਨ ਕਰ ਸਕਦਾ ਹੈ ਜਿਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਸਮੂਹ ਕਿਸਾਨ ਜਥੇਬੰਦੀਆਂ ਆਪਣਾ ਰੋਸ ਪ੍ਰਗਟ ਕਰਨ ਲਈ 27 ਜੁਲਾਈ ਨੂੰ ਅੱਡਾ ਮੇਹਟੀਆਣਾ ਵਿਖੇ ਪਹੁੰਚ ਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਗੀਆਂ।

# ਗੁਰਮੇਲ ਭੱਟੀ ਨੂੰ ਸ਼ਰਧਾਂਜਲੀਆਂ ਭੇਟ

**ਬੰਗਾ (ਅਵਤਾਰ ਕਲੇਰ)-** ਬੀਤੇ ਦਿਨੀਂ ਸ਼ਿਮਲਾ ਦੇ ਨਜ਼ਦੀਕ ਪਿੰਡ ਮੰਢਾਲੀ ਦੇ ਗੁਰਮੇਲ ਭੱਟੀ ਦੀ ਇੱਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਸੀ। ਉਹਨਾਂ ਦਾ ਸ਼ਰਧਾਂਜਲੀਆਂ ਸਮਾਗਮ ਮੰਢਾਲੀ ਵਿਖੇ ਹੋਇਆ। ਸਮਾਗਮ 'ਚ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ, 'ਆਪ' ਆਗੂ ਹਰਜੋਤ ਕੌਰ ਲੋਹਟੀਆ, ਪ੍ਰਵੀਨ ਬੰਗਾ ਤੋਂ ਇਲਾਵਾ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਵੱਖ-ਵੱਖ ਆਗੂਆਂ ਨੇ ਪਰਿਵਾਰਿਕ ਮੈਂਬਰਾਂ ਨਾਲ ਵੀ ਦੁੱਖ ਸਾਂਝਾ ਕੀਤਾ। ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਪਾਰਲੀਮੈਂਟ ਨੇ ਆਖਿਆ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਅੰਦੋਲਨ ਨੂੰ ਸਮਰਪਿਤ ਗੁਰਮੇਲ ਨੇ ਪੂਰਾ ਜੀਵਨ ਲੋਕਾਂ ਦੀ ਭਲਾਈ ਲਈ ਲਗਾਇਆ। ਬੀਤੇ ਦਿਨੀਂ ਸੜਕ ਹਾਦਸੇ ਕਾਰਨ ਸਾਡੇ ਵਿੱਚ ਇੱਕ ਸਾਥੀ ਨਹੀਂ ਗਿਆ ਸਗੋਂ ਇਕ ਹੀਰਾ ਗਿਆ ਹੈ, ਉਨ੍ਹਾਂ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ। ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਨੇ ਸ਼ਰਧਾਂਜਲੀ ਦਿੰਦਿਆਂ ਪਰਿਵਾਰ ਨੂੰ ਭਰੋਸਾ ਦਿਵਾਇਆ ਬਸਪਾ ਪੰਜਾਬ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਹਾਦਸੇ ਵਿੱਚ ਲਾਪਤਾ 10 ਸਾਲਾ ਵਨੀਤ ਦੜੋਚ ਦੋਹਤੇ ਦੀ



ਤੰਦਰੁਸਤੀ ਦੀ ਤੇ ਜਲਦੀ ਪਰਿਵਾਰ ਨੂੰ ਮਿਲਣ ਦੀ ਕੁਦਰਤ ਦੇ ਅੱਗੇ ਕਾਮਨਾ ਕੀਤੀ। 'ਆਪ' ਆਗੂ ਹਰਜੋਤ ਕੌਰ ਲੋਹਟੀਆ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਿਸੇ ਵਿਅਕਤੀ ਦਾ ਬੇਵਕਤ ਚਲੇ ਜਾਣਾ ਦੁੱਖਦਾਈ ਹੁੰਦਾ ਹੈ। ਪ੍ਰਮਾਤਮਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਸਮਾਗਮ ਵਿੱਚ ਬਸਪਾ ਪੰਜਾਬ ਦੇ ਸਕੱਤਰ ਇੰਜ. ਜਸਵੰਤ ਰਾਏ,ਹਰਬਲਾਸ ਬਸਰਾ, ਸਤਪਾਲ ਰਟੈਂਡਾ, ਚਰਨਜੀਤ ਮੰਢਾਲੀ, ਜੈ ਪਾਲ, ਧਰਮਪਾਲ ਤਲਵੰਡੀ, ਮਹਿੰਦਰ ਪਾਲ, ਮੁਲਾਜ਼ਮ ਆਗੂ ਮਲਕੀਤ ਮੰਢਾਲੀ,ਰਾਮ ਕ੍ਰਿਸ਼ਨ ਪੱਲੀ ਝਿੱਕੀ ਮੁਲਾਜ਼ਮ ਆਗੂ,ਕੁਲਦੀਪ ਬਹਿਰਾਮ,ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਹਰਬੰਸ ਕੌਰ ਸਾਬਕਾ ਸਰਪੰਚ ਜੰਡਿਆਲੀ ਤੋਂ ਇਲਾਵਾ ਰਿਸ਼ਤੇਦਾਰ ਅਤੇ ਧਾਰਮਿਕ ਸਖਸ਼ੀਅਤਾਂ ਹਾਜ਼ਰ ਸਨ।

## ਮਨਦੀਪ ਰਹੇਜਾ ਨੇ ਮਾਰਕਿਟ ਕਮੇਟੀ ਦੇ ਸਕੱਤਰ ਵਜੋਂ ਅਹੁਦਾ ਸੰਭਾਲਿਆ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਬੀਤੇ ਦਿਨੀਂ ਪੰਜਾਬ ਮੰਡੀ ਬੋਰਡ ਵੱਲੋਂ ਮੰਡੀ ਦੇ ਸਕੱਤਰ ਦੇ ਤਬਾਦਲੇ ਦੇ ਹੁਕਮ ਜਾਰੀ ਕੀਤੇ ਹਨ ਤੇ ਇਸ ਦੌਰਾਨ ਮਾਰਕਿਟ ਕਮੇਟੀ ਫ਼ਾਜ਼ਿਲਕਾ ਵਿੱਚ ਤਾਇਨਾਤ ਮਨਦੀਪ ਰਹੇਜਾ ਨੂੰ ਅਰਨੀ ਵਾਲਾ ਮਾਰਕੀਟ ਕਮੇਟੀ ਸਕੱਤਰ ਦੇ ਪਦ 'ਤੇ ਤਾਇਨਾਤ ਕੀਤਾ ਗਿਆ। ਮਨਦੀਪ ਰਹੇਜਾ ਨੇ ਵੀਰਵਾਰ ਸਕੱਤਰ ਮਾਰਕਿਟ ਕਮੇਟੀ ਮਲੋਟ ਵਜੋਂ ਆਪਣਾ ਅਹੁਦਾ ਸੰਭਾਲ ਕੇ ਬਕਾਇਦਾ ਕੰਮ ਕਾਜ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਚੇਅਰਮੈਨ ਜਸ਼ਨਦੀਪ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਅਜੈ ਪਾਲ ਸਿੰਘ, ਕਰਮਜੀਤ ਸ਼ਰਮਾ, ਸੰਦੀਪ ਕੁਮਾਰ, ਗੌਰਵ ਮੋਂਗਾ, ਅਮਨਦੀਪ ਸਿੰਘ, ਮਨੋਜ ਕਕੁਮਾਰ, ਵਿਪਿਨ ਕੁਮਾਰ, ਸਤਪਾਲ ਸਿੰਘ, ਨਿਤੀਸ਼ ਕੁਮਾਰ, ਸਰੋਜ ਰਾਣੀ ਨੇ ਨਵ-ਨਿਯੁਕਤ ਸਕੱਤਰ ਮਨਦੀਪ ਰਹੇਜਾ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਮਿਹਨਤ ਤੇ ਜਜ਼ਬੇ ਦੀ ਤਾਰੀਫ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੱਤਰ ਮਨਦੀਪ ਰਹੇਜਾ ਨੇ ਕਿਹਾ ਕਿ ਵਿਭਾਗ ਵੱਲੋਂ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਤੇ ਲਗਨ ਨਾਲ ਨਿਭਾਉਣਗੇ। ਆੜ੍ਹਤੀਆਂ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਸਕੱਤਰ ਮਨਦੀਪ ਰਹੇਜਾ ਨੇ ਕਿਹਾ ਕਿ ਮਾਰਕਿਟ ਫ਼ੀਸ ਚੋਰੀ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

## ਭਾਂਡੇ ਵੇਚਣ ਦੇ ਬਹਾਨੇ ਔਰਤ ਘਰ ਦੇ ਮੈਂਬਰਾਂ ਨੂੰ ਨਸ਼ੀਲੀ ਵਸਤੂ ਸੁੰਘਾ ਕੇ ਸੋਨੇ-ਚਾਂਦੀ ਦੇ ਗਹਿਣੇ ਚੋਰੀ ਕਰਕੇ ਫਰਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਿਲ ਕਲਾਂ ਵਿਖੇ ਨਵੇਂ ਭਾਂਡੇ ਵੇਚਣ ਦੀ ਆੜ ਹੇਠ ਇੱਕ ਔਰਤ ਵੱਲੋਂ ਘਰ ਦੇ ਮੈਂਬਰਾਂ ਨੂੰ ਨਸ਼ੀਲੀ ਚੀਜ਼ ਸੁੰਘਾ ਕੇ ਸੋਨੇ-ਚਾਂਦੀ ਦੇ ਗਹਿਣੇ ਚੋਰੀ ਕਰਕੇ ਫਰਾਰ ਹੋ ਜਾਣ ਦੀ ਖਬਰ ਮਿਲੀ ਹੈ।ਪੀੜਤ ਰਵਿੰਦਰ ਕੁਮਾਰ ਪੁੱਤਰ ਬਲਵਿੰਦਰ ਕੁਮਾਰ ਮਹਿਲ ਕਲਾਂ ਨੇ ਦੱਸਿਆ ਕਿ ਦੁਪਹਿਰ ਲਗਭਗ 2 ਵਜੇ ਦੇ ਕਰੀਬ ਇੱਕ ਔਰਤ ਨਵੇਂ ਭਾਂਡੇ ਵੇਚਣ ਦੇ ਬਹਾਨੇ ਘਰ 'ਚ ਦਾਖਲ ਹੋਈ।ਉਸ ਨੇ ਮੇਰੇ ਮਾਤਾ ਲਾਜਵੰਤੀ ਤੇ ਪਿਤਾ ਬਲਵਿੰਦਰ ਕੁਮਾਰ ਨੂੰ ਕੋਈ ਨਸ਼ੀਲੀ ਵਸਤੂ ਸੁੰਘਾ ਕੇ ਬੇਹੋਸ਼ ਕਰ ਦਿੱਤਾ।ਫਿਰ ਮੌਕੇ ਦਾ ਫਾਇਦਾ ਚੁਕਦਿਆਂ ਘਰ 'ਚੋਂ ਫਰੋਲਾ ਫਰਾਲੀ ਕਰਕੇ ਡੇਢ ਤੋਲੇ ਸੋਨੇ ਦੇ ਗਹਿਣੇ ਤੇ ਸੰਗਲੀ, 8 ਤੋਲੇ ਚਾਂਦੀ ਦਾ ਕੜਾ, 4.5 ਤੋਲੇ ਦੀਆਂ ਪੰਜੇਬਾਂ, 6 ਤੋਲੇ ਦੀਆਂ ਚਾਂਦੀ ਦੀਆਂ ਚੂੜੀਆਂ ਆਦਿ ਲੈ ਕੇ ਫਰਾਰ ਹੋ ਗਈ।ਰਵਿੰਦਰ ਕੁਮਾਰ ਨੇ ਦੱਸਿਆ ਕਿ ਘਟਨਾ ਦੇ ਸਮੇਂ ਉਹ ਤੇ ਉਸ ਦਾ ਵੱਡਾ ਭਰਾ ਕੰਮ 'ਤੇ ਗਏ ਹੋਏ ਸਨ।ਉਨ੍ਹਾਂ ਮੰਗ ਕੀਤੀ ਕਿ ਇਸ ਔਰਤ ਦੀ ਤੁਰੰਤ ਪਛਾਣ ਕਰਕੇ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।ਚੋਰੀ ਦੀ ਘਟਨਾ ਸਬੰਧੀ ਵਰਿੰਦਰ ਕੁਮਾਰ ਗੋਲਡੀ ਵੱਲੋਂ ਪੁਲਸ ਥਾਣਾ ਮਹਿਲ ਕਲਾਂ ਵਿਖੇ ਸੂਚਨਾ ਦਿੱਤੀ ਗਈ ਹੈ।

## ਰਮਨਦੀਪ ਕੌਰ ਨੇ ਕਿੱਕ ਬਾਕਸਿੰਗ ਚੈਂਪੀਅਨਸ਼ਿਪ 'ਚ ਸਿਲਵਰ ਮੈਡਲ ਜਿੱਤਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜਾ)**-ਲੰਘੀ 16 ਜੁਲਾਈ ਤੋਂ 20 ਜੁਲਾਈ ਤੱਕ ਛੱਤੀਸਗੜ੍ਹ ਵਿਖੇ ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਮੁਕਾਬਲਾ ਹੋਇਆ।ਇਸ ਮੁਕਾਬਲੇ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚੋਂ ਕਰੀਬ ਦੋ ਦਰਜਨ ਤੋਂ ਵੱਧ ਟੀਮਾਂ ਨੇ ਭਾਗ ਲਿਆ।ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਸੰਮੇਵਾਲੀ ਪਿੰਡ ਦੀ ਧੀ ਰਮਨਦੀਪ ਕੌਰ ਨੇ 45 ਕਿਲੋਗ੍ਰਾਮ ਤੱਕ ਭਾਰ ਦੇ ਮੁਕਾਬਲੇ ਵਿੱਚ ਭਾਗ ਲਿਆ।ਇਸ ਫਸਵੇਂ ਮੁਕਾਬਲੇ ਵਿੱਚ ਰਮਨਦੀਪ ਨੇ ਉਕਤ ਚੈਂਪੀਅਨਸ਼ਿਪ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਪਿੰਡ, ਸਮੁੱਚੇ ਇਲਾਕੇ ਤੇ ਪੰਜਾਬ ਦਾ ਮਾਣ ਵਧਾਇਆ ਹੈ।ਮੈਡਲ ਪ੍ਰਾਪਤੀ ਤੋਂ ਰਮਨਦੀਪ ਕੱਲ੍ਹ ਹੀ ਆਪਣੇ ਜੱਦੀ ਪਿੰਡ ਸੰਮੇਵਾਲੀ ਪਹੁੰਚੀ ਹੈ, ਜਿੱਥੇ ਪਰਵਾਰ ਤੇ ਸ਼ੁਭਚਿੰਤਕਾਂ ਵੱਲੋਂ ਉਸ ਦਾ ਭਰਪੂਰ ਸਵਾਗਤ ਕੀਤਾ ਗਿਆ।ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ, ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ ਤੇ ਪੈਟਰਨ ਡਾ. ਸੁਰਿੰਦਰ ਗਿਰਧਰ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਰਮਨਦੀਪ ਕੌਰ ਤੇ ਉਸ ਦੇ ਪਿਤਾ ਸਾਹਿਬ ਸਿੰਘ ਸਮੇਤ ਸਮੁੱਚੇ ਪਰਵਾਰ ਨੂੰ ਵਧਾਈ ਦਿੱਤੀ ਹੈ।ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਦੇਸ਼ ਭਰ ਵਿੱਚ ਜ਼ਿਲ੍ਹੇ ਦਾ ਨਾਮ ਉੱਚਾ ਕਰਨ ਵਾਲੀ ਰਮਨਦੀਪ ਕੌਰ ਨੂੰ ਜਲਦ ਹੀ ਸਨਮਾਨਤ ਕੀਤਾ ਜਾਵੇਗਾ।

## ਹਸਪਤਾਲਾਂ 'ਚ ਲੜਾਈ-ਝਗੜਾ ਕਰਨ ਵਾਲਿਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਡਾ. ਬਲਬੀਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਰਕਾਰੀ ਰਜਿੰਦਰਾ ਹਸਪਤਾਲ ਦਾ ਦੌਰਾ ਕਰਕੇ ਦਾਖਲ ਮਰੀਜ਼ਾਂ ਤੇ ਓ.ਪੀ.ਡੀ. 'ਚ ਦਵਾਈ ਲੈਣ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਹਸਪਤਾਲ 'ਚ ਮਿਲ ਰਹੀਆਂ ਸਿਹਤ ਸੇਵਾਵਾਂ ਦੀ ਫੀਡ ਬੈਕ ਲਈ।ਇਸ ਮੌਕੇ ਉਨ੍ਹਾਂ ਪਿਛਲੇ ਦਿਨੀਂ ਹਸਪਤਾਲ 'ਚ ਦਾਖਲ ਮਰੀਜ ਨਾਲ ਬਾਹਰੀ ਲੋਕਾਂ ਵੱਲੋਂ ਕੀਤੇ ਝਗੜੇ ਦਾ ਗੰਭੀਰ ਨੋਟਿਸ ਲੈਂਦਿਆਂ ਸਖ਼ਤ ਸ਼ਬਦਾਂ 'ਚ ਕਿਹਾ ਕਿ ਹਸਪਤਾਲ 'ਚ ਕਿਸੇ ਵੀ ਤਰ੍ਹਾਂ ਦੇ ਲੜਾਈ ਝਗੜੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਹੋਏ ਝਗੜੇ ਦੇ ਦੋਸ਼ੀਆਂ ਨੂੰ ਹਸਪਤਾਲ ਤੇ ਪੁਲਸ ਪ੍ਰਸ਼ਾਸਨ ਨੇ ਮੁਸਤੈਦੀ ਦਿਖਾਉਂਦਿਆਂ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ।ਡਾ. ਬਲਬੀਰ ਸਿੰਘ ਨੇ ਸਰਕਾਰੀ ਰਜਿੰਦਰਾ ਹਸਪਤਾਲ ਦੀ ਓ.ਪੀ.ਡੀ. ਦਾ ਦੌਰਾ ਕਰਦਿਆਂ ਦੱਸਿਆ ਕਿ ਹੁਣ ਓ.ਪੀ.ਡੀ. ਦੀ ਰਜਿਸਟਰੇਸ਼ਨ ਲਈ ਕਾਊਂਟਰ ਦੇ ਨਾਲ ਨਾਲ ਟਾਈਮਰ ਲੱਗੇ ਹਨ ਤੇ ਮਰੀਜ਼ਾਂ ਦੇ ਬੈਠਣ ਲਈ ਕੁਰਸੀਆਂ, ਪੀਣ ਲਈ ਪਾਣੀ ਤੇ ਬਾਥਰੂਮ ਦੀ ਸਹੂਲਤ ਸਮੇਤ ਹੁਣ ਆਪਣੀ ਵਾਰੀ ਲਈ ਮਰੀਜ਼ਾਂ ਨੂੰ ਲੰਮੀਆਂ ਲਾਈਨਾਂ 'ਚ ਨਹੀਂ ਲੱਗਣਾ ਪੈਂਦਾ, ਸਗੋਂ ਵਾਰੀ ਨਾਲ ਉਹ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਸਰਕਾਰੀ ਰਜਿੰਦਰਾ ਹਸਪਤਾਲ 'ਚ ਹੋਰ ਵੀ ਵੱਡੇ ਪੱਧਰ 'ਤੇ ਸੁਧਾਰ ਕੀਤੇ ਜਾਣਗੇ।ਇਸ ਮੌਕੇ ਡਾ. ਆਰ.ਪੀ.ਐੱਸ. ਸਿਬੀਆ, ਡਾ. ਵਿਸ਼ਾਲ ਚੋਪੜਾ ਸਮੇਤ ਹੋਰ ਵੀ ਡਾਕਟਰ ਮੌਜੂਦ ਸਨ।

## ਪੁੱਤਰ ਦਾ ਜਨਮ ਦਿਨ ਕੁਲਚੇ-ਛੋਲਿਆਂ ਦਾ ਲੰਗਰ ਲਾ ਕੇ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਪ੍ਰਸਿੱਧ ਸਮਾਜ ਸੇਵੀ ਬਲਵਿੰਦਰ ਗਰਗ ਪਰਿਵਾਰ ਨੇ ਆਪਣੇ ਸਪੁੱਤਰ ਲਲਿਤ ਗਰਗ ਦਾ ਜਨਮ ਦਿਨ ਸੁਭਾਸ਼ ਮੰਡੀ ਵਿਖੇ ਕੁਲਚੇ ਛੋਲੇ ਦਾ ਲੰਗਰ ਲਗਾ ਕੇ ਮਨਾਇਆ।ਪ੍ਰਧਾਨ ਬਲਵਿੰਦਰ ਗਰਗ ਨੇ ਕਿਹਾ ਕਿ ਸਾਨੂੰ ਜਨਮ ਦਿਨ, ਵਿਆਹ ਦੀ ਵਰ੍ਹੇਗੰਢ ਜਾਂ ਕਿਸੇ ਹੋਰ ਖੁਸ਼ੀ ਦੇ ਮੌਕੇ 'ਤੇ ਲੰਗਰ ਲਗਾ ਕੇ ਪੁੰਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ ਜਾਂ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਕਿ ਵਾਤਾਵਰਨ ਹਰਿਆ ਭਰਿਆ ਹੋ ਸਕੇ।ਇਸ ਮੌਕੇ ਕ੍ਰਿਸ਼ਨ ਗਰਗ, ਰਣਦੀਪ ਗਰਗ ਕਾਲਾ, ਟੋਨੀ ਗਰਗ, ਕੈਂਡੀ ਗਰਗ, ਦਵਿੰਦਰ ਕੁਮਾਰ ਚੀਕਾ, ਅੰਸ਼ੂ ਗਰਗ, ਅਚਲ ਗਰਗ ਨੇ ਲੰਗਰ ਦੀ ਸੇਵਾ ਕੀਤੀ।

## 182 ਗਰਾਮ ਚਿੱਟੇ ਸਣੇ ਦੋ ਔਰਤਾਂ ਕਾਬੂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਥਾਣਾ ਸਿਟੀ ਧੂਰੀ ਦੇ ਮੁਖੀ ਇੰਸਪੈਕਟਰ ਜਸਵੀਰ ਸਿੰਘ ਤੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਉਸ ਤਹਿਤ ਕਾਮਯਾਬੀ ਮਿਲੀ ਜਦੋਂ ਦਮਨਵੀਰ ਸਿੰਘ, ਡੀ.ਐੱਸ.ਪੀ. ਧੂਰੀ ਦੀ ਅਗਵਾਈ ਹੇਠ ਕੰਮ ਕਰਦੇ ਹੋਏ ਥਾਣਾ ਸਿਟੀ ਧੂਰੀ ਦੀ ਟੀਮ ਨੇ ਯੁੱਧ ਨਸ਼ਿਆਂ ਵਿਰੁੱਧ ਕਾਰਵਾਈ ਕਰਦੇ ਹੋਏ ਮੁੱਕਦਮਾ ਨੰਬਰ 135 ਵਿੱਚ ਦੌਰਾਨੇ ਤਫਤੀਸ਼ ਵਾਧਾ ਕਰਦੇ ਹੋਏ ਤਿੰਨ ਵਿਅਕਤੀਆਂ ਤੇ ਕੁੱਝ ਨਾਮਾਲੂਮ ਵਿਅਕਤੀਆਂ ਖਿਲਾਫ ਦਰਜ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਤਫਤੀਸ਼ ਦੌਰਾਨ ਨਿੰਮੋ ਵਾਸੀ ਧੂਰੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਦੋ ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਗਿਆ ਤੇ ਮਹਿੰਦਰ ਕੌਰ ਉਰਫ ਮਹਿੰਦਰੋ ਵਾਸੀ ਸ਼ੇਰਪੁਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 180 ਗ੍ਰਾਮ ਨਸ਼ੀਲਾ ਪਦਾਰਥ ਹੈਰੋਇਨ/ਚਿੱਟਾ ਬ੍ਰਾਮਦ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਤੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਕਈ ਅਹਿਮ ਸੁਰਾਗ ਲੱਗਣ ਦੀ ਸੰਭਾਵਨਾ ਹੈ।

## ਸਰਕਾਰੀ ਸਕੂਲ ਲਾਲੇਆਣਾ ਦੇ ਹੋਣਹਾਰ ਬੱਚਿਆਂ ਦਾ ਸਨਮਾਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਰਕਾਰੀ ਹਾਈ ਸਕੂਲ ਲਾਲੇਆਣਾ ਵਿਖੇ ਦਰਸ਼ਨ ਸਿੰਘ ਲਾਲੇਆਣਾ ਵੱਲੋਂ ਸੈਸ਼ਨ 2024-25 ਵਿੱਚ ਪੰਜਾਬ ਪੱਧਰੀ ਸਕੂਲੀ ਖੇਡਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਤੇ ਦਸਵੀਂ ਜਮਾਤ ਵਿੱਚੋਂ 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਨਗਦ ਰਾਸ਼ੀ, ਦੇਸੀ ਘਿਓ ਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਸਨਮਾਨ ਸਮਾਰੋਹ ਵਿੱਚ ਮੁੱਖ ਮਹਿਮਾਨ ਬਲਦੇਵ ਸਿੰਘ ਸਰਾਂ ਐਕਸ ਚੇਅਰਮੈਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਉਨ੍ਹਾਂ ਅੱਵਲ ਰਹਿਣ ਵਾਲੇ ਖਿਡਾਰੀਆਂ ਦੀ ਪ੍ਰਸ਼ੰਸਾ ਕੀਤੀ।ਅੰਤ ਵਿੱਚ ਮੁੱਖ ਅਧਿਆਪਕ ਅਵਤਾਰ ਸਿੰਘ ਲਾਲੇਆਣਾ ਨੇ ਕਿਹਾ ਕਿ ਅਸੀਂ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਪਿੰਡ ਦੇ ਹੀ ਸਕੂਲ ਦੇ ਵਿਦਿਆਰਥੀਆਂ ਨੂੰ ਅਗਾਂਹਵਧੂ ਸੋਚ ਅੱਗੇ ਲੈ ਕੇ ਜਾਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ ਬੁਰਜ ਮਾਨਸਾ ਸੇਵਾ ਮੁਕਤ ਮੁੱਖ ਇੰਜੀਨੀਅਰ ਤੇ ਉੱਘੇ ਲੇਖਕ, ਚਿੰਤਕ, ਸਮਾਜ ਸੇਵਕ ਸ੍ਰ. ਦਰਸ਼ਨ ਸਿੰਘ ਜਗਤਾਰ ਸਿੰਘ, ਜਸਪਾਲ ਸਿੰਘ, ਸਤਵਿੰਦਰ ਸਿੰਘ, ਹਰਮੰਦਰ ਸਿੰਘ ਸਟੇਟ ਐਵਾਰਡੀ ਤੇ ਸਮੂਹ ਸਟਾਫ਼ ਹਾਜ਼ਰ ਸੀ।

# ਭੁੱਲਰਹੇੜੀ 'ਚ ਚਿੱਪ ਵਾਲੇ ਮੀਟਰ ਲਗਾਉਣ ਆਏ ਬੇਰੰਗ ਮੋੜੇ

### ਭੁੱਲਰਹੇੜੀ ਤੇ ਮੀਰਹੇੜੀ ਇਕਾਈਆਂ ਦਾ ਗਠਨ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਵੱਲੋਂ ਆਗੂ ਹਰਬੰਸ ਸਿੰਘ ਲੱਡਾ, ਹਰਪਾਲ ਸਿੰਘ ਪੇਧਨੀ, ਰਾਮ ਸਿੰਘ ਕੱਕੜਵਾਲ, ਕਰਮਜੀਤ ਸਿੰਘ ਬੇਨੜਾ ਤੇ ਕਰਮਜੀਤ ਸਿੰਘ ਭਲਵਾਨ ਦੀ ਅਗਵਾਈ ਹੇਠ ਪਿੰਡ ਭੁੱਲਰਹੇੜੀ ਦੇ ਇਕਾਈ ਗਠਨ ਦੌਰਾਨ ਉਸ ਵੇਲੇ ਮਾਮਲਾ ਭਖ ਗਿਆ, ਜਦੋਂ ਪਿੰਡ ਭੁੱਲਰਹੇੜੀ ਵਿੱਚ ਚਿੱਪ ਵਾਲੇ ਬਿਜਲੀ ਮੀਟਰ ਲਗਾਉਣ ਆਏ ਪਾਵਰਕਾਮ ਦੀ ਟੀਮ ਦੀ ਭਿਣਕ ਕਿਸਾਨ ਆਗੂਆਂ ਨੂੰ ਪੈਣ 'ਤੇ ਘਿਰਾਓ ਕੀਤਾ ਗਿਆ।ਮੌਕੇ 'ਤੇ ਭਾਵੇਂ ਪੁਲਿਸ ਅਧਿਕਾਰੀ ਤੇ ਪਾਵਰਕਾਮ ਦੇ ਅਧਿਕਾਰੀ ਵੀ ਪਹੁੰਚੇ, ਪਰ ਕਿਸਾਨਾਂ ਦੇ ਰੋਹ ਅੱਗੇ ਅਧਿਕਾਰੀ ਵੀ ਬੇਵੱਸ ਰਹੇ ਤੇ ਉਨ੍ਹਾਂ ਦੀ ਇੱਕ ਨਾ ਚੱਲੀ ਅਤੇ ਚਿੱਪ ਲਗਾਉਣ ਆਈ ਟੀਮ ਨੂੰ ਬੇਰੰਗ ਪਰਤਣਾ ਪਿਆ।ਕਿਸਾਨ ਆਗੂ ਹਰਪਾਲ ਸਿੰਘ ਪੇਧਨੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਿਕ ਪਿੰਡ ਭੁੱਲਰਹੇੜੀ ਇਕਾਈ ਦੇ ਕੀਤੇ ਗਏ ਗਠਨ ਮੁਤਾਬਿਕ ਪਵਿੱਤਰ ਸਿੰਘ ਪ੍ਰਧਾਨ, ਕਰਨੈਲ ਸਿੰਘ ਮੀਤ ਪ੍ਰਧਾਨ, ਸੁਖਵੀਰ ਸਿੰਘ, ਬਿੱਕਰ ਸਿੰਘ ਸੀਨੀ. ਮੀਤ ਪ੍ਰਧਾਨ, ਭਗਵੰਤ ਸਿੰਘ ਖਜ਼ਾਨਚੀ, ਗਗਨਦੀਪ ਸਿੰਘ ਸਹਾਇਕ ਖਜ਼ਾਨਚੀ, ਬਿੱਕਰ ਸਿੰਘ ਪ੍ਰਚਾਰ ਸਕੱਤਰ, ਦਰਸ਼ਨ ਸਿੰਘ, ਜਸਵੰਤ ਸਿੰਘ ਸੰਗਠਨ ਸਕੱਤਰ, ਗੁਰਪ੍ਰੀਤ ਸਿੰਘ ਪ੍ਰੈੱਸ ਸਕੱਤਰ, ਮੇਜਰ ਸਿੰਘ, ਦੀਦਾਰ ਸਿੰਘ, ਸਲਾਹਕਾਰ ਨਾਮਜ਼ਦ ਕੀਤੇ ਗਏ, ਜਦਕਿ ਪਿੰਡ ਮੀਰਹੇੜੀ ਇਕਾਈ ਦੇ ਕੀਤੇ ਗਏ ਗਠਨ ਵਿੱਚ ਗੁਰਚਰਨ ਸਿੰਘ ਪ੍ਰਧਾਨ, ਅਮਨਪ੍ਰੀਤ ਸਿੰਘ ਜਨਰਲ ਸਕੱਤਰ, ਦਵਿੰਦਰ ਸਿੰਘ ਮੀਤ ਪ੍ਰਧਾਨ, ਹਰਦੀਪ ਸਿੰਘ ਸੀਨੀ. ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਖਜ਼ਾਨਚੀ, ਪਰਦੀਪ ਸਿੰਘ ਸਹਾਇਕ ਖਜ਼ਾਨਚੀ, ਹਰਜੀਤ ਸਿੰਘ ਪ੍ਰਚਾਰ ਸਕੱਤਰ, ਕਰਨੈਲ ਸਿੰਘ ਸੰਗਠਨ ਸਕੱਤਰ, ਹਰਪ੍ਰੀਤ ਸਿੰਘ ਪ੍ਰੈੱਸ ਸਕੱਤਰ, ਦਲਜੀਤ ਸਿੰਘ, ਪਰਮਵੀਰ ਸਿੰਘ ਨੂੰ ਸਲਾਹਕਾਰ ਵਜੋਂ ਸ਼ੁਮਾਰ ਕੀਤਾ ਗਿਆ।

## ਫੈਕਟਰੀ 'ਚੋਂ ਦੋ ਵਾਰ ਸਾਮਾਨ ਚੋਰੀ, 4 ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਕੁਝ ਹੀ ਦਿਨਾਂ ਦੇ ਵਕਫ਼ੇ ਦੌਰਾਨ ਇੱਕੋ ਫੈਕਟਰੀ 'ਚ ਦੋ ਵਾਰ ਮਹਿੰਗੇ ਮੁੱਲ ਦਾ ਸਮਾਨ ਚੋਰੀ ਹੋ ਜਾਣ ਦਾ ਸਮਾਚਾਰ ਹੈ।ਮਾਲਵਿੰਦਰ ਸਿੰਘ ਨਾਮਕ ਵਿਅਕਤੀ ਨੇ ਦੱਸਿਆ ਕਿ ਸਰਹਿੰਦ ਦੇ ਪੁਰਾਣੇ ਬਾਈਪਾਸ 'ਤੇ ਉਸ ਦੀ ਲੈਂਡਮਾਰਕ ਸਾਈਨਬੋਰਡ ਪ੍ਰਾਈਵੇਟ ਲਿਮ: ਨਾਮਕ ਫੈਕਟਰੀ ਸਥਿਤ ਹੈ, ਜਿੱਥੋਂ ਬੀਤੀ 18 ਤੋਂ 20 ਜੁਲਾਈ ਦੇ ਦਰਮਿਆਨ ਟੂਟੀਆਂ, ਕਿਚਨ ਦੀਆਂ ਟੂਟੀਆਂ, ਮਿਗ ਵੈਲਡਿੰਗ ਰੋਡ ਕਾਪਰ ਵਾਇਰ, ਭਾਂਡੇ ਤਕਰੀਬਨ 150,200 ਸੈਟ ਸਮਾਨ ਚੋਰੀ ਹੋ ਗਿਆ।ਮਾਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਤੋਂ ਬਾਅਦ 21 ਤੇ 22 ਜੁਲਾਈ ਨੂੰ ਉਸਦੀ ਫੈਕਟਰੀ 'ਚੋਂ ਅਲਮੀਨੀਅਮ 20 ਡਰੰਮ (ਹਰੇਕ ਡਰੰਮ 50 ਕਿੱਲੋਗ੍ਰਾਮ ਦਾ), ਮੇਨ ਸਪਲਾਈ ਦੀਆਂ ਤਾਰਾਂ, ਜੈਨਰੇਟਰ ਦੀਆਂ ਬੈਟਰੀਆਂ, ਪਾਵਰ ਪਰੈਸ ਦੀਆਂ ਤਾਰਾਂ ਤੇ ਭਾਰੀ ਲੋਹੇ ਦੀ ਸਕਰੈਪ ਨਾਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਚੋਰੀ ਹੋਇਆ ਹੈ, ਜਿਸ ਸਬੰਧੀ ਉਨ੍ਹਾਂ ਵੱਲੋਂ ਪੁਲਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ।ਜਦੋਂ ਪੁਲਸ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ 4 ਚੋਰ ਗ੍ਰਿਫ਼ਤਾਰ ਕਰ ਲਏ ਹਨ ਤੇ ਤਫ਼ਤੀਸ਼ ਜਾਰੀ ਹੈ।

## 29 ਨੂੰ ਲਗਾਏ ਜਾ ਰਹੇ ਕੈਂਸਰ ਜਾਂਚ ਕੈਂਪ ਦਾ ਵੱਧ ਤੋਂ ਵੱਧ ਲੋਕ ਲਾਹਾ ਲੈਣ : ਸਵਿੰਦਰ ਧੰਜੂ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕੰਬੋਜ ਮਹਾਂਸਭਾ ਬਲਾਕ ਭੁਨਰਹੇੜੀ ਦੇ ਸਹਿਯੋਗ ਨਾਲ ਕੁਲਵੰਤ ਸਿੰਘ ਧਾਲੀਵਾਲ ਦੀ ਵਰਲਡ ਕੈਂਸਰ ਕੇਅਰ ਟੀਮ ਵੱਲੋਂ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਦੇਵੀਗੜ੍ਹ ਦੇ ਸੰਗਮ ਪੈਲੇਸ ਵਿਖੇ ਕੈਂਸਰ ਦੀ ਜਾਂਚ ਤੇ ਜਾਗਰੂਕਤਾ ਸਬੰਧੀ 29 ਜੁਲਾਈ ਨੂੰ ਜੋ ਕੈਂਪ ਲਗਾਇਆ ਜਾ ਰਿਹਾ ਹੈ, ਲੋਕ ਇਸ ਦਾ ਵੱਧ ਤੋਂ ਵੱਧ ਲਾਹਾ ਲੈਣ। ਕੰਬੋਜ ਭਾਈਚਾਰੇ ਦੀ ਆਗੂ ਤੇ ਨਗਰ ਪੰਚਾਇਤ ਦੇਵੀਗੜ੍ਹ ਦੀ ਪ੍ਰਧਾਨ ਬੀਬਾ ਸਵਿੰਦਰ ਕੌਰ ਧੰਜੂ ਤੇ ਮਾਤਾ ਗੁਜਰੀ ਸਕੂਲ ਦੇ ਨਿਰਦੇਸ਼ਕ ਤੇ ਕੰਬੋਜ ਮਹਾਂਸਭਾ ਦੇ ਆਗੂ ਭੁਪਿੰਦਰ ਸਿੰਘ ਕੰਬੋਜ ਮਹਾਂਸਭਾ ਦੇ ਪ੍ਰਧਾਨ ਸਵਿੰਦਰ ਸਿੰਘ ਧੰਜੂ ਜਨਰਲ ਸਕੱਤਰ ਦਵਿੰਦਰ ਸਿੰਘ ਮਾੜੂ, ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਜੀਤ ਸਿੰਘ ਮੀਰਾਂਪੁਰ, ਰਾਜਵਿੰਦਰ ਸਿੰਘ ਰਾਜੂ ਨੇ ਇਸ ਦੀ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੈਂਪ ਵਿੱਚ ਨਾ-ਮੁਰਾਦ ਬਿਮਾਰੀ ਕੈਂਸਰ ਦੇ ਜਾਂਚ ਟੈਸਟ ਫਰੀ ਕੀਤੇ ਜਾਣਗੇ ਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸਾਡੇ ਸਮਾਜ ਵਿੱਚ ਪੇਂਡੂ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਨਹੀਂ ਮਿਲ ਰਹੀਆਂ ਇਸ ਲਈ ਕੰਬੋਜ ਮਹਾਂਸਭਾ ਵੱਲੋਂ ਪੇਂਡੂ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦਾ ਜੋ ਉਪਰਾਲਾ ਕੀਤਾ ਗਿਆ ਹੈ, ਉਹ ਸ਼ਲਾਘਾਯੋਗ ਹੈ। ਇਸ ਕੈਂਪ 'ਚ ਔਰਤਾਂ ਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ, ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ, ਔਰਤਾਂ ਦੇ ਬੱਚੇਦਾਨੀ ਦੇ ਕੈਂਸਰ, ਔਰਤਾਂ ਤੇ ਮਰਦਾਂ ਦੇ ਮੂੰਹ ਦੇ ਕੈਂਸਰ, ਹੱਡੀਆਂ ਦੇ ਟੈਸਟ, ਮਰਦਾਂ ਦੇ ਗਦੂਦਾਂ ਦੇ ਕੈਂਸਰ, ਔਰਤਾਂ ਤੇ ਮਰਦਾਂ ਦੇ ਬਲੱਡ ਕੈਂਸਰ, ਔਰਤਾਂ ਤੇ ਮਰਦਾਂ ਦਾ ਸੂਗਰ ਤੇ ਬਲੱਡ ਪ੍ਰੈਸ਼ਰ ਟੈਸਟ ਤੋਂ ਇਲਾਵਾ ਸੂਗਰ ਬਲੱਡ ਪ੍ਰੈਸ਼ਰ ਆਮ ਬਿਮਾਰੀਆਂ ਸਬੰਧੀ ਕੈਂਪ 'ਚ ਮੁਫਤ ਜਾਂਚ ਕੀਤੀ ਜਾਵੇਗੀ ਅਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਰਜਿਸਟਰੇਸ਼ਨ ਕਰਵਾਉਣ ਲਈ ਮੋਬਾਇਲ ਨੰਬਰ 76528-88160 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਗੁਰਮੇਲ ਸਿੰਘ ਫਰੀਦਪੁਰ, ਭੁਪਿੰਦਰ ਸਿੰਘ ਕੰਕਰਿਆਂ ਵਾਲਾ, ਵਿਕਰਮ ਸਿੰਘ ਫਰੀਦਪੁਰ, ਕਾਮਰੇਡ ਰੇਸ਼ਮ ਸਿੰਘ ਆਜਾਦ ਤੇ ਕਾਲਾ ਧੰਜੂ, ਹਰਲਾਲ ਸਿੰਘ, ਦਲਵੀਰ ਸਿੰਘ ਧਾਂਦੀਆਂ, ਬਲਵੰਤ ਸਿੰਘ ਮਹਿਮੂਦਪੁਰ, ਜਿੱਤੂ ਥਿੰਦ, ਜਸਬੀਰ ਜੱਸੀ ਸਰਪੰਚ ਤੋਂ ਇਲਾਵਾ ਹੋਰ ਕਈ ਆਗੂ ਇਸ ਮੌਕੇ ਹਜ਼ਾਰ ਸਨ।

## ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੀ ਕਾਰਜਕਾਰਨੀ ਦਾ ਗਠਨ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਪ੍ਰਦੇਸ਼ ਵਪਾਰ ਮੰਡਲ (ਰਜਿ.) ਦੇ ਸੂਬਾ ਪ੍ਰਧਾਨ ਅਮਿਤ ਕਪੂਰ ਨੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੀ 21 ਮੈਂਬਰੀ ਕਾਰਜਕਾਰਨੀ ਕਮੇਟੀ ਦਾ ਐਲਾਨ ਕੀਤਾ ਹੈ, ਜਿਸ ਵਿੱਚ ਕਰਤਾਰ ਸਿੰਘ ਜੋੜਾ, ਕੇ.ਕੇ. ਬਠਿੰਡਾ ਤੋਂ ਮਹੇਸ਼ਵਰੀ ਤੇ ਰਮਾ ਸ਼ੰਕਰ, ਜੀਵਨ ਗੋਇਲ, ਜਲਾਲਾਬਾਦ ਤੋਂ ਅਸ਼ੋਕ ਅਨੇਜਾ ਤੇ ਸੁਰਿੰਦਰ ਪੁੰਛੀ, ਗਿੱਦੜਬਾਹਾ ਤੋਂ ਸੁਰਿੰਦਰ ਛਿੰਦੀ, ਲਾਲੀ ਸ਼ਰਮਾ, ਅਬੋਹਰ ਤੋਂ ਜਗਤ ਵਰਮਾ ਵੇਅਰਵੈੱਲ, ਮੁਕਤਸਰ ਤੋਂ ਬੰਟੀ ਗੋਇਲ, ਫ਼ਰੀਦਕੋਟ ਤੋਂ ਰਾਜਨ ਠਾਕੁਰ, ਫ਼ਿਰੋਜ਼ਪੁਰ ਤੋਂ ਸਤਪਾਲ ਸਚਦੇਵਾ, ਮਲੋਟ ਤੋਂ ਮੇਜਰ ਸਿੰਘ ਢਿੱਲੋਂ, ਰਾਜ ਰਸੇਵੱਟ, ਰਾਜਪੁਰਾ ਤੋਂ ਸ਼ਾਮ ਲਾਲ ਅਨੰਦ ਤੇ ਰਜਿੰਦਰ ਨਿੰਰਕਾਰੀ, ਰਾਮਪੁਰਾ ਤੋਂ ਸੁਨੀਲ ਬਿੱਟਾ, ਬਰਨਾਲਾ ਤੋਂ ਅਨਿਲ ਨਾਨਾ, ਜੈਤੋ ਤੋਂ ਰਘੁਨੰਦਨ ਪਰਾਸ਼ਰ, ਭੁੱਚੋ ਮੰਡੀ ਤੋਂ ਸੁਸ਼ੀਲ ਨਾਗਪਾਲ ਨੂੰ ਸ਼ਾਮਲ ਕੀਤਾ ਗਿਆ ਹੈ। ਸ੍ਰੀ ਕਪੂਰ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵਪਾਰ ਮੰਡਲ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ ਕਿ ਵਪਾਰ ਮੰਡਲ ਲੰਬੇ ਸਮੇਂ ਤੋਂ ਮੰਗ ਕਰ ਰਿਹਾ ਹੈ ਕਿ ਵਪਾਰੀ ਵਰਗ ਨੂੰ 60 ਸਾਲਾਂ ਬਾਅਦ ਸਰਕਾਰ ਤੋਂ ਸੇਵਾਮੁਕਤੀ ਪੈਨਸ਼ਨ ਤੇ ਕਿਸੇ ਵੀ ਅਚਾਨਕ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਦਿੱਤਾ ਜਾਵੇ। 21 ਮੈਂਬਰੀ ਕਾਰਜਕਾਰਨੀ ਦੀ ਪਹਿਲੀ ਮੀਟਿੰਗ ਬਹੁਤ ਜਲਦੀ ਬਠਿੰਡਾ ਵਿੱਚ ਹੋਵੇਗੀ, ਜਿਸ ਵਿੱਚ ਅੱਜਕੱਲ੍ਹ ਕਾਰੋਬਾਰੀਆਂ 'ਤੇ ਹੋ ਰਹੇ ਹਮਲਿਆਂ ਅਤੇ ਫਿਰੌਤੀਆਂ ਮੰਗਣ ਵਾਲੀਆਂ ਵਾਪਰ ਰਹੀਆਂ ਘਟਨਾਵਾਂ 'ਤੇ ਚਰਚਾ ਕੀਤੀ ਜਾਵੇਗੀ ਤੇ ਇਸ ਮੀਟਿੰਗ ਵਿੱਚ ਵੱਡੇ ਫੈਸਲੇ ਲਏ ਜਾਣ ਦੀ ਸੰਭਾਵਨਾ ਹੈ।

## ਭਲਕੇ ਮਨਾਇਆ ਜਾਵੇਗਾ ਗੁਰੂ ਦਕਸ਼ ਪ੍ਰਜਾਪਤੀ ਦਾ ਜਨਮ ਦਿਹਾੜਾ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਿੱਦੜਬਾਹਾ ਦੇ ਸਮੂਹ ਪ੍ਰਜਾਪਤ ਬਿਰਾਦਰੀ ਵੱਲੋਂ ਸ੍ਰੀ ਗੁਰੂ ਦਕਸ਼ ਪ੍ਰਜਾਪਤੀ ਜੀ ਮਹਾਰਾਜ ਦਾ ਜਨਮ ਦਿਹਾੜਾ ਸਮੂਹ ਪ੍ਰਜਾਪਤੀ ਬਿਰਾਦਰੀ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਧੂਮਧਾਮ ਨਾਲ 27 ਜੁਲਾਈ ਨੂੰ ਮਨਾਇਆ ਜਾਵੇਗਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਫੋਟੋਗ੍ਰਾਫਰ ਮਨਜੀਤ ਪਿਉਰੀ ਨੇ ਦੱਸਿਆ ਕਿ 27 ਜੁਲਾਈ ਨੂੰ ਪ੍ਰਜਾਪਤੀ ਧਰਮਸ਼ਾਲਾ, ਲੰਬੀ ਰੋਡ ਗਿੱਦੜਬਾਹਾ ਵਿਖੇ ਪਹਿਲਾਂ ਸਵੇਰੇ 9 ਵਜੇ ਪੰਡਿਤ ਜੀ ਵੱਲੋਂ ਹਵਨ ਕੀਤਾ ਜਾਵੇਗਾ ਤੇ ਉਸ ਤੋਂ ਬਾਅਦ 10 ਵਜੇ ਗੁਰੂ ਜੀ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਮੌਕੇ ਸ਼ਹਿਰ ਤੇ ਆਸ-ਪਾਸ ਦੇ ਪਿੰਡਾਂ ਦੇ ਸਮੂਹ ਪ੍ਰਜਾਪਤੀ ਭਾਈਚਾਰਾ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰੇਗਾ।ਇਸ ਮੌਕੇ ਡਾ. ਮੋਤੀ ਰਾਮ ਚੇਅਰਮੈਨ, ਡਾ. ਸੁਖਦੇਵ ਰਾਮ ਸਰਪ੍ਰਸਤ, ਬਾਬੂ ਰਾਮ ਮਾਰਵਲ ਬਲਾਕ ਪ੍ਰਧਾਨ, ਮਦਨ ਲਾਲ ਪ੍ਰਧਾਨ, ਸ਼ਾਮ ਲਾਲ ਸੈਕਟਰੀ, ਬਿੱਟੂ ਕੁਮਾਰ ਖਜ਼ਾਨਚੀ, ਰਾਮ ਪ੍ਰਸ਼ਾਦ ਵਾਈਸ ਪ੍ਰਧਾਨ, ਸੁਰਜੀਤ ਸਿੰਘ ਕਾਂਟੀਵਾਲ, ਸੰਦੀਪ ਕੁਮਾਰ ਤੇ ਰਿੰਕੂ ਕੁਮਾਰ ਆਦਿ ਹਾਜ਼ਰ ਸਨ।

## ਹਰੀਸ਼ ਚੰਦਰ ਦੀ ਡਾਕਟਰ ਦੀ ਡਿਗਰੀ ਦੀ ਜਾਂਚ ਤੋਂ ਮੈਡੀਕਲ ਅਫ਼ਸਰ ਨੇ ਵੱਟਿਆ ਪਾਸਾ

**ਜੈਤੋ (ਸਤੀਸ਼ ਕੁਮਾਰ ਭੀਰੀ)**-ਨਗਰ ਕੌਂਸਲ ਜੈਤੋ ਦੇ ਪ੍ਰਧਾਨ ਹਰੀਸ਼ ਚੰਦਰ ਵੱਲੋਂ ਡਾਕਟਰੀ ਦੀ ਕਿਸੇ ਪ੍ਰਮਾਣਿਤ ਡਿਗਰੀ ਦੇ ਬਿਨਾਂ ਆਪਣੇ ਆਪ ਨੂੰ ਡਾਕਟਰ ਦੱਸਣਾ ਤੇ ਲਗਾਤਾਰ ਇਸ ਨਕਲੀ ਪਛਾਣ ਹੇਠ ਲੋਕਾਂ ਦਾ ਇਲਾਜ ਕਰਨਾ ਨਾ ਸਿਰਫ਼ ਕਾਨੂੰਨੀ ਤੌਰ 'ਤੇ ਗਲਤ ਹੈ, ਸਗੋਂ ਮਨੁੱਖੀ ਜਾਨਾਂ ਨਾਲ ਖ਼ਿਲਵਾੜ ਦੇ ਸਮਾਨ ਹੈ।ਭਰੋਸੇਯੋਗ ਸਰੋਤਾਂ ਤੇ ਉਪਲਬਧ ਸਰਕਾਰੀ ਰਿਕਾਰਡਾਂ ਮੁਤਾਬਕ, ਹਰੀਸ਼ ਚੰਦਰ ਕੋਲ ਨਾ ਕੋਈ ਐੱਮ.ਬੀ.ਬੀ.ਐੱਸ. ਡਿਗਰੀ ਹੈ, ਨਾ ਹੀ ਆਯੁਰਵੈਦਿਕ ਜਾਂ ਹੋਰ ਕਿਸੇ ਤਰ੍ਹਾਂ ਦੀ ਵੈਦਕ ਪ੍ਰਮਾਣਤਾ, ਜੋ ਉਸ ਨੂੰ ਡਾਕਟਰ ਜਾਂ ਵੈਦ ਲਿਖਣ ਦਾ ਅਧਿਕਾਰ ਦਿੰਦੀ ਹੋਵੇ।ਇਸ ਦੇ ਬਾਵਜੂਦ ਉਹ ਪਿਛਲੇ ਕਈ ਸਾਲਾਂ ਤੋਂ ਮਲਟੀ ਸਪੈਸ਼ਲਿਸਟ ਡਾਕਟਰ ਬਣ ਕੇ ਲੋਕਾਂ ਨੂੰ ਠੱਗ ਰਿਹਾ ਹੈ।ਇਹ ਮਾਮਲਾ ਸਿਰਫ਼ ਜਾਲਸਾਜ਼ੀ ਦਾ ਨਹੀਂ, ਸਗੋਂ ਇੱਕ ਵਿਅਕਤੀ ਵੱਲੋਂ ਆਪਣੀ ਰਾਜਨੀਤਕ ਪਛਾਣ ਦੀ ਆੜ ਲੈ ਕੇ ਕਾਨੂੰਨ ਤੇ ਜ਼ਿੰਮੇਵਾਰ ਵਿਭਾਗਾਂ ਦੀਆਂ ਅੱਖਾਂ ਵਿੱਚ ਧੂਲ ਪਾਉਣ ਦਾ ਗੰਭੀਰ ਉਦਾਹਰਨ ਬਣ ਚੁੱਕਾ ਹੈ।ਹਰੀਸ਼ ਚੰਦਰ ਆਮ ਆਦਮੀ ਪਾਰਟੀ ਦਾ ਸੀਨੀਅਰ ਆਗੂ ਹੋਣ ਦੇ ਨਾਲ ਨਾਲ ਨਗਰ ਕੌਂਸਲ ਜੈਤੋ ਦਾ ਪ੍ਰਧਾਨ ਵੀ ਹੈ।ਇਹ ਰਾਜਨੀਤਕ ਹੈਸੀਅਤ ਹੀ ਉਨ੍ਹਾਂ ਨੂੰ ਕਾਨੂੰਨ ਤੋਂ ਉੱਤੇ ਮੰਨਣ ਦਾ ਹੌਸਲਾ ਦੇ ਰਹੀ ਹੈ।ਜਦੋਂ ਇਹ ਮਾਮਲਾ ਸਾਹਮਣੇ ਆਇਆ, ਤਾਂ ਜੈਤੋ ਵਾਸੀ ਐਡਵੋਕੇਟ ਸਤੀਸ਼ ਕੁਮਾਰ ਵੱਲੋਂ ਤੁਰੰਤ ਇਸ ਸੰਬੰਧੀ ਲਿਖਤੀ ਸ਼ਿਕਾਇਤ ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ. ਪੰਜਾਬ, ਐੱਸ.ਐੱਸ.ਪੀ. ਫਰੀਦਕੋਟ, ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਮੈਡੀਕਲ ਅਫ਼ਸਰ ਨੂੰ ਭੇਜੀ ਗਈ।ਹਾਲਾਂਕਿ ਇਸ ਨੂੰ ਡੇਢ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਾ ਹੈ, ਪਰ ਕਿਸੇ ਵੀ ਪੱਧਰ 'ਤੇ ਨਾ ਤਾਂ ਕੋਈ ਜਾਂਚ ਸ਼ੁਰੂ ਹੋਈ, ਨਾ ਹੀ ਕਿਸੇ ਅਧਿਕਾਰੀ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਕੋਈ ਕਾਰਵਾਈ ਕੀਤੀ ਗਈ।

ਜਦੋਂ ਮੀਡੀਆ ਵੱਲੋਂ ਜ਼ਿਲ੍ਹਾ ਮੈਡੀਕਲ ਅਫ਼ਸਰ ਫਰੀਦਕੋਟ ਚੰਦਰ ਸ਼ੇਖਰ ਕੱਕੜ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਪਹਿਲਾਂ ਉਹ ਉਪਲੱਬਧ ਨਹੀਂ ਹੋਏ।ਅੰਤ ਵਿੱਚ ਵੱਟਸਐਪ ਰਾਹੀਂ ਸੰਪਰਕ ਕਰਨ 'ਤੇ ਉਨ੍ਹਾਂ ਇਹ ਲਿਖ ਕੇ ਪਿੱਛਾ ਛੁਡਾ ਲਿਆ ਕਿ ਨਗਰ ਕੌਂਸਲ ਦੇ ਪ੍ਰਧਾਨ ਵੱਲੋਂ ਆਪਣੇ ਆਪ ਨੂੰ ਡਾਕਟਰ ਵੈਦ ਲਿਖਣ ਜਾਂ ਆਖਣ ਦੀ ਜਾਂਚ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ।ਇਹ ਬਿਆਨ ਸਵੈਮ ਵਿੱਚ ਇੱਕ ਚਿੰਤਾਜਨਕ ਸਵਾਲ ਖੜ੍ਹਾ ਕਰਦਾ ਹੈ ਕਿ ਜਦੋਂ ਜ਼ਿਲ੍ਹਾ ਮੈਡੀਕਲ ਅਫ਼ਸਰ ਵੀ ਆਪਣੇ ਹੱਥ ਝਾੜ ਰਹੇ ਹਨ, ਤਾਂ ਫਿਰ ਲੋਕ ਕਿਵੇਂ ਨਿਆਂ ਦੀ ਉਮੀਦ ਕਰ ਸਕਦੇ ਹਨ? ਸਵਾਲ ਇਹ ਨਹੀਂ ਕਿ ਜਾਂਚ ਕਿਸ ਵਿਭਾਗ ਅਧੀਨ ਆਉਂਦੀ ਹੈ।ਸਵਾਲ ਇਹ ਹੈ ਕਿ ਜਦੋਂ ਕਿਸੇ ਵਿਅਕਤੀ ਵੱਲੋਂ ਖੁਦ ਨੂੰ ਝੂਠਾ ਡਾਕਟਰ ਬਣ ਕੇ ਲੋਕਾਂ ਦੀ ਜ਼ਿੰਦਗੀ ਨਾਲ ਖੇਡਿਆ ਜਾ ਰਿਹਾ ਹੋਵੇ, ਤਾਂ ਸੂਬੇ ਦੀ ਸਰਕਾਰ, ਸਿਹਤ ਵਿਭਾਗ, ਪੁਲਸ ਤੇ ਸਿਵਲ ਪ੍ਰਸ਼ਾਸਨ ਵਿੱਚੋਂ ਕੋਈ ਇੱਕ ਵੀ ਅਜਿਹਾ ਵਿਭਾਗ ਕਿਉਂ ਨਹੀਂ, ਜੋ ਵਕਤ ਸਿਰ ਸੱਚਾਈ ਦਾ ਪਰਦਾਫਾਸ਼ ਕਰਕੇ ਜ਼ਿੰਮੇਵਾਰੀਆਂ ਨਿਭਾਵੇ?

# ਆਪ ਸਰਕਾਰ ਡਰੇਨਾਂ, ਨਹਿਰਾਂ ਤੇ ਸੂਇਆਂ ਦੀ ਸਫ਼ਾਈ ਕਰਨ 'ਚ ਨਾਕਾਮ : ਸੰਨੀ ਗਿੱਲ

### ਸੂਏ ਟੁੱਟਣ ਨਾਲ ਬਹੋਨਾ ਚੌਕ, ਕੋਠੇ ਪੱਤੀ ਮੁਹੱਬਤ ਰੋਡ ਤੇ ਸੰਧੂਆਂ ਵਾਲਾ 'ਚ ਘਰ ਪਾਣੀ 'ਚ ਡੁੱਬੇ



**ਮੋਗਾ (ਇਕਬਾਲ ਸਿੰਘ ਖਹਿਰਾ)**

ਬੀਤੇ ਦਿਨ ਮੋਹਲੇਧਾਰ ਪਈ ਬਾਰਸ਼ ਨੇ ਜਿੱਥੇ ਨਗਰ ਨਿਗਮ ਮੋਗਾ ਵੱਲੋਂ ਸੀਵਰੇਜ ਨਾਲਿਆਂ ਦੀ ਸਫ਼ਾਈ ਨਾ ਕਰਵਾਉਣ ਅਤੇ ਪੰਜਾਬ ਸਰਕਾਰ ਵੱਲੋਂ ਨਹਿਰਾਂ ਤੇ ਸੂਇਆਂ ਦੀ ਸਫ਼ਾਈ ਅਤੇ ਉਨ੍ਹਾਂ ਦੀ ਮੁਰੰਮਤ ਨਾ ਕਰਨ ਦੀ ਪੋਲ ਖੁੱਲ੍ਹ ਕੇ ਸਾਹਮਣੇ ਆ ਗਈ ਹੈ ਅਤੇ ਲੋਕਾਂ ਦੇ ਘਰ ਨਿਕਾਸੀ ਨਾ ਹੋਣ ਕਾਰਨ ਮੀਂਹ ਦੇ ਪਾਣੀ ਨਾਲ ਨੱਕੋ ਨੱਕ ਭਰ ਗਏ ਅਤੇ ਲੋਕਾਂ ਨੂੰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਤੇ ਘਰਾਂ ਦੇ ਵਿਹੜਿਆਂ ਵਿੱਚ ਪਾਣੀ ਭਰਨ ਨਾਲ ਲੋਕ ਸੜਕਾਂ 'ਤੇ ਸੌਣ ਲਈ ਮਜਬੂਰ ਹੋ ਗਏ। ਹੋਰ ਤਾਂ ਹੋਰ ਸ਼ਹਿਰ ਦਾ ਗੰਦੇ ਨਾਲੇ ਦਾ ਪਾਣੀ ਵੀ ਜਿੱਥੇ ਲੋਕਾਂ ਦੇ ਘਰਾਂ ਵਿੱਚ ਆ ਗਿਆ, ਉਥੇ ਉਹ ਪੀਣ ਵਾਲੇ ਪਾਣੀ ਵਿੱਚ ਵੀ ਮਿਕਸ ਹੋ ਗਿਆ ਤੇ ਲੋਕ ਪੀਣ ਵਾਲੇ ਸਾਫ ਪਾਣੀ ਨੂੰ ਵੀ ਤਰਸਦੇ ਰਹੇ, ਜਦਕਿ ਸੇਮ ਨਾਲਿਆਂ ਦੀ ਸਫ਼ਾਈ ਤੇ ਸੰਭਾਲ ਲਈ ਏਰੀਗੇਸ਼ਨ ਵਿਭਾਗ ਕੋਲ ਅਰਬਾਂ ਦਾ ਫੰਡ ਆਉਂਦਾ ਹੈ ਤੇ ਇਹ ਸਾਰਾ ਪੈਸਾ ਹੜੱਪ ਕਰ ਲਿਆ ਗਿਆ। ਇਸੇ ਤਰ੍ਹਾਂ ਨਗਰ ਨਿਗਮ ਮੋਗਾ ਕੋਲ਼ ਵੀ ਵੱਡੇ ਫੰਡ ਸੀਵਰੇਜ ਦੀ ਸਫ਼ਾਈ ਲਈ ਰਾਖਵੇਂ ਹੁੰਦੇ ਹਨ, ਪਰ ਉਹ ਫੰਡ ਵੀ ਕੁਰੱਪਸ਼ਨ ਦੀ ਭੇਟ ਚੜ੍ਹ ਗਏ ਤੇ ਅੱਜ ਨਗਰ ਨਿਗਮ ਮੋਗਾ ਦਾ ਮੇਅਰ ਦੱਸੇ ਕਿ ਜੋ ਸੀਵਰੇਜ ਹੋਲਾਂ ਦੀ ਸਫਾਈ ਲਈ ਕਰੋੜਾਂ ਰੁਪਏ ਦੇ ਫੰਡ ਪਾਸ ਹੋਏ ਸਨ, ਉਹ ਕਿੱਥੇ ਗਏ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੋਗਾ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸਥਾਨਕ ਸ਼ਹਿਰ ਦੇ ਆਸ-ਪਾਸ ਜਿੱਥੇ ਸੂਏ ਜਾਂਦੇ ਹਨ, ਜਿਵੇਂ ਕਿ ਬਹੋਨਾ ਚੌਕ, ਕੋਠੇ ਪੱਤੀ ਮੁਹੱਬਤ ਰੋਡ ਤੇ ਪਿੰਡ ਸੰਧੂਆਂ ਵਾਲਾ ਵਿੱਚ ਫਸਲਾਂ ਤੇ ਘਰਾਂ ਵਿੱਚ ਪਾਣੀ ਨੇ ਤਬਾਹੀ ਮਚਾ ਦਿੱਤੀ, ਪਰ ਸਰਕਾਰ ਮੂਕ ਦਰਸ਼ਕ ਬਣ ਕੇ ਲੋਕਾਂ ਦੀ ਹਾਹਾਕਾਰ ਵੇਖ ਰਹੀ ਹੈ।ਸੰਨੀ ਗਿੱਲ ਨੇ ਕਿਹਾ ਕਿ ਆਪ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਹਿੰਦਾ ਸੀ ਕਿ ਕਿਸਾਨਾਂ ਦੀਆਂ ਫਸਲਾਂ ਤੱਕ ਨਹਿਰੀ ਪਾਣੀ ਪਹੁੰਚਾ ਦਿੱਤਾ ਗਿਆ ਹੈ ਤੇ ਨਹਿਰਾਂ, ਕੱਸੀਆਂ ਤੇ ਸੂਇਆਂ ਦੀ ਸਫ਼ਾਈ ਕਰਵਾਈ ਜਾ ਰਹੀ ਹੈ, ਪਰ ਪਈ ਪਹਿਲੀ ਬਾਰਸ਼ ਨੇ ਹੀ ਸਾਬਿਤ ਕਰ ਦਿੱਤਾ ਕਿ ਸਰਕਾਰ ਦੇ ਦਾਅਵੇ ਖੋਖਲੇ ਹਨ।ਕਿਸਾਨਾਂ ਦੇ ਖੇਤਾਂ ਵਿੱਚ ਪਾਣੀ ਤਾਂ ਪਹੁੰਚਿਆ ਨਹੀਂ ਲੋਕਾਂ ਦੇ ਘਰਾਂ ਵਿੱਚ ਪਾਣੀ ਜ਼ਰੂਰ ਪਹੁੰਚਾ ਦਿੱਤਾ।ਜੇਕਰ ਸਫ਼ਾਈ ਕਰਵਾਈ ਹੁੰਦੀ ਤਾਂ ਅਜਿਹੇ ਹਾਲਾਤ ਨਹੀਂ ਸੀ ਬਣਨੇ।ਉਨ੍ਹਾਂ ਕਿਹਾ ਕਿ ਉਨ੍ਹਾਂ ਪਾਣੀ ਵਾਲੇ ਪ੍ਰਭਾਵਿਤ ਇਲਾਕਿਆਂ ਵਿੱਚ ਖੁਦ ਜਾ ਕੇ ਵੇਖਿਆ ਕਿ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਬਣੀ ਹੋਈ ਸੀ।ਲੋਕ ਪੰਜਾਬ ਸਰਕਾਰ, ਨਗਰ ਨਿਗਮ ਨੂੰ ਕੋਸ ਰਹੇ ਹਨ।ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਜਦੋਂ ਇਸ ਵਰਤਾਰੇ ਦੇ ਖਿਲਾਫ ਲੋਕਾਂ ਵੱਲੋਂ ਆਪਣੀ ਆਵਾਜ਼ ਬੁਲੰਦ ਕਰਨ ਲਈ ਧਰਨਾ ਦਿੱਤਾ ਗਿਆ, ਤਾਂ ਪੁਲਸ ਵੱਲੋਂ ਉਸ ਨੂੰ ਜਬਰੀ ਚੁਕਵਾਇਆ ਗਿਆ, ਜਿਸ ਨੇ ਇਹ ਸਾਬਿਤ ਕਰ ਦਿੱਤਾ ਕਿ ਆਪ ਸਰਕਾਰ ਵਿੱਚ ਲੋਕਾਂ ਦੀ ਕੋਈ ਸੁਣਵਾਈ ਨਹੀਂ।

## ਭਵਾਨੀਗੜ੍ਹ, ਸੁਨਾਮ, ਕੋਟਸ਼ਮੀਰ ਰੋਡ ਦਾ ਨਾਂਅ ਹੋਵੇਗਾ ਸ਼ਹੀਦ ਊਧਮ ਸਿੰਘ ਮਾਰਗ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਵਾਨੀਗੜ੍ਹ ਸੁਨਾਮ ਕੋਟਸ਼ਮੀਰ ਰੋਡ ਦਾ ਨਾਂਅ ਸ਼ਹੀਦ ਊਧਮ ਸਿੰਘ ਮਾਰਗ ਹੋਵੇਗਾ ਖ਼ਬਰ ਫੈਲਦਿਆਂ ਹੀ ਸ਼ਹੀਦ ਊਧਮ ਸਿੰਘ ਦੇ ਵਾਰਸਾਂ ਉਨ੍ਹਾਂ ਨਾਲ ਸਬੰਧਤ ਵੱਖ-ਵੱਖ ਕਮੇਟੀਆਂ ਤੇ ਸਮੁੱਚੇ ਕੰਬੋਜ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਸ਼ਹੀਦ ਊਧਮ ਸਿੰਘ ਯਾਦਗਾਰੀ ਕਮੇਟੀ ਮੇਨ ਦੇ ਪ੍ਰਧਾਨ ਮਨਦੀਪ ਸਿੰਘ ਜੋਸ਼ਨ ਸਰਪ੍ਰਸਤ ਮਾਸਟਰ ਕੇਹਰ ਸਿੰਘ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨਾਲ ਸਬੰਧਤ ਵੱਖ ਵੱਖ ਕਮੇਟੀਆਂ ਤੇ ਕੰਬੋਜ ਭਾਈਚਾਰੇ ਦੇ ਲੋਕਾਂ ਦੀਆਂ ਆਸਾਂ ਅਤੇ ਭਾਵਨਾਵਾਂ ਨੂੰ ਉਸ ਸਮੇਂ ਬੂਰ ਪਿਆ, ਜਦੋਂ ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਭਵਾਨੀਗੜ੍ਹ ਸੁਨਾਮ ਕੋਟਸ਼ਮੀਰ ਸ਼ਹੀਦ ਊਧਮ ਸਿੰਘ ਮਾਰਗ ਪਾਸ ਕੀਤੇ ਜਾਣ ਬਾਰੇ ਇਕ ਪੱਤਰ ਜਾਰੀ ਕਰਕੇ ਇਹ ਜਾਣਕਾਰੀ ਸਾਂਝੀ ਕੀਤੀ ਕਿ ਭਵਾਨੀਗੜ੍ਹ ਤੋਂ ਕੋਟਸ਼ਮੀਰ ਵਾਇਆ ਭੀਖੀ ਮਾਰਗ ਦਾ ਨਾਂਅ ਸ਼ਹੀਦ ਊਧਮ ਸਿੰਘ ਮਾਰਗ ਪਾਸ ਕਰ ਦਿੱਤਾ ਗਿਆ ਹੈ।ਮਨਦੀਪ ਸਿੰਘ ਜੋਸ਼ਨ ਨੇ ਪੰਜਾਬ ਸਰਕਾਰ ਖਾਸ ਕਰਕੇ ਕੈਬਨਿਟ ਮੰਤਰੀ ਅਮਨ ਅਰੋੜਾ, ਜਲਾਲਾਬਾਦ ਦੇ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਤੇ ਪੱਛੜੀਆਂ ਸ਼੍ਰੇਣੀਆਂ ਦੇ ਚੇਅਰਮੈਨ ਡਾ. ਮਲਕੀਅਤ ਸਿੰਘ ਥਿੰਦ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਆਗੂਆਂ ਦੀ ਮਹਿਨਤ ਸਦਕਾ ਹੀ ਉਨ੍ਹਾਂ ਦੀ ਚਿਰਾਂ ਤੋਂ ਉਪੇਕਸ਼ਤ ਮੰਗ ਨੂੰ ਪੰਜਾਬ ਸਰਕਾਰ ਨੇ ਪ੍ਰਵਾਨਗੀ ਦੇ ਕੇ ਸ਼ਹੀਦ ਦੀ ਸ਼ਹਾਦਤ ਨੂੰ ਨਮਨ ਕੀਤਾ ਹੈ।

## ਬੇਰੁਜ਼ਗਾਰ ਬੀ ਐੱਡ ਟੈਟ ਪਾਸ ਅਧਿਆਪਕ ਭਲਕੇ ਕਰਨਗੇ ਰੋਸ ਪ੍ਰਦਰਸ਼ਨ : ਘੁਬਾਇਆ, ਧੌਲਾ



**ਸੰਗਰੂਰ (ਪ੍ਰਵੀਨ ਸਿੰਘ)**-ਮਾਸਟਰ ਕੇਡਰ ਤੇ ਲੈਕਚਰਾਰ ਕੇਡਰ ਉੱਪਰ ਸਰਕਾਰ ਵੱਲੋਂ 55% ਦੀ ਬੇਤੁਕੀ ਸ਼ਰਤ ਲਾ ਰੱਖੀ ਹੈ ਅਤੇ ਮਾਸਟਰ ਕੇਡਰ ਤੇ ਲੈਕਚਰਾਰ ਦੀਆਂ ਮੰਗਾਂ ਨੂੰ ਲੈ ਕੇ ਬੀ ਐੱਡ ਟੈਟ ਪਾਸ ਯੂਨੀਅਨ ਪਿਛਲੇ 40 ਮਹੀਨਿਆਂ ਤੋਂ ਸਰਕਾਰ ਨਾਲ ਲੜ ਰਹੀ ਹੈ।ਅਨੇਕਾਂ ਬੇਰੁਜ਼ਗਾਰ ਅਧਿਆਪਕ ਹਰ ਸਾਲ ਓਵਰ ਏਜ ਹੋ ਰਹੇ ਨੇ, ਉਨ੍ਹਾਂ ਲਈ ਸਰਕਾਰ ਮੌਕਾ ਦੇਵੇ।ਸਰਕਾਰ ਨੇ ਅਨੇਕਾਂ ਮੀਟਿੰਗਾਂ ਕੀਤੀਆਂ, ਜਿਨ੍ਹਾਂ ਵਿੱਚ ਇਹ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ਹੱਲ ਕਰ ਦਿੱਤੀਆਂ ਜਾਣਗੀਆਂ।ਤੁਹਾਨੂੰ ਜਲਦ ਖੁਸ਼ਖਬਰੀ ਮਿਲੇਗੀ, ਪਰ ਸਰਕਾਰ ਬਿਲਕੁਲ ਵਾਅਦਾ ਖਿਲਾਫੀ ਸਾਬਿਤ ਹੋਈ ਹੈ।ਸਰਕਾਰ ਬੇਰੁਜ਼ਗਾਰ ਅਧਿਆਪਕਾਂ ਨਾਲ ਕੀਤੇ ਵਾਅਦੇ ਵੱਲ ਨਹੀ ਵੱਧ ਰਹੀ।ਸੂਬਾ ਪ੍ਰਧਾਨ ਜਸਵੰਤ ਘੁਬਾਇਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਜਿਵੇਂ ਜਿਵੇਂ ਸਰਕਾਰ ਦੀ ਟਰਮ ਪੂਰੀ ਹੋ ਰਹੀ ਹੈ, ਬੇਰੁਜ਼ਗਾਰਾਂ ਨਾਲ਼ ਧੱਕਾ ਕੀਤਾ ਜਾ ਰਿਹਾ ਹੈ।ਇਸੇ ਤਰ੍ਹਾਂ ਨਵੇਂ ਨਵੇਂ ਮੁਲਾਜ਼ਮ ਵਿਰੋਧੀ ਰੂਲ, ਨਵੀਆਂ ਭਰਤੀਆਂ ਉੱਪਰ ਥੋਪੇ ਜਾ ਰਹੇ ਹਨ।ਸਰਕਾਰ ਬੇਰੁਜ਼ਗਾਰਾਂ ਦੀਆਂ ਮੰਗਾਂ ਹੱਲ ਕਰਨ ਦੀ ਬਜਾਏ ਉਨ੍ਹਾਂ 'ਤੇ ਗਲਤ ਨੀਤੀਆਂ ਲਿਆ ਕੇ ਬੇਰੁਜ਼ਗਾਰਾਂ ਨੂੰ ਮਾਸਟਰ ਕੇਡਰ ਤੇ ਲੈਕਚਰਾਰ ਦੀ ਭਰਤੀ ਵਿੱਚੋਂ ਬਾਹਰ ਕੱਢਣਾ ਚਾਹੁੰਦੀ ਹੈ।ਗ਼ਲਤ ਨੀਤੀਆਂ ਨੂੰ ਦੇਖਦੇ ਹੋਏ ਬੇਰੁਜ਼ਗਾਰ ਅਧਿਆਪਕਾਂ ਦੁਆਰਾ 27 ਜੁਲਾਈ ਨੂੰ ਸੁਨਾਮ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਤੇ ਜਲਾਲਾਬਾਦ ਜਗਦੀਪ ਕੰਬੋਜ ਗੋਲਡੀ ਦੀ ਕੋਠੀ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਜੇਕਰ ਬੇਰੁਜ਼ਗਾਰ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਹੱਲ ਨਹੀਂ ਹੁੰਦੀਆਂ ਤਾਂ ਬੇਰੁਜ਼ਗਾਰ ਤਿੱਖੇ ਐਕਸ਼ਨ ਵੱਲ ਵਧਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਧੌਲਾ, ਮਮਨਦੀਪ, ਗੁਰਜਿੰਦਰ ਸਿੰਘ, ਦਵਿੰਦਰ ਕੌਰ, ਮਨਦੀਪ, ਸਤਨਾਮ, ਲਵਪ੍ਰੀਤ ਕੌਰ ਆਦਿ ਹਾਜ਼ਰ ਸਨ।

## ਬੱਚਿਆਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਦਿੱਤੀ ਜਾਣਕਾਰੀ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨੇੜਲੇ ਪਿੰਡ ਮੋਜੋਵਾਲ ਦੇ ਸਰਕਾਰੀ ਹਾਈ ਸਕੂਲ ਵਿਖੇ ਪਰਾਲੀ ਸਾੜਨ ਸਬੰਧੀ ਇਕ ਲੈਕਚਰਾਰ ਕਰਵਾਇਆ ਗਿਆ, ਜਿਸ ਵਿੱਚ ਸਾਬਕਾ ਅਧਿਆਪਕ ਸ੍ਰ. ਰਣਜੀਤ ਸਿੰਘ ਛਾਜਲਾ ਨੇ ਬੱਚਿਆਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾ ਬੱਚਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪਰਾਲੀ ਸਾੜਨ ਨਾਲ ਸਾਡੀ ਮਿੱਟੀ ਦੇ ਪੌਸ਼ਟਿਕ ਤੱਤ ਕਮਜ਼ੋਰ ਹੋ ਜਾਂਦੇ ਹਨ, ਜਿਵੇਂ ਕੈਲਸ਼ੀਅਮ, ਮੈਗਨੀਸ਼ੀਅਮ ਤੇ ਆਇਰਨ ਵਰਗੇ ਤੱਤ ਕਮਜ਼ੋਰ ਹੋ ਜਾਂਦੇ ਹਨ, ਜਿਸ ਕਰਕੇ ਧਰਤੀ ਦੀ ਉਪਜਾਊ ਸ਼ਕਤੀ ਘਟ ਜਾਂਦੀ ਹੈ।ਇਸ ਤੋਂ ਇਲਾਵਾ ਇਸ ਨਾਲ ਹਵਾ ਵਿੱਚ ਪ੍ਰਦੂਸ਼ਣ ਵੱਧ ਜਾਂਦਾ ਹੈ, ਜਿਸ ਨਾਲ ਅਨੇਕਾਂ ਤਰ੍ਹਾਂ ਦੇ ਜਾਨਵਰ ਤੇ ਪੰਛੀ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ।ਇਸ ਨਾਲ ਮਨੁੱਖੀ ਸਿਹਤ 'ਤੇ ਵੀ ਗਹਿਰਾ ਅਸਰ ਪੈਂਦਾ ਹੈ, ਜਿਸ ਨਾਲ ਸਾਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ।ਜ਼ਹਿਰੀਲਾ ਧੂੰਆਂ ਜਦੋਂ ਵਾਤਾਵਰਣ ਵਿੱਚ ਰਲ ਜਾਂਦਾ ਹੈ ਤਾਂ ਸਾਨੂੰ ਸਾਹ ਤੇ ਚਮੜੀ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ।ਸੜਕਾਂ ਦੇ ਕਿਨਾਰੇ ਲਾਈ ਅੱਗ ਕਈ ਹਾਦਸਿਆਂ ਨੂੰ ਸੱਦਾ ਦਿੰਦੀ ਹੈ, ਨਾਲ ਹੀ ਸੜਕ ਕਿਨਾਰੇ ਖੜ੍ਹੇ ਰੁੱਖਾਂ ਦਾ ਨੁਕਸਾਨ ਹੁੰਦਾ ਹੈ, ਜਿਨ੍ਹਾਂ ਦੀ ਇਸ ਸਮੇਂ ਬਹੁਤ ਹੀ ਜ਼ਰੂਰਤ ਹੈ। ਇਸ ਮੌਕੇ ਸਕੂਲ ਸਟਾਫ ਸ੍ਰੀਮਤੀ ਗੀਤੂ ਰਾਣੀ ਹੈੱਡਮਿਸਟ੍ਰੈਸ, ਰਾਮਜੀਤ ਕੌਰ, ਰਮਨਦੀਪ ਕੌਰ, ਪ੍ਰਿਅੰਕਾ ਜਿੰਦਲ, ਰਜਨੀ ਕੌਰ, ਹਰਪ੍ਰੀਤ ਕੌਰ, ਹਰਵਿੰਦਰ ਸਿੰਘ, ਸੰਜੀਵ ਜੋਸ਼ੀ, ਕੰਚਨਾ ਬਾਲਾ, ਸੁਖਵਿੰਦਰ ਸਿੰਘ ਤੇ ਦਵਿੰਦਰ ਕੁਮਾਰ ਹਾਜ਼ਰ ਸਨ।

## ਪਾਵਰਕਾਮ, ਟਰਾਂਸਕੋ ਪੈਨਸ਼ਨਰਾਂ ਵੱਲੋਂ ਬਕਾਏ ਦੇਣ ਦੀ ਮੰਗ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਏਟਕ) ਦੇ ਵਫ਼ਦ ਨੇ ਇੰਜ: ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ ਤੇ ਸ੍ਰ: ਸੁਖਜੰਟ ਸਿੰਘ ਸੂਬਾ ਖਜ਼ਾਨਚੀ ਦੀ ਅਗਵਾਈ ਵਿੱਚ ਸ੍ਰੀ ਐੱਸ ਕੇ ਬੇਰੀ ਡਾਇਰੈਕਟਰ/ਵਿੱਤ ਪਾਵਰਕਾਮ ਨਾਲ਼ ਮੁਲਾਕਾਤ ਕਰਕੇ ਜਾਣਕਾਰੀ ਦਿੱਤੀ ਗਈ ਕਿ ਪੇ-ਕਮਿਸ਼ਨ ਦੇ ਬਕਾਇਆਂ ਦੀ ਅਦਾਇਗੀ ਪਾਵਰਕਾਮ ਵੱਲੋਂ ਜਾਰੀ ਕੀਤੇ ਸ਼ਡਿਊਲ ਮੁਤਾਬਿਕ ਅਜੇ ਤੱਕ ਨਹੀਂ ਕੀਤੀ ਗਈ ਹੈ, ਜਿਸ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ।ਭਾਵੇਂ ਕਿ ਬਕਾਇਆ ਦੀ ਅਦਾਇਗੀ ਜੂਨ 2025 ਦੇ ਅੰਤ ਤੱਕ ਯਕੀਨੀ ਬਣਾਉਣ ਲਈ ਸਖਤ ਹਦਾਇਤਾਂ ਜਾਰੀ ਹੋਈਆਂ ਸਨ, ਪ੍ਰੰਤੂ ਵੱਖ-ਵੱਖ ਡੀ.ਡੀ.ਓਜ਼ ਵੱਲੋਂ ਪਾਵਰਕਾਮ ਵੱਲੋਂ ਜਾਰੀ ਹਦਾਇਤਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ ਹੈ।ਡਾਇਰੈਕਟਰ/ਵਿੱਤ ਨੇ ਵਫ਼ਦ ਨੂੰ ਯਕੀਨ ਦਿਵਾਇਆ ਕਿ ਪਾਵਰਕਾਮ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਬਕਾਇਆ ਦੀ ਅਦਾਇਗੀ ਅਗਸਤ 2025 ਦੇ ਪਹਿਲੇ ਹਫ਼ਤੇ ਤੱਕ ਹਰ ਹਾਲਤ ਵਿੱਚ ਯਕੀਨੀ ਬਣਾਈ ਜਾਵੇਗੀ।ਵਫ਼ਦ ਵੱਲੋਂ ਪਾਵਰਕਾਮ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਅਗਸਤ 2025 ਦੇ ਪਹਿਲੇ ਹਫਤੇ ਤੱਕ ਬਣਦੀ ਅਦਾਇਗੀ ਨਾ ਕੀਤੀ ਗਈ ਤਾਂ ਅਗਸਤ ਦੇ ਦੂਜੇ ਪੜਾਅ ਵਿੱਚ ਜਥੇਬੰਦੀ ਵੱਲੋਂ ਸੰਘਰਸ਼ ਸ਼ੁਰੂ ਕਰ ਦਿੱਤਾ ਜਾਏਗਾ, ਜਿਸ ਲਈ ਪਾਵਰਕਾਮ ਮੈਨੇਜਮੈਂਟ ਜ਼ਿੰਮੇਵਾਰ ਹੋਵੇਗੀ। ਇੰਜ. ਹਰਜੀਤ ਸਿੰਘ ਸਕੱਤਰ ਹੈੱਡ ਆਫਿਸ ਯੂਨਿਟ ਨੇ ਜਾਣਕਾਰੀ ਦਿੱਤੀ ਕਿ ਵਫ਼ਦ ਵਿੱਚ ਸੂਬਾ ਕਮੇਟੀ ਦੇ ਮਦਨ ਗੋਪਾਲ ਮੀਤ ਪ੍ਰਧਾਨ, ਭਿੰਦਰ ਸਿੰਘ ਚਹਿਲ ਸਕੱਤਰ ਤੋਂ ਇਲਾਵਾ ਬ੍ਰਿਜ ਮੋਹਨ ਪ੍ਰਧਾਨ ਮੋਹਾਲੀ ਸਰਕਲ ਤੇ ਹੈੱਡ ਆਫਿਸ ਯੂਨਿਟ ਦੇ ਇੰਜ. ਜਗਤਾਰ ਸਿੰਘ ਮੀਤ ਪ੍ਰਧਾਨ ਤੇ ਸ੍ਰ: ਅਮਰਜੀਤ ਸਿੰਘ ਖਜ਼ਾਨਚੀ ਸ਼ਾਮਲ ਸਨ।

## ਵਰਕਿੰਗ ਕਮੇਟੀ ਦਾ ਮੈਂਬਰ ਬਣਨ 'ਤੇ ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਦਾ ਸਨਮਾਨ ਸਮਾਰੋਹ 'ਚ 150 ਦੇ ਕਰੀਬ ਨੌਜਵਾਨ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਹਲਕਾ ਮਲੋਟ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਨੁਮਾਇੰਦਗੀ ਕਰਨ ਵਾਲੇ ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟ ਭਾਈ ਦਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਬਣਨ 'ਤੇ ਸਨਮਾਨ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਹਰਪ੍ਰੀਤ ਸਿੰਘ ਕੋਟ ਭਾਈ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਪ੍ਰਧਾਨ ਜਸ਼ਨ ਔਲਖ ਲੱਕੜਵਾਲਾ ਮਹਿਫਲ ਭੁੱਲਰ, ਅਮਨਦੀਪ ਸਿੰਘ, ਆਗਿਆ ਪਾਲ ਸੰਧੂ, ਅਭੀ ਸੇਖੋਂ, ਹਿਰਦੇ ਪਾਲ ਸਿੰਘ ਦੀ ਅਗਵਾਈ ਵਿੱਚ 150 ਦੇ ਕਰੀਬ ਕਾਲਜਾਂ ਤੇ ਪਿੰਡਾਂ ਤੋਂ ਆਏ ਨੌਜਵਾਨਾਂ ਦੀ ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ ਨਾਲ ਮੁਲਾਕਾਤ ਕਰਵਾਈ ਗਈ ਤੇ ਇਨ੍ਹਾਂ ਨੌਜਵਾਨਾਂ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਕੇ ਪੰਥ ਦੀ ਸੇਵਾ ਕਰਨ ਦਾ ਪ੍ਰਣ ਲਿਆ। ਇਸ ਮੌਕੇ ਸੀਨੀਅਰ ਆਗੂ ਬਸੰਤ ਸਿੰਘ ਕੰਗ, ਸੁਖਿੰਦਰ ਸਿੰਘ ਭੁੱਲਰਸ ਸੁੱਖੀ ਉੜਾਂਗ, ਲਵਪ੍ਰੀਤ ਸਿੰਘ ਲੱਪੀ, ਗੁਰਵਿੰਦਰ ਸਿੰਘ ਫੂਲੇਵਾਲਾ, ਗੁਰਸਮਿੰਦਰ ਸਿੰਘ ਟੋਨਾ ਲੱਖੇਵਾਲੀ, ਅਸ਼ੋਕ ਬਜਾਜ ਪ੍ਰਧਾਨ, ਗੁਰ ਸਿਮਰਨ ਸਿੰਘ ਭੁੱਲਰ, ਲਾਡੀ ਈਨਾ ਖੇੜਾ, ਮਨਜਿੰਦਰ ਝੋਰੜ ਹਾਜ਼ਰ ਸਨ।

## ਐੱਮ ਏ ਪੰਜਾਬੀ ਦੇ ਤੀਜੇ ਸਮੈਸਟਰ ਦੇ ਨਤੀਜੇ ਸ਼ਾਨਦਾਰ ਰਹੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਐਮ.ਏ ਪੰਜਾਬੀ ਤੀਜੇ ਸਮੈਸਟਰ ਦੇ ਫ਼ਤਿਹ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ।ਪੰਜਾਬੀ ਵਿਭਾਗ ਮੁਖੀ ਅਸਿਸਟੈਂਟ ਪ੍ਰੋਫੈਸਰ ਹਰਜੀਤ ਕੌਰ ਨੇ ਦੱਸਿਆ ਕਿ ਵਿਦਿਆਰਥੀ ਜਸਵੀਰ ਕੌਰ ਪਿੰਡ ਕੁੱਤੀਵਾਲ ਨੇ 8.40 ਐਸਜੀਪੀਏ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ।ਜਸਪ੍ਰੀਤ ਕੌਰ, ਪੁੱਤਰੀ ਕਸ਼ਮੀਰ ਸਿੰਘ, ਪਿੰਡ ਚੰਨਣਵਾਲ ਦੀ ਰਹਿਣ ਵਾਲੀ ਨੇ 7.80 ਐਸਜੀਪੀਏ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ।ਤੀਜਾ ਸਥਾਨ ਖੁਸ਼ਪ੍ਰੀਤ ਕੌਰ ਨੇ ਹਾਸਲ ਕੀਤਾ, ਜੋ ਕਿ ਪਿੰਡ ਕੋਟੜਾ ਕੌੜਾ ਦੀ ਰਹਿਣ ਵਾਲੀ ਤੇ ਮਹਿੰਦਰਪਾਲ ਸਿੰਘ ਦੀ ਧੀ ਹੈ, ਜਿਸ ਨੇ 7.60 ਐਸਜੀਪੀਏ ਪ੍ਰਾਪਤ ਕੀਤਾ।ਵਿਭਾਗ ਦੇ ਨਤੀਜੇ ਨੂੰ ਲੈ ਕੇ ਸੰਸਥਾ ਵਿੱਚ ਖੁਸ਼ੀ ਦੀ ਲਹਿਰ ਹੈ।ਵਿਭਾਗ ਮੁਖੀ ਪ੍ਰੋਫੈਸਰ ਹਰਜੀਤ ਕੌਰ, ਪ੍ਰੋ. ਰੌਬਿਨ ਮੰਗਲਾ ਤੇ ਪ੍ਰੋ. ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਇਹ ਕਾਮਯਾਬੀ ਹਾਸਲ ਕੀਤੀ ਹੈ।ਚੇਅਰਮੈਨ ਐਸ.ਐਸ.ਚੱਠਾ ਨੇ ਨਤੀਜੇ 'ਤੇ ਪ੍ਰਸੰਨਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਨਤੀਜਾ ਸਿੱਖਿਆ ਦੇ ਉੱਚੇ ਮਿਆਰ, ਵਿਦਿਆਰਥੀਆਂ ਦੀ ਲਗਨ ਤੇ ਅਧਿਆਪਕਾਂ ਦੀ ਸਮਰਪਣ ਭਾਵਨਾ ਦਾ ਨਤੀਜਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਸ ਕਾਮਯਾਬੀ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸੰਸਥਾ ਅਕਾਦਮਿਕ ਖੇਤਰ ਵਿੱਚ ਵੱਡੇ ਪੱਧਰ 'ਤੇ ਵਧ ਰਹੀ ਹੈ ਤੇ ਅਸੀਂ ਆਗਾਮੀ ਸਮੇਂ ਵਿੱਚ ਹੋਰ ਵੀ ਵਧੀਆ ਨਤੀਜਿਆਂ ਦੀ ਉਮੀਦ ਕਰਦੇ ਹਾਂ। ਐਮ ਡੀ ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ ਜਗਵਿੰਦਰ ਸਿੰਘਸਿੱਧੂ, ਪ੍ਰਿੰਸੀਪਲ ਬਘੇਲ ਸਿੰਘ, ਸੀਨੀਅਰ ਪ੍ਰੋਫੈਸਰ ਕੁਮਾਰੀ ਸ਼ੈਲਜਾ, ਐਜੂਕੇਸ਼ਨ ਵਿਭਾਗ ਮੁਖੀ ਸੰਦੀਪ ਕੌਰ ਨੇ ਪੰਜਾਬੀ ਵਿਭਾਗ ਦੇ ਆਏ ਸੌ ਪ੍ਰਤੀਸ਼ਤ ਨਤੀਜਿਆਂ ਤੇ ਖੁਸ਼ੀ ਜ਼ਾਹਰ ਕੀਤੀ।

## ਪੰਜਾਬ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਪ੍ਰਾਪਤ ਕੀਤੀਆਂ ਪਹਿਲੀਆਂ ਪੁਜ਼ੀਸ਼ਨਾਂ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਦੀ ਯੋਗ ਅਗਵਾਈ ਵਿੱਚ ਵਿਦਿਆਰਥੀਆਂ ਦੇ ਪੜ੍ਹਾਈ ਦੇ ਨਾਲ-ਨਾਲ ਸਰੀਰਕ ਤੇ ਮਾਨਸਿਕ ਵਿਕਾਸ ਲਈ ਹਮੇਸ਼ਾ ਤਤਪਰ ਹੈ, ਦੇ ਵਿਦਿਆਰਥੀਆਂ ਵੱਲੋਂ ਹਰ ਵਾਰ ਦੀ ਤਰ੍ਹਾਂ ਇਸ ਸਾਲ ਵੀ ਜ਼ੋਨ ਪੱਧਰ 'ਤੇ ਹੋਏ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਗਈਆਂ।ਇਨ੍ਹਾਂ ਮੁਕਾਬਲਿਆਂ ਵਿੱਚ ਸ਼ਤਰੰਜ ਤੇ ਰੱਸਾਕਸ਼ੀ (ਲੜਕੀਆਂ) ਦੇ ਮੁਕਾਬਲੇ ਸਰਕਾਰੀ ਹਾਈ ਸਕੂਲ ਲੰਗੇਆਣਾ ਵਿਖੇ ਹੋਏ।ਅੰਡਰ-19 ਵਿੱਚ ਪੰਜਾਬ ਕੋ ਐਜੂਕੇਸ਼ਨ ਸਕੂਲ ਨੇ ਗੁਰੂ ਹਰਗੋਬਿੰਦ ਸਿੰਘ ਸਕੂਲ ਕੋਟਲਾ ਮੇਹਰ ਸਿੰਘ ਵਾਲਾ ਨੂੰ ਹਰਾ ਕੇ ਰੱਸਾਕਸ਼ੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਅੰਡਰ-17 ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸ਼ਤਰੰਜ ਅੰਡਰ-14 ਵਿੱਚ ਪੰਜਾਬ ਕੋ ਐਜੂਕੇਸ਼ਨ ਸਕੂਨ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨੂੰ ਹਰਾ ਕੇ ਪਹਿਲਾ ਤੇ ਅੰਡਰ-19 ਵਿੱਚ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਅੰਡਰ-19 ਸ਼ਤਰੰਜ ਵਿੱਚ ਪੰਜਾਬ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਲੜਕਿਆਂ ਨੇ ਸਪਰਿੰਗ ਫੀਲਡ ਕਾਨਵੈਂਟ ਸਕੂਲ ਨੂੰ ਹਰਾ ਕੇ ਪਹਿਲਾ ਸਥਾਨ ਤੇ ਅੰਡਰ-17 ਵਿੱਚ ਸਰਕਾਰੀ ਸਕੂਲ ਲੰਗੇਆਣਾ ਖੁਰਦ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਖੋ-ਖੋ ਵਿੱਚ ਅੰਡਰ-17 ਵਿੱਚ ਦੂਜਾ ਤੇ ਅੰਡਰ-14 ਵਿੱਚ ਤੀਜਾ ਸਥਾਨ ਹਾਸਲ ਕੀਤਾ।ਇਸ ਸ਼ਾਨਦਾਰ ਪ੍ਰਾਪਤੀਆਂ ਦੇ ਮੌਕੇ ਸੰਸਥਾ ਦੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਨੇ ਵਿਦਿਆਰਥੀਆ ਵਧਾਈ ਦਿੰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਭਵਿੱਖ ਵਿੱਚ ਇਸੇ ਤਰ੍ਹਾਂ ਉੱਚੀਆਂ ਪ੍ਰਾਪਤੀਆਂ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ।

26-Junly-PAGE-11-Majha-25.qxd 7/25/2025 10:59 PM Page 1



# 4.86 ਕਰੋੜ ਦੀ ਲਾਗਤ ਨਾਲ ਦਰਿਆ ਬਿਆਸ ਦੀ ਧੁੱਸੀ 'ਤੇ ਬਣੇਗੀ 9 ਕਿਲੋਮੀਟਰ ਲੰਮੀ ਸੜਕ: ਸ਼ਮਸ਼ੇਰ ਸਿੰਘ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਵਿਧਾਨਸਭਾ ਹਲਕਾ ਦੀਨਾਨਗਰ ਦੇ ਬਿਆਸ ਦਰਿਆ ਦੇ ਨਾਲ ਪੈਂਦੇ ਪਿੰਡਾਂ ਨੂੰ ਪੰਜਾਬ ਸਰਕਾਰ ਨੇ ਇਕ ਵੱਡਾ ਤੋਹਫਾ ਦਿੰਦਿਆਂ ਦਰਿਆ ਬਿਆਸ ਦੀ ਧੁੱਸੀ ਉੱਪਰ ਪੱਕੀ ਸੜਕ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਜਿਸਦਾ ਉਦਘਾਟਨ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਕੀਤਾ ਗਿਆ।ਮੁਕੇਰੀਆਂ ਗੁਰਦਾਸਪੁਰ ਮਾਰਗ ਤੋਂ ਪਿੰਡ ਟਾਂਡਾ ਨੇੜਿਓਂ ਸ਼ੁਰੂ ਹੋ ਕੇ ਪਿੰਡ ਚੇਚੀਆਂ ਛੋੜੀਆਂ ਤੱਕ ਬਣਨ ਵਾਲੀ ਕਰੀਬ 9 ਕਿਲੋਮੀਟਰ ਲੰਮੀ ਸੜਕ ਦੇ ਉਦਘਾਟਨ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਸ ਧੁੱਸੀ ਉੱਤੇ ਸੜਕ ਦੇ ਲੋਕਾਂ ਦੀ ਇਹ ਬੜੀ ਪੁਰਾਣੀ ਮੰਗ ਸੀ ਜੋ ਕਿ ਪਿਛਲੀਆਂ ਸਰਕਾਰਾਂ ਪੂਰਾ ਨਹੀਂ ਸਨ ਕਰ ਸਕੀਆਂ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੀ ਇਸ ਸਮੱਸਿਆ ਨੂੰ ਦੂਰ ਕਰ ਦਿੱਤਾ ਹੈ ਅਤੇ ਕਰੀਬ 4.86 ਕਰੋੜ ਰੁਪਏ ਦੀ ਲਾਗਤ ਵਾਲੀ ਇਸ ਸੜਕ ਦੀ ਕੰਮ ਦੀ ਅੱਜ ਸ਼ੁਰੂਆਤ ਕਰ ਦਿੱਤੀ ਗਈ ਹੈ, ਜੋ ਕਿ ਜਲਦੀ ਹੀ ਮੁਕੰਮਲ ਹੋ ਜਾਵੇਗੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੇ ਪੰਜਾਬ ਦੇ ਨਾਲ ਨਾਲ ਦੀਨਾਨਗਰ ਵਿਧਾਨਸਭਾ ਹਲਕੇ ਦੇ ਵਿਕਾਸ ਲਈ ਵੀ ਵਚਨਬੱਧ ਹੈ ਅਤੇ ਆਉਂਦੇ ਦਿਨਾਂ ਦੌਰਾਨ ਦੀਨਾਨਗਰ ਹਲਕੇ ਅੰਦਰ ਵੱਖ ਵੱਖ ਪਿੰਡਾਂ ਦੀਆਂ 67 ਹੋਰ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਕੰਮ ਵੀ ਸ਼ੁਰੂ ਹੋਣ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਦੀਨਾਨਗਰ ਹਲਕੇ ਅੰਦਰ ਬਣਾਈਆਂ ਜਾ ਰਹੀਆਂ 34.84 ਕਰੋੜ ਰੁਪਏ ਦੀ ਲਾਗਤ ਦੀਆਂ ਲਿੰਕ ਸੜਕਾਂ ਦੇ ਇਲਾਵਾ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਵੀ ਦੀਨਾਨਗਰ ਹਲਕੇ ਦੀਆਂ ਦੋ ਹੋਰ ਸੜਕਾਂ ਨੂੰ ਬਣਾਉਣ ਦੀ ਮਨਜ਼ੂਰੀ ਮਿਲ ਗਈ ਹੈ ਜਿਸ ਵਿੱਚ ਸੰਘੂਰੱਕ ਤੋਂ ਦੀਨਾਨਗਰ ਸਾਲਾ ਰੋਡ ਤੱਕ ਵਾਇਆ ਚੱਕ ਅਲੀਆ ਬੁੱਢੀਪਿੰਡ ਨਹਿਰ ਦੇ ਕੰਢੇ ਕੰਢੇ ਕਰੀਬ ਛੇ ਕਿਲੋਮੀਟਰ ਲੰਮੀ ਸੜਕ 6.63 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ ਅਤੇ ਦੀਨਾਨਗਰ ਬਹਿਰਾਮਪੁਰ ਰੋਡ ਤੋਂ ਮਰਾੜਾ ਤਾਰਾਗੜ੍ਹ ਰੋਡ ਵਾਇਆ ਰੰਗੜਪਿੰਡੀ ਬਾਲਾਪਿੰਡ 5.36 ਕਿਲੋਮੀਟਰ ਲੰਮੀ ਸੜਕ ਸਾਢੇ ਛੇ ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ ਅਤੇ ਇਹ ਦੋਵੇਂ ਸੜਕਾਂ ਕੇਂਦਰੀ ਸਰਕਾਰ ਦੀਆਂ ਬਣਾਈਆਂ ਜਾਣਗੀਆਂ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਉਂਦੇ ਦਿਨਾਂ ਦੌਰਾਨ ਦੀਨਾਨਗਰ ਵਿਧਾਨਸਭਾ ਹਲਕੇ ਦਾ ਬਿਨਾ ਕਿਸ ਭੇਦਭਾਵ ਸਰਵਪਖੀ ਵਿਕਾਸ ਕੀਤਾ ਜਾਵੇਗਾ।ਇਸ ਮੌਕੇ ਤੇ ਮਾਰਕੀਟ ਕਮੇਟੀ ਦੀਨਾਨਗਰ ਦੇ ਚੇਅਰਮੈਨ ਬਲਜੀਤ ਸਿੰਘ ਖਾਲਸਾ, ਸਰਪੰਚ ਰਕੇਸ਼ ਕੁਮਾਰ ਟਾਂਡਾ, ਸਰਪੰਚ ਬਲਵਿੰਦਰ ਪਾਲ ਦਾਊਵਾਲ, ਸਰਪੰਚ ਜੋਗਿੰਦਰ ਸਿੰਘ ਕਾਲਾ, ਮਨੋਹਨ ਸਿੰਘ ਧਮਰਾਈ, ਸੰਜੀਵ ਸੂਰੀ, ਮਨੋਜ ਕੁਮਾਰ ਘੇਸਲ, ਬਲਾਕ ਪ੍ਰਧਾਨ ਗੋਰਾ ਕੱਤੋਵਾਲ ਗੋਰਾ ਕੱਤੋਵਾਲ, ਬਲਾਕ ਪ੍ਰਧਾਨ ਬਲਬੀਰ ਸਿੰਘ ਗੁੰਝੀਆਂ ਦੇ ਇਲਾਵਾ ਵੱਡੀ ਗਿਣਤੀ ਚ ਆਪ ਵਰਕਰ ਅਤੇ ਅਹੁਦੇਦਾਰ ਹਾਜ਼ਰ ਸਨ।

# ਬਿਜਲੀ ਮੁਲਾਜ਼ਮ ਏਕਤਾ ਮੰਚ ਵੱਲੋਂ ਅਰਥੀ ਫੂਕ ਮੁਜ਼ਾਹਰਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਰਾਜ ਬਿਜਲੀ ਬੋਰਡ ਦੀ ਯੂਨੀਅਨ ਬਿਜਲੀ ਮੁਲਾਜ਼ਮ ਏਕਤਾ ਮੰਚ ਮੁਲਾਜ਼ਮ ਫੈਡਰੇਸ਼ਨ ਵੱਲੋਂ ਸਰਕਲ ਅਜਨਾਲਾ ਦੇ ਸੱਦੇ ਤੇ ਪੰਜਾਬ ਸਰਕਾਰ ਵਿਰੁੱਧ ਇੱਕ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਇਸ ਮੁਜ਼ਾਹਰੇ ਦੀ ਅਗਵਾਈ ਮੰਡਲ ਦੇ ਪ੍ਰਧਾਨ ਰਿਟਾਇਰ ਬਿਜਲੀ ਬੋਰਡ ਮੁਲਾਜ਼ਮ ਰਣਜੀਤ ਸਿੰਘ ਨੇ ਕੀਤੀ ਜਿਸ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਡੀਏ ਦੀ ਕਿਸ਼ਤ 13% ਜਾਰੀ ਕਰਨ, ਬਿਜਲੀ ਬੋਰਡ ਦੇ ਡਿਊਟੀ ਕਰਕੇ ਮੁਲਾਜ਼ਮਾਂ ਨੂੰ ਛੇਵਾਂ ਪੇ ਕਮਿਸ਼ਨ ਦੇਣਾ ਅਤੇ ਬਿਜਲੀ ਬੋਰਡ ਵਿੱਚ ਮੁਲਾਜ਼ਮਾਂ ਦੀ ਘਾਟ ਹੋਣ ਕਰਕੇ ਨਵੀਂ ਭਰਤੀ ਕਰਨਾ, ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਦਫਤਰ ਦੀਆਂ ਖਸਤਾ ਹੋਈਆਂ ਬਿਲਡਿੰਗਾਂ ਨੂੰ ਨਵਾਂ ਬਣਾਉਣ, ਕਲੈਰੀਕਲ ਸਟਾਫ ਦੀ ਭਰਤੀ ਕਰਨ, ਦਫਤਰ ਵਿੱਚ ਫਰਨੀਚਰ ਦਾ ਪ੍ਰਬੰਧ ਕਰਨ ਦੀਆਂ ਮੰਗਾਂ ਰੱਖੀਆਂ ਗਈਆਂ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸਰਕਲ ਅਜਨਾਲਾ ਦੇ ਪ੍ਰਧਾਨ ਹਰਿੰਦਰ ਸਿੰਘ, ਸਰਬਜੀਤ ਸਿੰਘ, ਪ੍ਰਭਜੋਤ ਸਿੰਘ, ਮੰਡਲ ਸਕੱਤਰ ਪ੍ਰਦੀਪ ਸਿੰਘ, ਜੇਈ ਜਗਤਾਰ ਸਿੰਘ, ਰਕੇਸ਼ ਕੁਮਾਰ, ਦੀਪ ਕੁਮਾਰ, ਜੋਗਿੰਦਰ ਸਿੰਘ, ਜਸਜੀਤ ਸਿੰਘ, ਸੁਖਵਿੰਦਰ ਸਿੰਘ, ਸੰਦੀਪ ਕੁਮਾਰ ਅਤੇ ਪਰਮਜੀਤ ਆਦਿ ਹਾਜ਼ਰ ਸਨ।

# 4 ਪਿਸਤੌਲ, 7 ਮੈਗਜ਼ੀਨ ਅਤੇ 52 ਰੌਂਦਾਂ ਸਮੇਤ 2 ਦੋਸ਼ੀ ਕਾਬੂ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਥਾਣਾ ਘੁੰਮਣ ਕਲਾਂ ਅਤੇ ਸਪੈਸ਼ਲ ਬਰਾਂਚ ਗੁਰਦਾਸਪੁਰ ਵੱਲੋਂ 2 ਵਿਅਕਤੀਆਂ ਨੂੰ 04 ਪਿਸਟਲ, 07 ਮੈਗਜ਼ੀਨ ਅਤੇ 52 ਰੌਂਦਾਂ ਸਮੇਤ ਕਾਬੂ ਕੀਤਾ ਗਿਆ। ਐੱਸਐੱਸਪੀ ਆਦਿੱਤਯ ਆਈਪੀਐੱਸ ਨੇ ਦੱਸਿਆ ਕਿ ਗੌਰਵ ਯਾਦਵ ਡਾਇਰੈਕਟਰ ਜਨਰਲ ਪੁਲਸ ਪੰਜਾਬ, ਨਾਨਕ ਸਿੰਘ ਡਿਪਟੀ ਇੰਸਪੈਕਟਰ ਜਨਰਲ ਪੁਲਸ ਬਾਰਡਰ ਰੇਂਜ ਅੰਮ੍ਰਿਤਸਰ ਦੇ ਨਿਰਦੇਸ਼ਾਂ ਤਹਿਤ ਗੁਰਦਾਸਪੁਰ ਪੁਲਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਨੂੰ ਨਕੇਲ ਪਾਉਣ ਲਈ ਵਿਸ਼ੇਸ਼ ਮੁਹਿਮ ਚਲਾਈ ਜਾ ਰਹੀ ਹੈ।ਇਸੇ ਮੁਹਿਮ ਤਹਿਤ ਥਾਣਾ ਘੁੰਮਣ ਕਲਾਂ ਅਤੇ ਸਪੈਸ਼ਲ ਬਰਾਂਚ ਗੁਰਦਾਸਪੁਰ ਵੱਲੋਂ ਗਸ਼ਤ ਦੌਰਾਨ ਸ਼ੱਕ ਦੇ ਆਧਾਰ 'ਤੇ ਇੱਕ ਵਿਅਕਤੀ ਜਿਸ ਦਾ ਨਾਮ ਬੌਬੀ ਸੀ, ਨੂੰ ਕਾਬੂ ਕਰਕੇ ਉਸ ਦੀ ਚੈਕਿੰਗ ਕੀਤੀ ਤਾਂ ਉਸ ਕੋਲੋਂ ਇੱਕ ਪਿਸਟਲ 32 ਬੋਰ ਸਮੇਤ ਮੈਗਜ਼ੀਨ ਅਤੇ 02 ਰੌਂਦ ਬਰਾਮਦ ਕੀਤੇ ਗਏ।

ਦੋਸ਼ੀ ਦੇ ਖ਼ਿਲਾਫ਼ ਮੁਕੱਦਮਾ ਨੰਬਰ 47 ਮਿਤੀ 22 ਜੁਲਾਈ 2025 ਜੁਰਮ 25-54-59 ਅਸਲਾ ਐਕਟ ਤਹਿਤ ਥਾਣਾ ਘੁੰਮਣ ਕਲਾਂ ਵਿਖੇ ਦਰਜ ਕੀਤਾ ਗਿਆ। ਐੱਸਐੱਸਪੀ ਨੇ ਦੱਸਿਆ ਕਿ ਉਕਤ ਦੋਸ਼ੀ ਕੋਲੋਂ ਪੁੱਛ-ਗਿੱਛ ਕਰਨ 'ਤੇ ਉਸਨੇ ਫ਼ਰਦ ਇੰਕਸ਼ਾਫ਼ ਕੀਤਾ ਕਿ ਇਹ ਪਿਸਟਲ ਉਸਨੇ ਰਿਸ਼ਭ ਉਰਫ਼ ਰਿਸ਼ੂ ਵਾਸੀ ਅੰਮ੍ਰਿਤਸਰ ਕੋਲੋਂ ਲਿਆ ਸੀ, ਜੋ ਉਕਤ ਮੁਕੱਦਮੇ ਵਿੱਚ ਦੋਸ਼ੀ ਬੌਬੀ ਦੇ ਬੈਕਵਰਡ ਲਿੰਕ ਰਿਸ਼ਭ ਉਰਫ਼ ਰਿਸ਼ੂ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ 03 ਪਿਸਟਲ 32 ਬੋਰ, 06 ਮੈਗਜ਼ੀਨ ਅਤੇ 50 ਰੌਂਦ ਬਰਾਮਦ ਕੀਤੇ ਗਏ। ਬੌਬੀ ਦੇ ਖ਼ਿਲਾਫ਼ ਪਹਿਲਾਂ ਵੀ ਲੁੱਟ-ਖੋਹ ਅਤੇ ਲੜਾਈ-ਝਗੜੇ ਦੇ 02 ਵੱਖ-ਵੱਖ ਮੁਕੱਦਮੇ ਦਰਜ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁਕੱਦਮੇ ਦੀ ਤਫ਼ਤੀਸ਼ ਜਾਰੀ ਹੈ। ਇਸ ਮੌਕੇ ਐਸਪੀ ਹੈੱਡ ਕੁਆਰਟਰ ਜੁਗਰਾਜ ਸਿੰਘ, ਡੀਐੱਸਪੀ (ਡੀ.) ਗੁਰਵਿੰਦਰ ਸਿੰਘ, ਡੀਐੱਸਪੀ (ਸਿਟੀ) ਮਨਮੋਹਨ ਸਿੰਘ, ਅਜੇ ਕੁਮਾਰ, ਐੱਸਐੱਚਓ ਘੁੰਮਣ ਕਲਾਂ, ਸਬ ਇੰਸਪੈਕਟਰ ਜਗਦੀਸ਼ ਸਿੰਘ, ਸਪੈਸ਼ਲ ਬਰਾਂਚ ਇੰਸਪੈਕਟਰ ਰਾਕੇਸ਼ ਕੁਮਾਰ, ਨਰੇਸ਼ ਕੁਮਾਰ ਵੀ ਹਾਜ਼ਰ ਸਨ।

## ਏਐੱਫਐੱਸਓ ਵੱਲੋਂ ਵੱਧ ਤੋਂ ਵੱਧ ਕੇਵਾਈਸੀ ਕਰਨ ਦੀਆਂ ਹਦਾਇਤਾਂ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਦੇ ਏਐੱਫਐੱਸਓ ਸੰਦੀਪ ਸਿੰਘ ਸੈਂਡੀ ਅਤੇ ਫੂਡ ਸਪਲਾਈ ਇੰਸਪੈਕਟਰ ਹਰਜੋਤ ਸਿੰਘ, ਫੂਡ ਸਪਲਾਈ ਇੰਸਪੈਕਟਰ ਸੁਮਿਤ ਪ੍ਰਭਾਕਰ ਦੀ ਆਗਵਾਈ ਹੇਠ ਡਿਪੂ ਹੋਲਡਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਅਜਨਾਲਾ ਹਲਕੇ ਦੇ ਸਾਰੇ ਡਿਪੂ ਹੋਲਡਰ ਇਕੱਠੇ ਹੋਏ



ਅਤੇ ਡਿਪੂ ਹੋਲਡਰਾਂ ਨੂੰ ਵੱਧ ਤੋਂ ਵੱਧ ਕਣਕ ਕਾਰਡ ਹੋਲਡਰਾਂ ਦੀ ਕੇਵਾਈਸੀ ਕਰਨ ਦੀ ਹਦਾਇਤ ਦਿੱਤੀ ਗਈ। ਏਐੱਫਐੱਸਓ ਅਜਨਾਲਾ ਨੇ ਕਿਹਾ ਕਿ ਹੁਣ ਉਨ੍ਹਾਂ ਪਰਿਵਾਰ ਦੀ ਹੀ ਕਣਕ ਆਵੇਗੀ ਜਿਨ੍ਹਾਂ ਦੀ ਕੇਵਾਈਸੀ ਹੋ ਚੁੱਕੀ ਹੈ। ਜੇਕਰ ਹੁਣ ਕਿਸੇ ਨੇ ਕੇਵਾਈਸੀ ਕਰਵਾਉਣੀ ਹੈ ਤਾਂ ਉਸ ਨੂੰ ਕਣਕ 2 ਦਿਨ ਬਾਅਦ ਇਸ਼ੂ ਹੋਏਗੀ। ਇਸ ਮੌਕੇ ਫੂਡ ਸਪਲਾਈ ਇੰਸਪੈਕਟਰ ਹਰਜੋਤ ਸਿੰਘ ਨੇ ਕਿਹਾ ਕਿ ਡਿਪੂ ਹੋਲਡਰ ਵੱਧ ਤੋਂ ਵੱਧ ਕੇਵਾਈਸੀ ਕਰਨ ਤਾਂ ਕਿ ਕੋਈ ਵੀ ਲਾਭਪਾਤਰੀ ਪਰਿਵਾਰ ਸਰਕਾਰੀ ਕਣਕ ਦਾ ਲਾਭ ਲੈਣ ਤੋਂ ਵਾਂਝਾ ਨਾ ਰਹੇ। ਇਸ ਮੌਕੇ ਉਨਾਂ ਦੇ ਨਾਲ ਸੀਨੀਅਰ ਡਿਪੂ ਹੋਲਡਰ ਬਲਵਿੰਦਰ ਸਿੰਘ, ਰਜੇਸ਼ ਕੁਮਾਰ ਮੱਤੇਨੰਗਲ, ਰੌਣਕੀ ਗੱਗੋਮਾਹਲ, ਹਰਪਾਲ ਸਿੰਘ ਭੋਏ ਵਾਲੀ, ਹਰਪਾਲ ਸਿੰਘ ਅਜਨਾਲਾ, ਪਰਮਜੀਤ ਸਿੰਘ ਪੰਮਾ, ਤੇਜਿੰਦਰ ਸਿੰਘ ਸੋਨੂੰ, ਹਰਪਾਲ ਸਿੰਘ ਅਜਨਾਲਾ, ਹਰਿੰਦਰ ਸਿੰਘ ਅਤੇ ਰੂਪ ਲਾਲ ਚੱਕ ਬਾਲਾ ਆਦਿ ਹਾਜ਼ਰ ਸਨ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਡੀ ਸੀ ਗੁਰਦਾਸਪੁਰ ਨੂੰ ਮਿਲੇ

ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਆਗੂ ਅਤੇ ਸੂਬਾ ਆਗੂ ਸਰਵਨ ਸਿੰਘ ਪੰਧੇਰ, ਸਵਿੰਦਰ ਸਿੰਘ ਚੁਤਾਲਾ, ਹਰਵਿੰਦਰ ਸਿੰਘ ਮੁਸਾਨੀਆ ਨੇ ਡਿਪਟੀ ਕਮਿਸ਼ਨਰ



ਗੁਰਦਾਸਪੁਰ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਭਾਰਤ ਮਾਲਾ ਪ੍ਰੋਜੈਕਟ ਅਧੀਨ ਆ ਰਹੀਆਂ ਜ਼ਮੀਨਾਂ 'ਤੇ ਵਿਚਾਰ ਚਰਚਾ ਕੀਤੀ ਗਈ ਜਿਸ ਵਿਚ ਡੀ.ਸੀ. ਗੁਰਦਾਸਪੁਰ ਨੇ ਵਿਸ਼ਵਾਸ਼ ਦਿਵਾਇਆ ਕਿ ਕਿਸਾਨਾਂ ਮਜ਼ਦੂਰ ਦੇ ਮਾਮਲੇ ਜਲਦੀ ਤੋਂ ਜਲਦੀ ਹੱਲ ਕੀਤੇ ਜਾਣਗੇ ਅਤੇ ਕਿਸਾਨਾਂ ਦੇ ਖਾਤਿਆਂ ਵਿਚ ਪੈਸੇ ਪਾ ਕੇ ਹੀ ਕਬਜ਼ੇ ਲਏ ਜਾਣਗੇ। ਕਿਸਾਨਾਂ ਨਾਲ ਗੱਲਬਾਤ ਕਰਕੇ ਹੀ ਮਸਲੇ ਦਾ ਹੱਲ ਕੀਤਾ ਜਾਵੇਗਾ ਅਤੇ ਯੂਰੀਆ ਖਾਦ ਦੀ ਘਾਟ ਕਾਰਨ ਕਿਸਾਨਾਂ ਦੀ ਹੋ ਰਹੀ ਲੁੱਟ 'ਤੇ ਵੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੁਖਦੇਵ ਸਿੰਘ ਅੱਲੜ੍ਹ ਪਿੰਡੀ, ਹਰਭਜਨ ਸਿੰਘ ਵੈਰੋਨੰਗਲ, ਅਜੈਬ ਸਿੰਘ, ਪ੍ਰਧਾਨ ਦਮਦਮਾ ਜੋਨ ਪਰਮਿੰਦਰ ਸਿੰਘ, ਸੁਖਵਿੰਦਰ ਸਿੰਘ, ਸਤਨਾਮ ਸਿੰਘ ਖਜਾਨਚੀ, ਸੁਖਜਿੰਦਰ ਸਿੰਘ ਗੋਤੇ, ਕੁਲਜੀਤ ਸਿੰਘ ਹਯਾਤਨਗਰ ਆਦਿ ਹਾਜ਼ਰ ਸਨ।

## ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਸਕੂਲੀ ਵਾਹਨਾਂ ਦੀ ਚੈਕਿੰਗ


**ਬਟਾਲਾ, (ਡਾ. ਮਲਵਿੰਦਰ ਸਿੰਘ)**-ਦਲਵਿੰਦਰਜੀਤ ਸਿੰਘ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਦੇ ਮੰਤਵ ਨਾਲ ਸੇਫ ਸਕੂਲ ਵਾਹਨ ਪਾਲਿਸੀ ਨੂੰ ਲਾਗੂ ਕਰਨ ਲਈ ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਵਲੋਂ ਐਕਸਲਜ਼ੀਅਰ ਪਬਲਿਕ ਸਕੂਲ, ਕਾਦੀਆਂ ਬਟਾਲਾ ਦੇ



ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਵਾਹਨਾਂ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਅਰਜਨ ਸਿੰਘ ਗਰੇਵਾਲ ਤਹਿਸੀਲਦਾਰ, ਨੀਰਜ਼ ਸ਼ਰਮਾ ਫਾਇਰ ਬ੍ਰਿਗੇਡ ਅਫਸਰ, ਪੁਲਸ ਅਧਿਕਾਰੀ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ।ਐੱਸਡੀਐੱਮ ਵੱਲੋਂ ਸਕੂਲ ਦੇ ਪ੍ਰਿੰਸੀਪਲਜ਼ ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਵੱਲੋਂ ਆਪਣੇ ਪੱਧਰ 'ਤੇ ਵੀ ਸਕੂਲ ਵਾਹਨਾਂ ਦੀ ਚੈਕਿੰਗ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚਿਆ ਜਾ ਸਕੇ।ਉਨਾਂ ਕਿਹਾ ਕਿ ਜੋ ਸਕੂਲ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਨੂੰ ਲਾਗੂ ਨਹੀਂ ਕਰਨਗੇ, ਉਨਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਅਧੀਨ ਵੈਨ ਡਰਾਈਵਰਾਂ ਨੂੰ ਜਾਗਰੂਕ ਕੀਤਾ ਗਿਆ।

## ਪੀ ਐੱਮ ਸ੍ਰੀ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੀਐਮਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਾਦਰਪੁਰ ਰਜੋਆ ਵਿਖੇ ਪ੍ਰਿੰਸੀਪਲ ਰਾਮ ਲਾਲ ਦੀ ਅਗਵਾਈ ਹੇਠ ਤੀਆਂ ਦਾ ਤਿਉਹਾਰ ਮਨਾਇਆ ਗਿਆ। ਵਿਦਿਆਰਥੀਆਂ ਨੇ ਸੋਲੋ ਡਾਂਸ, ਗਰੁੱਪ ਡਾਂਸ ਅਤੇ ਗਿੱਧੇ ਕਿੱਕਲੀ ਆਦਿ ਦੀਆਂ ਧਮਾਲਾਂ ਪਾਈਆਂ। ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਮੈਡਮ ਕਮਲ ਨੇ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦਾ ਪਿਛੋਕੜ ਅਤੇ ਮਹੱਤਵ ਨੂੰ ਬਿਆਨ ਕੀਤਾ। ਮੈਡਮ ਸਾਕਸ਼ੀ ਬਲਜੀਤ ਕੌਰ,



ਸੁਨੀਤਾ ਸੈਣੀ, ਅਮਨਦੀਪ ਕੌਰ, ਲਖਵੀਰ ਕੌਰ ਆਦਿ ਨੇ ਵਿਸ਼ੇਸ਼ ਤੌਰ 'ਤੇ ਯੋਗਦਾਨ ਪਾਇਆ। ਭਾਗ ਲੈਣ ਵਾਲੇ ਵਿਦਿਆਰਥੀਆਂ ਵਿੱਚ ਮਨਪ੍ਰੀਤ, ਜਸਕਰਨ, ਕਮਲਜੀਤ, ਸਹਿਜ, ਗਿੰਮੀ, ਜਗਰੂਪ, ਹਰਜੋਤ, ਖੁਸ਼ਦੀਪ ਆਦਿ ਦੇ ਨਾਮ ਪ੍ਰਮੁੱਖ ਹਨ। ਇਸ ਮੌਕੇ ਪ੍ਰਿੰਸੀਪਲ ਰਾਮ ਲਾਲ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਤੀਆਂ ਦੀ ਵਧਾਈ ਦਿੱਤੀ। ਮਿਡ-ਡੇ-ਮੀਲ ਦੌਰਾਨ ਪੂੜੇ ਖੀਰ ਆਦਿ ਵੀ ਵਰਤਾਏ ਗਏ। ਇਸ ਵੇਲੇ ਰਜਿੰਦਰ ਸਿੰਘ, ਗੁਰਇਕਬਾਲ ਸਿੰਘ, ਮਨਜਿੰਦਰ ਸਿੰਘ, ਪ੍ਰਗਟ ਸਿੰਘ, ਸੁਖਵਿੰਦਰ ਸਿੰਘ, ਮੋਨਿਕਾ, ਸੁਨੀਤਾ, ਹਰਸਿਮਰਨ ਕੌਰ, ਜਸਵੰਤ ਕੌਰ, ਨਵਜੀਤ ਕੌਰ ਆਦਿ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਯੂ ਜੀ ਸੀ ਵੱਲੋਂ ਖਾਲਸਾ ਯੂਨੀਵਰਸਿਟੀ ਨੂੰ ਹਰੀ ਝੰਡੀ, ਸੈਸ਼ਨ 2025-26 ਲਈ ਦਾਖਲੇ ਸ਼ੁਰੂ ਕਰਨ ਦੀ ਦਿੱਤੀ ਪ੍ਰਵਾਨਗੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ): ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ), ਨਵੀਂ ਦਿੱਲੀ ਵੱਲੋਂ ਅੱਜ ਖ਼ਾਲਸਾ ਯੂਨੀਵਰਸਿਟੀ (ਕੇ.ਯੂ.) ਦਾ ਨਾਮ ਅਧਿਕਾਰਤ ਤੌਰ ਤੇ ਯੂਜੀਸੀ ਐਕਟ, 1956 ਦੀ ਧਾਰਾ 2(1) ਦੇ ਤਹਿਤ ਯੂਨੀਵਰਸਿਟੀਆਂ ਦੀ ਆਪਣੀ ਵੱਕਾਰੀ ਸੂਚੀ 'ਚ ਨਾਮ ਸ਼ਾਮਲ ਕਰ ਲਿਆ ਗਿਆ ਹੈ। ਉਪ੍ਰੰਤ ਯੂਨੀਵਰਸਿਟੀ ਹੁਣ ਅਕਾਦਮਿਕ ਸੈਸ਼ਨ 2025-26 ਲਈ ਵੱਖ-ਵੱਖ ਫੈਕਲਟੀਆਂ ਵਿੱਚ ਦਾਖਲੇ ਸ਼ੁਰੂ ਕਰਨ ਲਈ ਪ੍ਰਵਾਨਿਤ ਹੋ ਗਈ ਹੈ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਯੂਜੀਸੀ ਵੱਲੋਂ ਪ੍ਰਵਾਨਗੀ ਦੀ ਉਡੀਕ ਸੀ, ਜਿਸ ਨਾਲ ਦਾਖਲਾ ਪ੍ਰਕਿਰਿਆ ਸ਼ੁਰੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਵਾਈਸ ਚਾਂਸਲਰ ਡਾ. ਮਹਿਲ ਸਿੰਘ ਨੇ ਕਿਹਾ ਕਿ ਅੰਡਰ-ਗ੍ਰੈਜੂਏਟ (ਯੂਜੀ) ਕੋਰਸਾਂ, ਪੋਸਟ-ਗ੍ਰੈਜੂਏਟ (ਪੀਜੀ) ਕੋਰਸਾਂ ਅਤੇ ਪੀਐੱਚਡੀ ਪ੍ਰੋਗਰਾਮਾਂ ਲਈ ਦਾਖਲੇ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੈਸ਼ਨ ਸ਼ੁਰੂ ਕਰਨ ਲਈ ਬੁਨਿਆਦੀ ਢਾਂਚਾ ਪਹਿਲਾਂ ਹੀ ਸਥਾਪਤ ਕਰ ਲਿਆ ਗਿਆ ਹੈ। ਇਸ ਪ੍ਰਵਾਨਗੀ ਨਾਲ, ਕੇਯੂ ਹੁਣ ਮੌਜੂਦਾ ਅਕਾਦਮਿਕ ਸੈਸ਼ਨ ਤੋਂ ਆਪਣੀ ਦਾਖਲਾ ਪ੍ਰਕਿਰਿਆ ਸ਼ੁਰੂ ਕਰਨ ਲਈ ਅਧਿਕਾਰਤ ਹੈ, ਡਾ. ਮਹਿਲ ਸਿੰਘ ਨੇ ਇਸ ਗੱਲ ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਯੂਨੀਵਰਸਿਟੀ ਦਾ ਦ੍ਰਿਸ਼ਟੀਕੋਣ ਵੱਖ-ਵੱਖ ਵਿਸ਼ਿਆਂ ਵਿੱਚ ਪ੍ਰੋਫੈਸ਼ਨਲ ਕੋਰਸ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਯੂਜੀ, ਪੀਜੀ ਕੋਰਸਾਂ ਅਤੇ ਪੀਐਚ.ਡੀ. ਲਈ ਦਾਖਲੇ ਸ਼ੁਰੂਆਤੀ ਤੌਰ ਤੇ ਫੈਕਲਟੀ ਆਫ਼ ਆਰਟਸ, ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੀ ਫੈਕਲਟੀ, ਕਾਮਰਸ ਅਤੇ ਮੈਨੇਜਮੈਂਟ ਫੈਕਲਟੀ, ਬੇਸਿਕ ਅਤੇ ਅਪਲਾਈਡ ਸਾਇੰਸਜ਼ ਦੀ ਫੈਕਲਟੀ, ਲਾਈਫ ਸਾਇੰਸਜ਼ ਅਤੇ ਕੰਪਿਊਟਰ ਸਾਇੰਸ ਦੀ ਫੈਕਲਟੀ, ਇੰਜੀਨੀਅਰਿੰਗ ਅਤੇ ਤਕਨਾਲੋਜੀ ਦੀ ਫੈਕਲਟੀ, ਕਾਨੂੰਨੀ ਵਿਗਿਆਨ ਦੀ ਫੈਕਲਟੀ, ਸਿੱਖਿਆ ਅਤੇ ਖੇਡ ਵਿਗਿਆਨ ਦੀ ਫੈਕਲਟੀ, ਫਾਰਮਾਸਿਊਟੀਕਲ ਅਤੇ ਅਪਲਾਈਡ ਫੈਕਲਟੀ ਵਿੱਚ ਸ਼ੁਰੂ ਹੋਣਗੇ।

## ਜੀਵਨ ਨੰਗਲ ਤੇ ਮਾਨਸੈਂਡਵਾਲ ਵਿਖੇ 'ਨਸ਼ਾ ਮੁਕਤੀ ਯਾਤਰਾ' ਦੌਰਾਨ ਪਿੰਡ ਵਾਸੀਆਂ ਦੀ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ ਤੇ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਪਿੰਡ ਜੀਵਨ ਨੰਗਲ ਅਤੇ ਮਾਨਸੈਂਡਵਾਲ ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਹੋਈ ਇਕੱਤਰਤਾ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਪਿੰਡ ਵਾਸੀਆਂ ਨੂੰ ਨਸ਼ਿਆਂ ਖਿਲਾਫ ਇੱਕਜੁਟ ਹੋ ਕੇ



ਲੜਨ ਦੀ ਸਹੁੰ ਵੀ ਚੁਕਾਈ ਗਈ।ਉਨ੍ਹਾਂ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਗਿਆ ਹੈ ਅਤੇ ਇਸ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਇਸ ਲਈ ਸਾਰੇ ਲੋਕ ਇਸ ਨਾਮੁਰਾਦ ਬਿਮਾਰੀ ਨਸ਼ਿਆਂ ਨੂੰ ਖਤਮ ਕਰਨ ਲਈ ਅੱਗੇ ਆਉਣ। ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ ਜੀਵਨ ਨੰਗਲ, ਸਰਪੰਚ ਲਵਪ੍ਰੀਤ ਕੌਰ ਮਾਨ ਸੈਂਡਵਾਲ, ਸਰਪੰਚ ਜਸਪਾਲ ਸਿੰਘ, ਸਰਪੰਚ ਬਖਸ਼ੀਸ਼ ਸਿੰਘ, ਪੰਚ ਪਲਵਿੰਦਰ ਸਿੰਘ, ਪੰਚ ਰਮਨ, ਪੰਚ ਸੁਖਬੀਰ ਸਿੰਘ, ਪੰਚ ਜਗਪ੍ਰੀਤ ਸਿੰਘ, ਬੂਆ ਸਿੰਘ, ਅਜਮੇਰ ਸਿੰਘ, ਗੁਰਨਾਮ ਸਿੰਘ, ਅਜੇਪਾਲ ਸਿੰਘ, ਦਲਜੀਤ ਸਿੰਘ, ਅਮਨਦੀਪ ਸਿੰਘ, ਮਹਿਕ ਸਿੰਘ, ਕਰਨਪ੍ਰੀਤ ਸਿੰਘ, ਗੁਰਜੀਤ ਸਿੰਘ, ਗੁਰਮੀਤ ਸਿੰਘ, ਹਰਦੀਪ ਸਿੰਘ, ਰਣਜੀਤ ਸਿੰਘ, ਭੁਪਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ ਅਤੇ ਵਾਈਸ ਕੁਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

## ਚੌਪਾਲ ਨੇ ਚੰਡੀਗੜ੍ਹ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਐਡਵੋਕੇਟ ਤੇ ਵਕੀਲਾਂ ਨੂੰ ਪ੍ਰਸ਼ੰਸਾ ਨੋਟਿਸ ਭੇਜੇ

**ਚੰਡੀਗੜ੍ਹ**:ਪੰਜਾਬੀ ਓਟੀਟੀ ਪਲੇਟਫਾਰਮ ਚੌਪਾਲ ਨੇ ਅੱਜ ਚੰਡੀਗੜ੍ਹ ਦੇ ਸੈਂਕੜੇ ਐਡਵੋਕੇਟ ਅਤੇ ਵਕੀਲਾਂ ਨੂੰ ਨਿਆਂ ਲਈ ਖੜ੍ਹੇ ਹੋਣ ਅਤੇ ਮੁਸ਼ਕਲ ਕਾਨੂੰਨੀ ਮਾਮਲਿਆਂ ਦੀ ਇਮਾਨਦਾਰੀ ਨਾਲ ਪੈਰਵੀ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਸਵੀਕਾਰ ਕਰਦੇ ਹੋਏ ਪ੍ਰਸ਼ੰਸਾ ਨੋਟਿਸ ਭੇਜੇ ਹਨ।ਚੌਪਾਲ ਨੇ ਆਪਣੀ ਨਵੀਂ ਫਿਲਮ 'ਸਿਕਸ ਈਚ' ਦੇ ਸੰਬੰਧ ਵਿੱਚ ਪ੍ਰਸ਼ੰਸਾ ਪੱਤਰ ਭੇਜੇ ਹਨ, ਜੋ ਇੱਕ ਐੱਨਆਰਆਈ ਵਿਆਹ ਦੇ ਮਾਮਲੇ ਦੀਆਂ ਭਾਵਨਾਤਮਕ ਅਤੇ ਕਾਨੂੰਨੀ ਪੇਚੀਦਗੀਆਂ ਨੂੰ ਦਰਸਾਉਂਦੀ ਹੈ।

ਸ਼੍ਰੀ ਸੰਦੀਪ ਬੰਸਲ ਐੱਮਡੀ ਚੌਪਾਲ ਨੇ ਕਿਹਾ ਕਿ ਫਿਲਮ ਸਿਕਸ ਈਚ ਲੋਕਾਂ ਦੇ ਜੀਵਨ 'ਤੇ ਕਾਨੂੰਨ ਦੇ ਡੂੰਘੇ ਪ੍ਰਭਾਵ ਨੂੰ ਦਰਸਾਉਂਦੀ ਹੈ, ਖਾਸ ਕਰਕੇ ਜਦੋਂ ਇਸ ਵਿੱਚ ਭਾਵਨਾਵਾਂ ਅਤੇ ਅਨਿਸ਼ਚਿਤਤਾ ਸ਼ਾਮਲ ਹੁੰਦੀ ਹੈ।ਇਸ ਲਈ ਅਸੀਂ ਇਹ ਪ੍ਰਸ਼ੰਸਾ ਪੱਤਰ ਉਨ੍ਹਾਂ ਵਕੀਲਾਂ ਦਾ ਧੰਨਵਾਦ ਕਰਨ ਲਈ ਭੇਜਿਆ ਹੈ ਜੋ ਅਜਿਹੇ ਕੇਸਾਂ ਦਾ ਪੂਰੀ ਇਮਾਨਦਾਰੀ ਨਾਲ ਬਚਾਅ ਕਰਦੇ ਹਨ।

## ਕੋਮਲਪ੍ਰੀਤ ਕੌਰ ਤੇ ਹਰਮਨਦੀਪ ਕੌਰ ਵੱਲੋਂ ਯੂਨੀਵਰਸਿਟੀ 'ਚ ਪੁਜ਼ੀਸ਼ਨਾਂ ਹਾਸਲ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਬਾਬਾ ਉੱਤਮ ਸਿੰਘ ਜੀ ਵੱਲੋਂ ਸਥਾਪਿਤ ਅਤੇ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਦੇ ਕਾਮਰਸ ਵਿਭਾਗ ਦੀਆਂ ਵਿਦਿਆਰਥਣਾਂ ਕੋਮਲਪ੍ਰੀਤ ਕੌਰ ਅਤੇ ਹਰਮਨਦੀਪ ਕੌਰ ਬੀਬੀਏ (ਸਮੈਸਟਰ ਛੇਵਾਂ) ਨੇ ਸੈਸ਼ਨ 2024-25 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਲਈਆਂ ਗਈਆਂ ਮਈ-ਜੂਨ ਮਹੀਨੇ ਦੀਆਂ ਪ੍ਰੀਖਿਆਵਾਂ ਦੌਰਾਨ



ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚੋਂ 8ਵੀਂ ਅਤੇ 9ਵੀਂ ਪੁਜ਼ੀਸ਼ਨ ਪ੍ਰਾਪਤ ਕੀਤੀ।ਇੰਨਾ ਹੀ ਨਹੀਂ ਇਨ੍ਹਾਂ ਵਿਦਿਆਰਥਣਾਂ ਨੇ ਮੈਰਿਟ ਦੇ ਨਾਲ-ਨਾਲ ਜ਼ਿਲ੍ਹਾ ਪੱਧਰ 'ਤੇ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਪ੍ਰਾਪਤ ਕਰਕੇ ਕਾਲਜ ਦੇ ਮਾਣ ਵਿੱਚ ਵਾਧਾ ਕੀਤਾ।ਜ਼ਿਕਰਯੋਗ ਹੈ ਕੇ ਵਿਦਿਆਰਥਣ ਕੋਮਲਪ੍ਰੀਤ ਕੌਰ ਨੇ ਜ਼ਿਲ੍ਹਾ ਪੱਧਰ ਤੇ ਡਿਸਟਿੰਕਸ਼ਨ ਹਾਸਿਲ ਕਰਕੇ ਕਾਲਜ, ਪਰਿਵਾਰ ਅਤੇ ਆਪਣੇ ਇਲਾਕੇ ਦੇ ਨਾਂਅ ਰੌਸ਼ਨ ਕੀਤਾ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਬਲਵੰਤ ਸਿੰਘ ਸੰਧੂ ਨੇ ਕਿਹਾ ਕਿ ਕਾਲਜ ਜਿੱਥੇ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਹੋਰ ਕਲਾਵਾਂ ਵਿੱਚ ਪ੍ਰਾਪਤੀਆਂ ਕਰ ਰਿਹਾ ਹੈ ਉਥੇ ਅਕਾਦਮਿਕ ਵਿੱਦਿਆ ਦੇ ਖੇਤਰ ਵਿੱਚ ਵੀ ਨਾਮਣਾ ਖੱਟ ਰਿਹਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇੱਕ ਵਿਦਿਆਰਥੀ ਦੇ ਜੀਵਨ ਵਿੱਚ ਉਸਦੇ ਅਧਿਆਪਕ ਦੀ ਯੋਗ ਅਗਵਾਈ ਬਹੁਤ ਵੱਡੀ ਅਹਿਮੀਅਤ ਰੱਖਦੀ ਹੈ।ਉਸ ਦੀ ਦਿੱਤੀ ਹੋਈ ਪ੍ਰੇਰਨਾ ਅਤੇ ਦਿਸ਼ਾ-ਨਿਰਦੇਸ਼ ਵਿਦਿਆਰਥੀ ਨੂੰ ਉਸਦੀ ਮੰਜ਼ਿਲ ਤਕ ਪਹੁੰਚਾਉਂਦੀ ਹੈ। ਡਾ. ਸੰਧੂ ਨੇ ਕਾਮਰਸ ਵਿਭਾਗ ਦੇ ਮੁਖੀ ਡਾ. ਜਗਜੀਤ ਕੌਰ ਅਤੇ ਸਮੂਹ ਪ੍ਰੋਫੈਸਰ ਸਾਹਿਬਾਨ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸ ਮੈਰਿਟ ਅੰਕੜਿਆਂ ਨੂੰ ਬਰਕਰਾਰ ਰੱਖਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸ. ਗੁਰਮੀਤ ਸਿੰਘ (ਦਫ਼ਤਰ ਸੁਪਰਡੈਂਟ), ਪ੍ਰੋ. ਰਜਿੰਦਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਹਰਦੀਪ ਸਿੰਘ, ਪ੍ਰੋ. ਰਜਿੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਨਵਨੀਤ ਕੌਰ ਆਦਿ ਹਾਜ਼ਰ ਸਨ।

## ਲੈਂਡ ਪੂਲਿੰਗ ਪਾਲਿਸੀ ਲਾਗੂ ਕਰਕੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀ ਹੈ ਸਰਕਾਰ: ਜਫਰਵਾਲ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਭਾਰਤੀ ਕਿਸਾਨ ਯੂਨੀਅਨ ਮਾਝਾ ਦੇ ਕਾਰਜਕਾਰੀ ਪ੍ਰਧਾਨ ਰਜਿੰਦਰ ਸਿੰਘ ਜਫਰਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਲੈਂਡ ਪੂਲਿੰਗ ਐਕਟ ਤਹਿਤ ਸਰਕਾਰ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀ ਹੈ, ਸਰਕਾਰ ਦਾ ਇਹ ਮਨਸ਼ਾ ਅਸੀਂ ਕਦੇ ਪੂਰੀ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਪਹਿਲਾਂ ਹੀ ਸਰਕਾਰ ਨੇ ਵਿਕਾਸ ਦੇ ਨਾਂਅ ਤੇ ਪੰਜਾਬ ਉਪਜਾਊ ਜਮੀਨ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ। ਪੰਜਾਬ ਅੰਦਰ ਤੇਜ਼ੀ ਨਾਲ ਜ਼ਮੀਨ ਨੂੰ ਵਿਕਾਸ ਦੇ ਨਾਂਅ ਤੇ ਐਕਵਾਇਰ ਕੀਤਾ ਜਾ ਰਿਹਾ ਹੈ। ਪੰਜਾਬ ਦੀ ਜ਼ਮੀਨ ਹਰੇਕ ਫਸਲ ਪੈਦਾ ਕਰਨ ਦੇ ਯੋਗ ਹੈ ਅਤੇ ਵੱਡੇ ਵੱਡੇ ਕਾਰਪੋਰੇਟ ਘਰਾਣਿਆਂ ਦੀ ਇਸ ਜ਼ਮੀਨ 'ਤੇ ਅੱਖ ਹੈ, ਪਰ ਪੰਜਾਬ ਦੇ ਕਿਸਾਨਾਂ ਦਾ ਇਸ ਮਿੱਟੀ ਨਾਲ ਉਹ ਮੋਹ ਹੈ ਜਿਹੜਾ ਕਦੇ ਖਤਮ ਨਹੀਂ ਹੋ ਸਕਦਾ, ਪੰਜਾਬ ਦੇ ਕਿਸਾਨ ਕਿਸੇ ਕੀਮਤ ਤੇ ਕਿਸੇ ਸਰਕਾਰ ਨੂੰ ਇਹ ਜ਼ਮੀਨ ਨਹੀਂ ਦੇਣਗੇ। ਉਨ੍ਹਾਂ ਕਿਹਾ ਇਸ ਜ਼ਮੀਨ ਨੂੰ ਬਚਾਉਣ ਲਈ ਪਿੰਡ ਪਿੰਡ ਜਾਂ ਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਪ੍ਰਧਾਨ ਰਜਿੰਦਰ ਸਿੰਘ ਜਫਰਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੀਡਰ ਇਸ ਸਕੀਮ ਦੇ ਫਾਇਦੇ ਦੱਸਣ ਦੀ ਬਜਾਏ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਹ ਕਹਿਣ ਕਿ ਪੰਜਾਬ ਵਿੱਚ ਕਿਸੇ



ਵੀ ਖੇਤਰ ਵਿੱਚ ਕੋਈ ਵਿਕਾਸ ਨਹੀਂ ਹੋ ਰਿਹਾ, ਪੰਜਾਬ ਵਿੱਚ ਦਿਨ ਦਿਹਾੜੇ ਫਿਰੌਤੀਆਂ ਮੰਗੀਆਂ ਜਾ ਰਹੀਆਂ, ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਹੋ ਰਹੀਆਂ, ਨਸ਼ਾ ਘਰ ਘਰ ਵਿਕ ਰਿਹਾ, ਬੇਰੁਜ਼ਗਾਰ ਮੁੰਡੇ ਕੁੜੀਆਂ ਸੜਕਾਂ 'ਤੇ ਧੱਕੇ ਖਾ ਰਹੇ ਹਨ, ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਮਿਲ ਰਹੀਆਂ ਆਦਿ ਵੱਲ ਸਰਕਾਰ ਦਾ ਧਿਆਨ ਦਿਵਾਉਣ। ਉਨ੍ਹਾ ਕਿਹਾ ਪੰਜਾਬ ਦਾ ਕਿਸਾਨ ਪਹਿਲਾਂ ਹੀ ਬਹੁਤ ਮੁਸੀਬਤਾਂ ਵਿੱਚ ਜੂਝ ਰਿਹਾ ਹੈ, ਇਸ ਕਰਕੇ ਇਹ ਫੈਸਲਾ ਸਰਕਾਰ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਦਲਜੀਤ ਸਿੰਘ ਸਿੱਧਵਾਂ, ਮੀਡੀਆ ਸਲਾਹਕਾਰ ਯਾਦਵਿੰਦਰ ਸਿੰਘ, ਸੂਬਾ ਸਕੱਤਰ ਬਲਵਿੰਦਰ ਸਿੰਘ ਸਿੱਧਵਾਂ, ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਡੇਹਰੀਵਾਲ ਆਦਿ ਵੀ ਹਾਜ਼ਰ ਸਨ।

## ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਸਬੰਧੀ ਸ਼ੈਰੀ ਕਲਸੀ ਵੱਲੋਂ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ



ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਬਟਾਲਾ ਕਲੱਬ ਵਿਖੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਪਿੰਡਾਂ ਦੇ ਸਰਪੰਚਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।

ਇਸ ਮੌਕੇ ਅਰਜਨ ਸਿੰਘ ਗਰੇਵਾਲ ਤਹਿਸੀਲਦਾਰ ਬਟਾਲਾ, ਬੀ.ਡੀ.ਪੀ.ਓ ਬਟਾਲਾ ਬਲਜੀਤ ਸਿੰਘ, ਸਹਿਕਾਰਤਾ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ, ਮਲਕੀਤ ਸਿੰਘ ਵੈਰੋਨੰਗਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਿੰਡਾਂ ਦੇ ਸਰਪੰਚ ਹਾਜ਼ਰ ਸਨ ਮੀਟਿੰਗ ਦੌਰਾਨ ਵਿਧਾਇਕ ਸ਼ੈਰੀ ਕਲਸੀ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਦੇ ਵਿਕਾਸ ਦੀ ਕਰਵਾਏ ਜਾ ਰਹੇ ਵੱਖ-ਵੱਖ ਕੰਮਾਂ, ਲਿੰਕ ਸੜਕਾਂ ਦਾ ਨਿਰਮਾਣ ਤੇ ਮੁਰੰਮਤ, ਸੈਨੀਟੇਸ਼ਨ ਤੇ ਜਲ ਸਪਲਾਈ ਵਿਭਾਗ ਦੀਆਂ ਸਕੀਮਾਂ ਅਤੇ ਮਗਨਰੇਗਾ ਆਦਿ ਅਧੀਨ ਕਰਵਾਏ ਜਾ ਰਹੇ ਕਾਰਜਾਂ ਸਬੰਧੀ ਵਿਸਥਾਰ ਪੂਰਵਕ ਜਾਇਜ਼ਾ ਲਿਆ ਗਿਆ।

ਮੀਟਿੰਗ ਦੌਰਾਨ ਉਨਾਂ ਨੇ ਸਬੰਧਿਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਸਮੂਹ ਵਿਕਾਸ ਕਾਰਜਾਂ ਲਈ ਸਰਕਾਰ ਵਲੋਂ ਜਾਰੀ ਫੰਡਾਂ ਦੀ ਸੁਚੱਜੀ ਵਰਤੋਂ ਅਤੇ ਕੰਮ ਦੀ ਗੁਣਵੱਤਾ ਯਕੀਨੀ ਬਣਾਉਣ ਦੇ ਨਾਲ-ਨਾਲ ਵਿਕਾਸ ਕੰਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਵਿਕਾਸ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ।

## ਦੱਖਣੀ ਏਸ਼ੀਆ 'ਚ ਕੈਂਬਰਿਜ ਦੇ 1,000 ਇੰਟਰਨੈਸ਼ਨਲ ਸਕੂਲਾਂ ਦਾ ਵਿਸਥਾਰ

ਲੁਧਿਆਣਾ : ਕੈਂਬਰਿਜ ਯੂਨੀਵਰਸਿਟੀ ਪ੍ਰੈੱਸ ਅਤੇ ਐਸੈਸਮੈਂਟ ਦੱਖਣੀ ਏਸ਼ੀਆ ਵਿੱਚ 1,000 ਤੋਂ ਵੱਧ ਕੈਂਬਰਿਜ ਇੰਟਰਨੈਸ਼ਨਲ ਸਕੂਲਾਂ ਦਾ ਵਿਸਥਾਰ ਦਾ ਐਲਾਨ ਕੀਤਾ ਹੈ।ਇਸ ਵਿੱਚ ਭਾਰਤ ਦੇ 800 ਸਕੂਲ ਸ਼ਾਮਲ ਹਨ। ਪਿਛਲੇ ਸਾਲ ਦੇ ਮੁਕਾਬਲੇ, ਸਕੂਲਾਂ ਦੀ ਸੰਖਿਆ ਵਿੱਚ 16 ਪ੍ਰਤੀਸ਼ਤ ਵਾਧਾ ਹੋਇਆ ਹੈ।2023-24 ਵਿੱਚ ਇਹਨਾਂ ਖੇਤਰਾਂ ਵਿੱਚ 894 ਕੈਂਬਰਿਜ ਸਕੂਲ ਸਨ, 2024-25 ਵਿੱਚ ਇਹ ਵਧ ਕੇ 1034 ਹੋ ਗਏ ਹਨ।ਨਵੇਂ ਸਕੂਲਾਂ ਵਿੱਚ ਭਾਰਤ ਦਾ ਯੋਗਦਾਨ 81 ਪ੍ਰਤੀਸ਼ਤ ਤੋਂ ਵੱਧ ਹੈ। ਦੱਖਣੀ ਏਸ਼ੀਆ ਵਿੱਚ 75 ਪ੍ਰਤੀਸ਼ਤ ਤੋਂ ਵੱਧ ਕੈਂਬਰਿਜ ਇੰਟਰਨੈਸ਼ਨਲ ਸਕੂਲ ਭਾਰਤ ਵਿੱਚ ਸਥਿਤ ਹਨ ਅਤੇ ਇਸ ਤੋਂ ਬਾਅਦ 12 ਪ੍ਰਤੀਸ਼ਤ ਬੰਗਲਾਦੇਸ਼ ਵਿੱਚ ਸਥਿਤ ਹਨ।ਦੱਖਣੀ ਏਸ਼ੀਆ ਵਿੱਚ ਅੰਤਰਰਾਸ਼ਟਰੀ ਸਿੱਖਿਆ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਵਿਨੇ ਸ਼ਰਮਾ ਨੇ ਦੱਸਿਆ ਕਿ ਇਹ ਵਿਕਾਸ ਇਸ ਗੱਲ ਦਾ ਲਖਾਇਕ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਗਲੋਬਲ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨਾ ਚਾਹੁੰਦੇ ਹਾਂ।ਇਸ ਦੇ ਨਾਲ ਪੁਣੇ ਦਾ ਬ੍ਰਹਮਾ ਪ੍ਰਿਆ ਵਰਲਡ ਸਕੂਲ 1,000ਵਾਂ ਕੈਂਬਰਿਜ ਸਕੂਲ ਬਣ ਗਿਆ।

## ਪਨਿਆੜ ਨੂੰ ਜਾਂਦੀ ਸੜਕ ਕੰਢੇ ਉੱਗੀ ਜੜੀ ਬੂਟੀ ਨੇ ਕੱਚੇ ਰਸਤੇ 'ਤੇ ਜਮਾਇਆ ਕਬਜ਼ਾ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਤੋਂ ਦੀਨਾਨਗਰ ਵਾਇਆ ਧਾਰੋਚੱਕ, ਪਨਿਆੜ ਨੂੰ ਜਾਣ ਵਾਲੀ ਸੜਕ 'ਤੇ ਜੰਗਲੀ ਘਾਹ ਬੂਟੀ ਉੱਗੀ ਹੋਣ ਕਾਰਨ ਸੜਕ ਦਾ ਸਾਰਾ ਕੱਚਾ ਰਸਤਾ ਇਸ ਬੂਟੀ ਨੇ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ ਜਿਸ ਕਾਰਨ ਦੋ ਵਾਹਨਾਂ ਦਾ ਆਹਮਣੇ-ਸਾਹਮਣੇ ਤੋਂ ਲੰਘਣਾ ਕਈ ਵਾਰ ਕਾਫੀ ਮੁਸ਼ਕਿਲ ਹੋ ਜਾਂਦਾ ਹੈ। ਗੁਰਦਾਸਪੁਰ ਦੇ ਡਾਕਖਾਨਾ ਚੌਂਕ ਤੋਂ ਜੇਲ੍ਹ ਰੋਡ ਵਾਲੀ ਸੜਕ 'ਤੇ ਪੈਂਦੇ ਪਿੰਡ ਅਬਲ ਖੈਰ, ਧਾਰੋਚੱਕ, ਖਰਲ, ਪਨਿਆੜ ਤੋਂ ਹੁੰਦੀ ਹੋਈ ਇਹ ਸੜਕ ਦੀਨਾਨਗਰ ਨੂੰ ਜਾਂਦੀ ਹੈ। ਇਸ ਸੜਕ 'ਤੇ ਕਾਫੀ ਪਿੰਡ ਪੈਣ ਤੋਂ ਇਲਾਵਾ ਇਹ ਸ਼ਾਰਟ ਰਸਤਾ ਹੋਣ ਕਾਰਨ ਇਸ 'ਤੇ ਟਰੈਫਿਕ ਕਾਫ਼ੀ ਰਹਿੰਦੀ ਹੈ। ਇਸ ਸੜਕ ਦੀ ਸਾਂਭ-ਸੰਭਾਲ ਰੱਖਣ ਵਾਲੇ ਵਿਭਾਗ ਵੱਲੋਂ ਇਸ ਸੜਕ ਕੰਢੇ ਉੱਗੀ ਜੰਗਲੀ ਬੂਟੀ ਨਾ ਪੁੱਟਣ ਕਾਰਨ ਸੜਕ ਦੀ ਚੌੜਾਈ ਘੱਟ ਗਈ ਹੈ ਅਤੇ ਜੰਗਲੀ ਬੂਟੀ ਨੇ ਸੜਕ ਦਾ ਕੱਚਾ ਰਸਤਾ ਸਾਰਾ ਮੱਲ ਲਿਆ ਹੈ। ਇਲਾਕਾ ਵਾਸੀਆਂ ਨੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਇਸ ਸੜਕ 'ਤੇ ਕੱਚੇ ਰਸਤੇ ਨੂੰ ਆਪਣੇ ਲਪੇਟ ਵਿੱਚ ਲੈਣ ਵਾਲੀ ਜੰਗਲੀ ਬੂਟੀ ਨੂੰ ਕੱਟਿਆ ਜਾਵੇ।

## ਰਮਨ ਬਹਿਲ ਤੇ ਰਾਜੀਵ ਸ਼ਰਮਾ ਵੱਲੋਂ ਗੁਰਦਾਸਪੁਰ-ਪੰਡੋਰੀ ਧਾਮ ਬੱਸ ਸਰਵਿਸ ਮੁੜ ਸ਼ੁਰੂ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਸਰਕਾਰ ਵਲੋਂ ਗੁਰਦਾਸਪੁਰ ਵਾਸੀਆਂ ਸਮੇਤ ਪੰਡੋਰੀ ਧਾਮ ਦੇ ਪੈਰੋਕਾਰਾਂ ਨੂੰ ਵੱਡੀ ਸਹੂਲਤ ਦਿੰਦਿਆਂ ਬੱਸ ਸਟੈਂਡ ਗੁਰਦਾਸਪੁਰ ਤੋਂ ਪੰਡੋਰੀ ਧਾਮ ਲਈ ਪੰਜਾਬ ਰੋਡਵੇਜ਼ ਦੀ ਬੱਸ ਸਰਵਿਸ ਨੂੰ ਦੁਬਾਰਾ ਸ਼ੁਰੂ ਕਰ ਦਿੱਤਾ ਗਿਆ ਹੈ।

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਅਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਵਲੋਂ ਬਾਬਾ ਬੰਦਾ ਸਿੰਘ ਅੰਤਰਰਾਜੀ ਬੱਸ ਅੱਡੇ ਗੁਰਦਾਸਪੁਰ ਤੋਂ ਪੰਜਾਬ ਰੋਡਵੇਜ਼ ਦੀ ਬੱਸ ਹਰੀ ਝੰਡੀ ਦਿਖਾ ਕੇ ਪੰਡੋਰੀ ਧਾਮ ਲਈ ਰਵਾਨਾ ਕੀਤਾ ਗਿਆ। ਰਮਨ ਬਹਿਲ ਨੇ ਕਿਹਾ ਕਿ ਗੁਰਦਾਸਪੁਰ-ਪੰਡੋਰੀ ਧਾਮ ਬੱਸ ਸਰਵਿਸ ਸ਼ੁਰੂ ਹੋਣ ਨਾਲ ਜਿੱਥੇ ਇਲਾਕੇ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ।


**ਭਾਰਤੀਯ ਰੇਲ**

**''ਸਾਰਵਜਨਿਕ ਸੂਚਨਾ''**

ਰੇਲਵੇ ਅਤੇ ਪਰਿਸਰਾਂ ਦੇ ਸਾਰੇ ਉਪਭੋਗਕਤਾਵਾਂ ਨੂੰ ਇਸ ਦੁਆਰਾ ਸੂਚਨਾ ਦਿਤੀ ਜਾਂਦੀ ਹੈ ਕਿ ਰੇਲਵੇ ਦੇ ਹੇਠਾਂ ਲਿਖਤ ਸੈਕਸ਼ਨ ਤੇ 25,000 ਵੋਲਟਸ 50 ਹਰਟਜ ਏ.ਸੀ. ਸ਼ਿਰੋਪਰੀ ਕਰਸ਼ਨ ਤਾਰਾਂ ਨੂੰ ਸੈਕਸ਼ਨ ਦੇ ਸਾਹਮਣੇ ਦਰਸਾਈ ਮਿਤੀ ਨੂੰ ਜਾਂ ਬਾਅਦ ਉਰਜਿਤ ਕੀਤਾ ਜਾਏਗਾ। ਉਸ ਮਿਤੀ ਅਤੇ ਉਸ ਮਿਤੀ ਦੇ ਬਾਅਦ ਸਾਰੇ ਸ਼ਿਰੋਪਰੀ ਉਪਸਕਰ ਕਰਸ਼ਨ ਲਾਈਨ ਨੂੰ ਹਰ ਸਮੇਂ ਹਮੇਸ਼ਾਂ ਦੇ ਲਈ ਬਿਜਲੀਮਈ ਮੰਨਿਆ ਜਾਏਗਾ ਅਤੇ ਕੋਈ ਵੀ ਅਣਅਧਿਕ੍ਰਿਤ ਵਿਅਕਤੀ ਉਸ ਸ਼ਿਰੋਪਰੀ ਉਪਸਕਰ ਲਾਈਨ ਦੇ ਨਜ਼ਦੀਕ ਦਾਖਲ ਨਾ ਹੋਵੇ ਜਾਂ ਕੰਮ ਕਰਨ ਨਹੀਂ ਜਾਏਗਾ।

| ਸੈਕਸ਼ਨ | ਤਾਰੀਕ |
|---|---|
| ਉਤਰ ਰੇਲਵੇ ਵਿਚ ਜੰਮੂ ਮੰਡਲ ਦੇ ਜੰਮੂ ਵਿਚ ਦੂਜੇ ਐਂਟ੍ਰੀ ਗੇਟ ਅਤੇ ਕੋਚਿੰਗ ਟਰਮੀਨਲ ਦੇ ਵਿਕਾਸ ਕੰਮ ਲਈ ਨਵੀਂ ਵਾਸ਼ਿੰਗ ਲਾਈਨ ਨੰ. 1 ਲੋਕੇਸ਼ਨ ਨੰ. WL-1 (ਕਿ.ਮੀ. ਚੈਨੇਜ 96/269.00) ਤੋਂ WL-52 (ਕਿ.ਮੀ. ਚੈਨੇਜ 97/287.50) | 31.07.2025 |

ਉਪ-ਮੁੱਖ ਬਿਜਲੀ ਇੰਜੀਨੀਅਰ/ਨਿ.
ਉਤਰ ਰੇਲਵੇ ਜਲੰਧਰ ਸ਼ਹਿਰ

2258/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਅਮਰਨਾਥ ਯਾਤਰਾ ਵਿਸ਼ੇਸ਼ ਰੇਲਗੱਡੀ**

ਰੇਲਯਾਤਰੀਆਂ ਦੀ ਸੁਵਿਧਾਜਨਕ ਆਉਣ-ਜਾਣ ਲਈ ਰੇਲਵੇ ਦੁਵਾਰਾ ਅਮਰਨਾਥ ਯਾਤਰਾ-2025 ਦੇ ਅਵਸਰ ਉਤੇ ਹੇਠਾ ਲਿਖੀ ਅਮਰਨਾਥ ਯਾਤਰਾ ਸਪੈਸ਼ਲ ਰੇਲਗੱਡੀ ਦਾ ਸੰਚਾਲਨ ਕੀਤਾ ਜਾਵੇਗਾ :-

01707/01718 ਜਬਲਪੁਰ - ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ - ਜਬਲਪੁਰ ਐਕਸਪ੍ਰੈਸ ਸਪੈਸ਼ਲ ਰੇਲਗੱਡੀ — 04 ਫੇਰੇ

| ਰੇਲਗੱਡੀ ਨੰ: 01707 ↓ | | ਸਟੇਸ਼ਨ | ਰੇਲਗੱਡੀ ਨੰ: 01708 ↑ | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 05:25 | ਜਬਲਪੁਰ | 09:35 | -- |
| 18:00 | -- | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | -- | 21:15 |

ਚਲਨ ਦੀ ਮਿਤੀ : 01707 ਜਬਲਪੁਰ ਤੋਂ ਮਿਤੀ 04.08.2025 ਅਤੇ 11.08.2025 (ਸੋਮਵਾਰ) ਨੂੰ ਅਤੇ 01708 ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ ਤੋਂ ਮਿਤੀ 05.08.2025 ਅਤੇ 12.08.2025 (ਮੰਗਲਵਾਰ) ਨੂੰ ।

ਜੁਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ ।

ਠਹਿਰਾਵ : ਕਟਨੀ ਮੁਰਵਾਰਾ, ਦਮੋਹ, ਸਾਗਰ, ਵੀਰਾਂਗਨਾ ਲਖਸ਼ਮੀ ਝਾਂਸੀ, ਗਵਾਲੀਅਰ, ਮੁਰੈਨਾ, ਆਗਰਾ ਕੈਂਟ, ਮਥੁਰਾ ਜੰ:, ਅਲਵਰ ਜੰ:, ਰੇਵਾੜੀ ਜੰ:, ਝੱਜਰ, ਰੋਹਤਕ ਜੰ:, ਜਾਖਲ ਜੰ:, ਧੂਰੀ ਜੰ:, ਲੁਧਿਆਣਾ ਜੰ:, ਜਲੰਧਰ ਕੈਂਟ, ਪਠਾਨਕੋਟ ਕੈਂਟ ਅਤੇ ਜੰਮੂਤਵੀ ਸਟੇਸ਼ਨ ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਸੂਚਨਾ ਅਤੇ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES App ਦੇਖੋ ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

2269/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ :

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-OSD25-2 | 05.08.2025 ਨੂੰ 11:30 ਵਜੇ | 69 ਐਨਐਸਜੀ-5 ਅਤੇ ਐਨਐਸਜੀ-6 ਸ਼੍ਰੇਣੀ ਦੇ ਰੇਲਵੇ ਸਟੇਸ਼ਨਾਂ ਉਤੇ 71 ਯੂਟੀਐਸ/ਪੀਆਰਐਸ/ਯੂਟੀਐਸ-ਸਹਿ-ਪੀਆਰਐਸ ਕਾਊਂਟਰਾਂ ਉਤੇ ਦੋਹਰੀ ਡਿਸਪਲੇ ਸੂਚਨਾ ਪ੍ਰਣਾਲੀ (ਡੀਡੀਆਈਐਸ ਸਕਰੀਨ) ਦੇ ਦੁਵਾਰਾ ਤੋਂ ਵਾਣਿਜਿਯਕ ਪ੍ਰਚਾਰ ਅਧਿਕਾਰ ਦੇ ਲਈ ਅਨੁਬੰਧ ਦਾ ਅਲਾਟਮੈਂਟ । |
| EAFZR-PnU25-15 | 06.08.2025 ਨੂੰ 12:30 ਵਜੇ | ਅੰਮ੍ਰਿਤਸਰ ਰੇਲਵੇ ਸਟੇਸ਼ਨ ਗੋਲੇ ਬਾਗ ਸਾਈਡ ਐਂਟਰੀ ਉਤੇ ਪੇ ਐਂਡ ਯੂਜ ਪਖਾਨਿਆਂ ਦੇ ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਅਨੁਬੰਧ ਦਾ ਅਲਾਟਮੈਂਟ । |
| EAFXZR-MA25-2 | 08.08.2025 ਨੂੰ 10:00 ਵਜੇ | ਗੱਡੀ ਨੰਬਰ 14634, 20424/20423, 12408, 14622/21 & 14626/25, 20498/20497 (ਗਰੁਪ ਰੇਕ ਲਿੰਕ) ਟ੍ਰੇਨਾਂ ਦੇ ਸਵਾਰੀ ਦੇ ਡਿਬਿਆਂ ਦੇ ਬਾਹਰੀ ਭਾਗ ਉਤੇ ਵਿਨਾਇਲ ਰੈਪਿੰਗ ਦੇ ਦੁਵਾਰਾ ਤੋਂ ਵਾਣਿਜਿਯਕ ਪ੍ਰਚਾਰ ਅਧਿਕਾਰਾਂ ਦੇ ਲਈ ਅਨੁਬੰਧ ਦਾ ਅਲਾਟਮੈਂਟ । |
| EAFZR-MPS25-10 | 11.08.2025 ਨੂੰ 11:30 ਵਜੇ | ਜਲੰਧਰ ਸ਼ਹਿਰ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦੇ ਲਈ ਅਨੁਬੰਧ ਦਾ ਅਲਾਟਮੈਂਟ । |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ ।

ਨੂੰ MC/38015/Pub/E-Auction/FZR/22 ਮਿਤੀ : 25.07.2025 2276/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-94 | 11.08.25 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14630/F1, 14028/F2, 14730/R1, 14630/R1, 11906/R1, 14626/F1, 14633/F2, 11906/F1, 14633/F1 & 14622/F1. |
| EAFZR-SLR25-95 | 13.08.25 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14618/F1, 19614/F1, 14505/F1, 14616/F1, 14680/F1, 14682/F1, 14730/F1, 14028/F1, 14730/F2 & 14028/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 2281/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਬੈਂਕ ਆਫ਼ ਬੜੌਦਾ Bank of Baroda

ROSARB Ludhiana. Add: BXX-3369, 3rd Floor, Sandhu Tower II, Gurdev Nagar, Ferozpur Road, Ludhiana

**ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਧੀਨ ਬੈਂਕ ਆਫ ਬੜੌਦਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦੇ ਨੋਟਿਸ ਜਾਰੀ ਕੀਤੇ ਹਨ।

ਕਰਜ਼ਦਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਰੀਕਾਂ 'ਤੇ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ, ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਬਰਾਂਚ, ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| ਆਰ ਓ ਐੱਸ ਏ ਆਰ ਬੀ, ਲੁਧਿਆਣਾ | (ਜਾਇਦਾਦ ਨੰ. -1) | 29.07.2024 | 23.07.2025 | ਸੰਕੇਤਕ ਕਬਜ਼ਾ |
| (ਕਰਜ਼ਦਾਰ) ਮੈਸਰਜ਼ ਗਰੀਨ ਹਿੱਲ ਰਾਹੀਂ ਇਸ ਦੇ ਮਾਲਕ ਸ੍ਰੀ ਪਵਨ ਕੁਮਾਰ, 1276/555/ਪੀ-202, ਗਲੀ ਨੰ. 2, ਬੰਦਾ ਬਹਾਦਰ ਕਾਲੋਨੀ, ਸਾਹਮਣੇ ਏ ਐੱਸ ਪਬਲਿਕ ਸਕੂਲ ਲੁਧਿਆਣਾ। ਗਰੰਟਰ : ਸ੍ਰੀਮਤੀ ਰਾਣੀ ਪਤਨੀ ਸ੍ਰੀ ਪਵਨ ਕੁਮਾਰ ਮਕਾਨ ਨੰ. 10908-ਬੀ, ਗਲੀ ਨੰ. 5/1, ਨਿਊ ਸੁਭਾਸ਼ ਨਗਰ, ਨੇੜੇ ਗਰੀਨ ਲੈਂਡ ਸਕੂਲ, ਰਾਹੋਂ ਰੋਡ, ਲੁਧਿਆਣਾ। | ਰਜਿਸਟਰਡ ਬੈਨਾਮਾ 1777 ਮਿਤੀ 24.04.2008 ਅਨੁਸਾਰ ਸ੍ਰੀ ਪਵਨ ਕੁਮਾਰ ਦੇ ਨਾਂਅ ਜਾਇਦਾਦ ਦਾ ਉਚਿਤ ਗਿਰਵੀਨਾਮਾ, ਰਕਬਾ 100.00 ਵਰਗ ਗਜ਼ ਰੈਵੇਨਿਊ ਅਸਟੇਟ ਦੇ ਅੰਦਰਵਾਰ ਤਰਫ ਸੈਦਾਂ, ਹੱਦਬਸਤ ਨੰ. 172, ਮਕਾਨ ਨੰ. 10908, ਗਲੀ ਨੰ. 5/1, ਨਿਊ ਸੁਭਾਸ਼ ਨਗਰ, ਨੇੜੇ ਗਰੀਨ ਲੈਂਡ ਸਕੂਲ, ਰਾਹੋਂ ਰੋਡ, ਲੁਧਿਆਣਾ, ਖਸਰਾ ਨੰ. 388, ਖੱਤਾ ਨੰ. 1240/1344, ਜਮ੍ਹਾਂਬੰਦੀ ਸਾਲ 2002-03, ਖੱਤਾ ਨੰ. 1262/1364, ਜਮ੍ਹਾਂਬੰਦੀ ਸਾਲ 2007-08 | | | 29.07.2024 ਨੂੰ ਰੁਪਏ 28,83,200.84/-(ਅਠਾਈ ਲੱਖ ਤਰਿਆਸੀ ਹਜ਼ਾਰ ਦੋ ਸੌ ਰੁਪਏ ਅਤੇ ਚੌਰਾਸੀ ਪੈਸੇ ਕੇਵਲ) ਅਤੇ 30.07.2024 ਤੋਂ ਇਸ 'ਤੇ ਵਿਆਜ |

(ਜਾਇਦਾਦ ਨੰ. -2)-ਰਜਿਸਟਰਡ ਬੈਨਾਮਾ ਨੰ. 2832, ਮਿਤੀ 24.07.2020 ਅਨੁਸਾਰ ਸ੍ਰੀਮਤੀ ਰਾਣੀ ਪਤਨੀ ਸ੍ਰੀ ਪਵਨ ਕੁਮਾਰ ਦੇ ਨਾਂਅ ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 108.00 ਵਰਗ ਗਜ਼, ਖੱਤਾ ਨੰ. 10//18/2-19-20-21-22-23, 11/1-2, ਖੱਤਾ ਨੰ. 48/51, ਜਮ੍ਹਾਂਬੰਦੀ ਸਾਲ 2006-2007 ਰੈਵੇਨਿਊ ਅਸਟੇਟ ਦੇ ਅੰਦਰਵਾਰ, ਪਿੰਡ ਕੁਲੀਏਵਾਲ, ਹੱਦਬਸਤ ਨੰ. 178, ਪਲਾਟ ਨੰ. 202, ਐੱਮ ਸੀ ਨੰ. 1276/2/555/ਪੀ-202, ਗਲੀ ਨੰ. 02, ਬੰਦਾ ਬਹਾਦਰ ਕਾਲੋਨੀ, ਸਾਹਮਣੇ ਏ ਐੱਸ ਪਬਲਿਕ ਸਕੂਲ, ਵਾਕਿਆ ਪਿੰਡ ਕੁਲੀਏਵਾਲ, ਲੁਧਿਆਣਾ।

ਮਿਤੀ : 23.07.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

26 July Page 12.qxd 7/25/2025 11:11 PM Page 1



# ਪੰਜਾਬ ਰੋਡਵੇਜ਼ ਇੰਸਪੈਕਟਰਾਂ ਵੱਲੋਂ ਤਨਖਾਹ ਸਕੇਲਾਂ ਸੰਬੰਧੀ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦੇਣ ਦਾ ਫੈਸਲਾ



**ਜਲੰਧਰ/ਮੇਹਟੀਆਣਾ (ਰਾਜੇਸ਼ ਥਾਪ, ਜਗਤਾਰ ਸਿੰਘ ਭੂੰਗਰਨੀ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੀ ਅੱਜ ਸਥਾਨਕ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਵਿਖੇ ਜਥੇਬੰਦੀ ਦੇ ਸੂਬਾ ਵਰਕਿੰਗ ਪ੍ਰਧਾਨ ਕਾਮਰੇਡ ਜਗਤਾਰ ਸਿੰਘ ਭੂੰਗਰਨੀ ਅਤੇ ਗੁਰਜੀਤ ਸਿੰਘ ਘੋੜੇਵਾਹ ਦੀ ਸਾਂਝੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਅੰਤਰ ਰਾਸ਼ਟਰੀ ਬਜ਼ੁਰਗ ਦੋੜਾਕ ਫੌਜਾ ਸਿੰਘ,ਜੱਥੇਬੰਦੀ ਦੇ ਸੂਬਾ ਮੁੱਖ ਸਲਾਹਕਾਰ ਗੁਰਮੇਲ ਸਿੰਘ ਦੇ ਨੌਜਵਾਨ ਪੋਤਰੇ ਪ੍ਰਵੀਨ ਸਿੰਘ ਦੇ ਸੜਕ ਦੁਰਘਟਨਾ 'ਚ ਸਦੀਵੀ ਵਿਛੋੜੇ ਅਤੇ ਹੋਰ ਵੱਖ-ਵੱਖ ਵਿਅਕਤੀਆਂ ਨੂੰ ਯਾਦ ਕਰਦੇ ਹੋਏ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਅਵਤਾਰ ਸਿੰਘ ਤਾਰੀ ਮੁੱਖ ਜਥੇਬੰਦਕ ਸਕੱਤਰ, ਗੁਰਬਖਸ਼ ਸਿੰਘ ਢਿੱਲੋਂ ਮੁੱਖ ਸਲਾਹਕਾਰ, ਸਵਰਨ ਸਿੰਘ ਹਠੂਰ, ਵਿਜੇ ਕੁਮਾਰ ਜਲੰਧਰ, ਹਰਬੰਸ ਸਿੰਘ ਸੈਣੀ, ਨਸੀਬ ਸਿੰਘ ਜੜੌਤ, ਦਰਸ਼ਨ ਸਿੰਘ ਥਰੀਕੇ , ਹਰਜਿੰਦਰ ਸਿੰਘ ਸੀਲੋਂ , ਮਨਜੀਤ ਸਿੰਘ ਮਨਸੂਰਾਂ, ਮੋਹਨਜੀਤ ਸਿੰਘ ਲੁਧਿਆਣਾ, ਕੁਲਵੰਤ ਸਿੰਘ ਚਾਨੀ ਫਰੀਦਕੋਟ, ਗੁਰਮੇਲ ਚੰਦ ਨਵਾਂ ਸ਼ਹਿਰ, ਬਚਿੱਤਰ ਸਿੰਘ ਧੋਥੜ, ਜਗਦੀਸ਼ ਸਿੰਘ ਜਗਰਾਉਂ, ਬਲਰਾਜ ਸਿੰਘ ਭੰਗੂ ਅੰਮ੍ਰਿਤਸਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਕਿ ਆਪਣੇ ਸਵਾ ਤਿੰਨ ਸਾਲ ਤੋਂ ਵੱਧ ਦੇ ਰਾਜ ਤੋਂ ਬਾਅਦ ਵੀ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਗਏ ਸਾਰੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਬੁਰੀ ਤਰਾਂ ਅਸਫਲ ਸਾਬਿਤ ਹੋਈ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਮਸਲੇ ਹੱਲ ਕਰਨ ਦੀ ਥਾਂ ਅੰਦੋਲਨਾਂ ਨੂੰ ਕੁਚਲਣ ਦੇ ਰਾਹ ਤੇ ਚੱਲ ਰਹੇ ਹਨ ਅਤੇ ਕਾਰਪੋਰੇਟ ਸੈਕਟਰ ਦੇ ਦੁਬਾਅ ਹੇਠ ਲੈਂਡ ਪੂਲਿੰਗ ਕਰਨ ਸਬੰਧੀ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੇ ਹਨ। ਪੰਜਾਬ ਸਰਕਾਰ ਮਾਨਯੋਗ ਸਰਬ ਉੱਚਅਦਾਲਤ ਵੱਲੋਂ ਮੁਲਾਜ਼ਮਾਂ ਦੇ ਹੱਕ ਵਿੱਚ ਕੀਤੇ ਗਏ ਕਈ ਫੈਸਲਿਆਂ ਨੂੰ ਲਾਗੂ ਕਰਨ ਦੀ ਬਜਾਏ ਲਗਾਤਾਰ ਲਮਕਾ ਰਹੀ ਹੈ ਅਤੇ ਇਸ ਫੈਸਲੇ ਲਾਗੂ ਕਰਨ ਤੋਂ ਭੱਜ ਰਹੀ ਹੈ। ਮੀਟਿੰਗ ਦੌਰਾਨ ਫੈਸਲਾ ਕੀਤਾ ਕਿ ਪੰਜਾਬ ਰੋਡਵੇਜ਼ ਦੇ ਇੰਸਪੈਕਟਰਾਂ ਦੇ ਤਨਖਾਹ ਸਕੇਲਾਂ ਸਬੰਧੀ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਜਨਰਲਾਇਜ਼ ਕਰਵਾਉਣ ਵਾਸਤੇ 29 ਜੁਲਾਈ ਨੂੰ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸਮੂਹਿਕ ਵਫਦ ਪੰਜਾਬ ਰੋਡਵੇਜ਼ ਦੇ ਸਮੂਹ ਡਿਪੂ ਮੈਨੇਜਰਾਂ ਨੂੰ ਮਿਲਕੇ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਦੇਣਗੇ । ਇਸ ਤੋਂ ਇਲਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ 21-25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਕੌਮੀ ਕਾਨਫਰੰਸ ਨੂੰ ਸਫਲ ਬਣਾਉਣ ਸਬੰਧੀ ਦਾ ਨਿਰਣਾ ਲਿਆ । ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਅਜਮੇਰ ਸਿੰਘ ਮੋਗਾ, ਸੰਤੋਖ ਸਿੰਘ ਜਲੰਧਰ, ਗੁਰਮੁਖ ਸਿੰਘ ਜਲੰਧਰ, ਮਹਿੰਦਰ ਸਿੰਘ ਰੋਪੜ, ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ, ਜਸਵਿੰਦਰ ਸਿੰਘ ਬਰਾੜ ਫਰੀਦਕੋਟ, ਅਮਰੀਕ ਸਿੰਘ ਬਟਾਲਾ, ਚਮਕੌਰ ਸਿੰਘ ਮੋਗਾ, ਬਲਜੀਤ ਸਿੰਘ ਜਗਰਾਉਂ, ਬਲਵੀਰ ਸਿੰਘ ਨਵਾਂ ਸ਼ਹਿਰ, ਦਲਜੀਤ ਸਿੰਘ ਜਗਰਾਓਂ, ਕੁਲਵੰਤ ਸਿੰਘ ਘੁਕੇਵਾਲੀ , ਬਲਵਿੰਦਰ ਸਿੰਘ ਛੀਨਾ ਅਤੇ ਅੰਮ੍ਰਿਤਪਾਲ ਸਿੰਘ ਆਦਿ ਸ਼ਾਮਲ ਸਨ।

# ਹਰਜੀ ਮਾਨ ਨੇ ਰਾਮਗੜ੍ਹ 'ਚ ਵਿਕਾਸ ਕਾਰਜਾਂ ਦੀ ਕਰਵਾਈ ਸ਼ੁਰੂਆਤ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਹਰਨੂਰ ਸਿੰਘ (ਹਰਜੀ) ਮਾਨ ਨੇ ਪਿੰਡ ਰਾਮਗੜ੍ਹ ਵਿਖੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ।ਉਹਨਾਂ ਨਾਲ ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਵੀ ਉਚੇਰੇ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਗੱਲਬਾਤ ਕਰਦਿਆਂ ਹਰਜੀ ਮਾਨ ਨੇ ਦੱਸਿਆ ਕਿ ਪਿੰਡ ਦੀ ਫਿਰਨੀ 'ਤੇ ਬਣ ਰਹੀਆਂ ਵੱਡੀਆਂ ਨਾਲੀਆਂ 'ਚ ਪਾਈਪ ਲਾਈਨ ਪਾ ਕੇ ਉਨ੍ਹਾਂ ਨੂੰ ਢੱਕਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ ਹੈ।ਕਿਉਂਕਿ ਅੱਜਕਲ ਬਰਸਾਤ ਦਾ ਮੌਸਮ ਹੈ ਅਤੇ ਮੱਖੀ-ਮਛਰਾਂ ਨਾਲ ਫੈਲਣ ਵਾਲੀਆਂ ਬਿਮਾਰੀਆਂ ਖਤਰਾ ਹੈ।ਜਿਸ ਨੂੰ ਦੇਖਦੇ ਹੋਏ ਅਤੇ ਪਿੰਡ 'ਚ ਸਵੱਛਤਾ ਬਣਾਈ ਰੱਖਣ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਵਾਇਆ ਜਾ ਰਿਹਾ ਹੈ। ਉਹਨਾਂ ਸਮੂਹ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪਿੰਡ ਦੇ ਸਾਰੇ ਅਧੂਰੇ ਪਏ ਵਿਕਾਸ ਕਾਰਜ ਵਾਰੋ-ਵਾਰੀ ਪੂਰੇ ਕਰਵਾਏ ਜਾਣਗੇ। ਚੇਅਰਮੈਨ ਤਵਿੰਦਰ ਰਾਮ ਨੇ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਦੀ ਰਹਿਨੁਮਾਈ ਹੇਠ ਹਲਕਾ ਇੰਚਾਰਜ ਹਰਜੀ ਮਾਨ ਵੱਲੋਂ ਬੀ ਡੀ ਪੀ ਓ ਵਿਭਾਗ ਫਗਵਾੜਾ ਦੇ ਸਹਿਯੋਗ ਨਾਲ ਪਿੰਡਾਂ ਦਾ ਸਰਬ ਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਹਰਜੀਤ ਸਿੰਘ ਰਾਮਗੜ੍ਹ, ਗੁਰਵਿੰਦਰ ਸਿੰਘ ਸੋਨੂ ਤੋਂ ਇਲਾਵਾ ਸਰਪੰਚ ਪਲਵਿੰਦਰ ਸਿੰਘ, ਪੰਚ ਸ਼ਰਨਜੀਤ ਸਿੰਘ ਸੋਨੀ, ਪੰਚ ਮੱਖਣ ਸਿੰਘ, ਪੰਚ ਅਜੀਤ ਸਿੰਘ, ਸਾਬਕਾ ਸਰਪੰਚ ਬਲਜੀਤ ਕੌਰ, ਰਵਿੰਦਰ ਸਿੰਘ (ਪੀ.ਏ.), ਮਨਦੀਪ ਕੌਰ, ਅਵਤਾਰ ਸਿੰਘ, ਮਲਕੀਤ ਸਿੰਘ, ਕੁਲਵਿੰਦਰ ਸਿੰਘ, ਕਮਲ ਸਿੰਘ, ਜਸਪ੍ਰੀਤ ਸਿੰਘ, ਮਨਜਿੰਦਰ ਕੌਰ ਆਦਿ ਹਾਜ਼ਰ ਸਨ।

# ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਆਮ ਲੋਕਾਂ ਦਾ ਸਹਿਯੋਗ ਜ਼ਰੂਰੀ : ਦੀਪੂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਨਸ਼ਿਆਂ ਵਿਰੁੱਧ ਮੁਹਿਮ ਵਿਚ ਲਿਆਂਦੀ ਤੇਜ਼ੀ ਅਤੇ ਸਬੰਧਤ ਵਿਭਾਗਾਂ ਦੀ ਸਰਗਰਮ ਭੂਮਿਕਾ ਸਦਕਾ ਨਸ਼ਾ ਛੱਡਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਪਿਛਲੇ ਕੁਝ ਮਹੀਨਿਆਂ ਦੌਰਾਨ ਨਸ਼ਾ ਮੁਕਤੀ, ਮੁੜ ਵਸੇਬਾ ਅਤੇ ਨਸ਼ਾ ਛੁਡਾਊ ਕੇਂਦਰਾਂ 'ਤੇ ਮਰੀਜ਼ਾਂ ਦੀ ਗਿਣਤੀ 'ਚ ਇਜ਼ਾਫ਼ਾ ਹੋਇਆ ਹੈ ਜੋ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਨਤੀਜਾ ਹੈ। ਇਨ੍ਹਾਂ ਸਬਦਾ ਦਾ ਪ੍ਰਗਟਾਵਾ ਹਿਤੇਸ ਸ਼ਰਮਾ ਦੀਪੂ ਕੋਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ ਨੇ ਦਾਵਤ ਪੈਲੇਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਸਾ ਮੁਕਤੀ ਯਾਤਰਾ ਦੇ ਵਿੱਚ ਸ਼ਿਰਕਤ ਕਰਦਿਆਂ ਕੀਤਾ। ਹਿਤੇਸ਼ ਸ਼ਰਮਾ ਨੇ ਦੱਸਿਆ ਕਿ ਪਿਛਲੇ ਪੜਾਅ ਅਧੀਨ ਹਲਕੇ 'ਚ ਇਸ ਨੂੰ ਅਪਾਰ ਸਫਲਤਾ ਮਿਲੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ 'ਤੇ ਬੁਲਡੋਜ਼ਰ ਚਲਾਇਆ ਜਾ ਰਿਹਾ ਹੈ ਅਤੇ ਨਾਲੋ-ਨਾਲ ਤਸਕਰਾਂ ਨੂੰ ਫੜਿਆ ਵੀ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਨਾ ਕੋਈ ਨਸ਼ਾ ਵਿਕੇਗਾ, ਨਾ ਕੋਈ ਤਸਕਰ ਪਿੰਡ ਵਿੱਚ ਵੜੇਗਾ। ਦਾਨਿਸ਼ਵੀਰ ਸਿੰਘ ਥਾਨਾ ਮੁਖੀ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਹਿੱਤ ਲੋਕਾਂ ਨਾਲ ਸਿੱਧਾ ਰਾਬਤਾ ਕੀਤਾ ਜਾ ਰਿਹਾ ਹੈ, ਉਨ੍ਹਾਂ ਕਿਹਾ ਕਿ ਜੋ ਨਸ਼ਿਆਂ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਸਮਾਜ ਤੋਂ ਬਾਹਰ ਨਹੀਂ ਕੀਤਾ ਜਾਵੇਗਾ, ਸਗੋਂ ਉਨ੍ਹਾਂ ਨੂੰ ਸਹੀ ਰਾਹ ਵਿਖਾ ਕੇ, ਪੁਨਰਵਾਸ ਲਈ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਨੇ ਅਪੀਲ ਕੀਤੀ ਕਿ ਹਰ ਪਿੰਡ, ਹਰ ਪਰਵਾਰ, ਹਰ ਨੌਜਵਾਨ ਇਸ ਅੰਦੋਲਨ ਨਾਲ ਜੁੜੇ। ਇਸ ਮੌਕੇ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਦਸਮੇਸ਼ ਨਗਰ ਵਾਸੀਆਂ ਨੇ ਥਾਣੇ ਅੱਗੇ ਲਾਇਆ ਧਰਨਾ

**ਅੱਡਾ ਸਰਾਂ, ਟਾਂਡਾ ਉੜਮੁੜ (ਕਾਜਲ , ਓਂਕਾਰ ਸਿੰਘ)**- ਦਸਮੇਸ਼ ਨਗਰ ਟਾਂਡਾ ਵਿੱਚ ਇਕ ਪਰਵਾਰ ਦੇ ਆਪਸੀ ਝਗੜੇ ਦੇ ਸੰਬੰਧ ਵਿੱਚ ਨੰਬਰਦਾਰ ਜਗਜੀਵਨ ਜੱਗੀ ਸਣੇ ਤਿੰਨ ਲੋਕਾਂ ਦੇ ਖਿਲਾਫ ਦਰਜ ਕੀਤੇ ਗਏ ਮਾਮਲੇ ਨੂੰ ਝੂਠਾ ਕਰਾਰ ਦਿੰਦੇ ਹੋਏ ਵੀਰਵਾਰ ਸ਼ਾਮ ਦਸਮੇਸ਼ ਨਗਰ ਵਾਸੀਆਂ



ਅਤੇ ਵੱਖ ਵੱਖ ਜਥੇਬੰਦੀਆਂ ਦੇ ਮੈਂਬਰਾਂ ਨੇ ਥਾਣਾ ਟਾਂਡਾ ਦੇ ਸਾਹਮਣੇ ਰੋਸ ਧਰਨਾ ਲਾਉਂਦੇ ਹੋਏ ਸਰਕਾਰ ਅਤੇ ਪੁਲਸ ਪ੍ਰਸ਼ਾਸ਼ਨ ਦੇ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਰੋਸ ਧਰਨੇ 'ਚ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ, ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ ਅਤੇ ਕੌਂਸਲਰਾਂ ਸਣੇ ਵੱਡੀ ਗਿਣਤੀ ਵਿਚ ਲੋਕਾਂ ਨੇ ਭਾਗ ਲਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਜੋਗਿੰਦਰ ਸਿੰਘ ਗਿਲਜੀਆਂ, ਦੇਸ ਰਾਜ ਡੋਗਰਾ, ਜਸਵਿੰਦਰ ਗੁਲਾਟੀ, ਰਾਕੇਸ਼ ਬਿੱਟੂ, ਰਾਜੇਸ਼ ਲਾਡੀ ਨੇ ਟਾਂਡਾ ਪੁਲਸ ਵੱਲੋਂ ਰਾਜਨੀਤਿਕ ਦਬਾਅ ਹੇਠ ਕੀਤੇ ਜਾ ਰਹੇ ਪਰਚਿਆਂ ਦੀ ਸ਼ੁਰੂ ਕੀਤੀ ਗਈ ਰਾਜਨੀਤੀ ਦਾ ਸਖਤ ਵਿਰੋਧ ਕਰਦੇ ਹੋਏ ਆਖਿਆ ਕਿ ਪੁਲਸ ਵੱਲੋਂ ਦਸਮੇਸ਼ ਨਗਰ ਵਿਚ ਬਿਨਾਂ ਕਿਸੇ ਜਾਂਚ ਦੇ ਨੰਬਰਦਾਰ ਜੱਗੀ ਅਤੇ ਪਤੀ ਪਤਨੀ ਦੇ ਖਿਲਾਫ ਜੋ ਮਾਮਲਾ ਦਰਜ ਕੀਤਾ ਹੈ ਉਸਨੂੰ ਰੱਦ ਕੀਤਾ ਜਾਵੇ। ਇਸ ਮੌਕੇ ਸਾਬਕਾ ਮੰਤਰੀ ਗਿਲਜੀਆਂ ਨੇ ਸਰਕਾਰੀ ਸ਼ਹਿ 'ਤੇ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਵਿਰੋਧ ਕਰਦੇ ਹੋਏ ਪੁਲਸ ਪ੍ਰਸ਼ਾਸਨ ਨੂੰ 5 ਦਿਨ ਦਾ ਅਲਟੀਮੇਟਮ ਦਿੰਦੇ ਹੋਏ ਆਖਿਆ ਕਿ ਜੇਕਰ ਇਹ ਮਾਮਲਾ ਰੱਦ ਨਾ ਹੋਇਆ ਤਾਂ 5 ਦਿਨ ਬਾਅਦ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਰਵਿੰਦਰ ਪਾਲ ਸਿੰਘ ਗੋਰਾ, ਜਸਵਿੰਦਰ ਗੁਲਾਟੀ, ਰਜਿੰਦਰ ਮਾਰਸ਼ਲ, ਸੁਖਵਿੰਦਰ ਅਰੋੜਾ, ਸਰਪੰਚ ਬਿੰਦਰ ਰੱਲ੍ਹਣ, ਕ੍ਰਿਸ਼ਨ ਬਿੱਟੂ, ਦਵਿੰਦਰ ਬਿੱਲੂ, ਪੰਕਜ ਸਚਦੇਵਾ, ਕੁਲਦੀਪ ਸਿੰਘ ਦੇਹਰੀਵਾਲ, ਵਿਪਨ ਮਰਵਾਹਾ, ਪਰਵਿੰਦਰ ਸਹਿਬਾਜ਼ਪੁਰ, ਗੁਰਮੁਖ ਸਿੰਘ, ਆਸ਼ੂ ਵੈਦ, ਜਸਵਿੰਦਰ ਕਾਕਾ, ਸੁੰਦਰੀ ਖੋਸਲਾ, ਮਣੀ ਸਹਿਬਾਜ਼ਪੁਰ, ਤਰਸੇਮ ਲਾਲ, ਮਹਾਂਵੀਰ ਮਸੀਤੀ, ਡਾ. ਗੁਰਚਰਨ ਸਿੰਘ, ਤਰਸੇਮ ਸਿੰਘ, ਮਨਜੀਤ ਸਿੰਘ, ਅਵਤਾਰ ਸਿੰਘ ਤਾਰੀ, ਪਰਵਿੰਦਰ ਸਹਿਬਾਜ਼ਪੁਰ, ਹਰਮੇਸ਼ ਬਸੀਜਲਾਲ ਆਦਿ ਮੌਜੂਦ ਸਨ।

# ਡਾ. ਬਲਜੀਤ ਕੌਰ ਵੱਲੋਂ ਵਿਭਾਗ 'ਚ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਵਿਭਾਗ ਵਿੱਚ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਜਾਣਕਾਰੀ ਸਾਂਝੀ ਕਰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿਭਾਗ ਵੱਲੋਂ ਚੱਲ ਰਹੀ ਭਰਤੀ ਮੁਹਿੰਮ ਤਹਿਤ 10 ਆਂਗਣਵਾੜੀ ਸੁਪਰਵਾਈਜ਼ਰ, 6 ਸੁਪਰਡੈਂਟ (ਬਾਲ ਘਰ) ਅਤੇ 1 ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ ਦੀ ਨਿਯੁਕਤੀ ਕੀਤੀ ਗਈ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਵਿਭਾਗ ਵੱਲੋਂ ਪਹਿਲਾਂ ਵੀ 97 ਆਂਗਣਵਾੜੀ ਸੁਪਰਵਾਈਜ਼ਰਾਂ ਨੂੰ ਨਿਯੁਕਤੀ ਪੱਤਰ ਵੰਡੇ ਜਾ ਚੁੱਕੇ ਹਨ, ਜੋ ਕਿ ਵਿਭਾਗ ਦੀ ਕੰਮ ਯੋਗਤਾ ਅਤੇ ਲੋਕ-ਭਲਾਈ ਨਾਲ ਸੰਬੰਧਤ ਕਾਰਜਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਹੋਰ ਮਹੱਤਵਪੂਰਨ ਕਦਮ ਹੈ।ਨਵੇਂ ਨਿਯੁਕਤ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ, ਡਾ. ਬਲਜੀਤ ਕੌਰ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਪੂਰੀ ਇਮਾਨਦਾਰੀ, ਸਮਰਪਣ ਅਤੇ ਹਮਦਰਦੀ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ, ਤਾਂ ਜੋ ਲੋੜਵੰਦ ਲੋਕਾਂ ਤੱਕ ਸਰਕਾਰੀ ਯੋਜਨਾਵਾਂ ਦੀ ਪਹੁੰਚ ਯਕੀਨੀ ਬਣ ਸਕੇ।

# ਅਣਪਛਾਤੇ ਨੌਜਵਾਨਾਂ ਵੱਲੋਂ ਹਰਦੀਪ ਨਾਲ ਕੁੱਟਮਾਰ

**ਨਵਾਂਸ਼ਹਿਰ (ਮਨੋਜ ਲਾਡੀ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਅਧੀਨ ਪੁਲਸ ਥਾਣਾ ਰਾਹੋਂ ਦੇ ਪਿੰਡ ਕੰਗ ਵਿਖੇ ਇਕ ਕਾਰ ਵਿਚ ਸਵਾਰ ਹੋ ਕੇ ਆਏ 5-6 ਅਣਪਛਾਤੇ ਨੌਜਵਾਨਾਂ ਨੇ ਧਰਮਕੋਟ ਦੇ ਨੌਜਵਾਨ ਹਰਦੀਪ ਨਾਲ ਕੁੱਟਮਾਰ ਕਰਦਿਆਂ ਨੌਜਵਾਨ ਨੂੰ ਬਚਾਉਣ ਆਏ ਪਿੰਡ ਵਾਸੀਆਂ ਨੂੰ ਡਰਾਉਣ ਲਈ ਇੱਕ ਹਵਾਈ ਫਾਇਰ ਕਰ ਕੇ ਫਰਾਰ ਹੋ ਗਏ ਹਨ। ਇਸ ਵਾਰਦਾਤ 'ਚ ਜ਼ਖਮੀ ਨੌਜਵਾਨ ਹਰਦੀਪ ਨੂੰ ਪਿੰਡ ਵਾਸੀਆਂ ਵੱਲੋਂ ਸਿਵਲ ਹਸਪਤਾਲ ਨਵਾਂਸ਼ਹਿਰ ਦਾਖਲ ਕਰਵਾਇਆ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਧਰਮਕੋਟ ਦੇ ਨੌਜਵਾਨ ਅਨੁਸਾਰ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਕਾਰ ਵੇਚਣ ਦਾ ਝਾਂਸਾ ਦੇ ਕੇ ਪਿੰਡ ਕੰਗ ਸੱਦਿਆ ਸੀ। ਜਦੋਂ ਉਹ ਉਥੇ ਪੁੱਜਿਆ ਤਾਂ ਕਾਰ ਸਵਾਰ ਨੌਜਵਾਨਾਂ ਨੇ ਉਸ 'ਤੇ ਹਮਲਾ ਕਰ ਦਿੱਤਾ। ਅਣਪਛਾਤੇ ਹਮਲਾਵਰਾਂ ਨੇ ਟੂਟੀਆਂ ਵਾਲੇ ਪਾਈਪਾਂ ਨਾਲ ਉਸ ਨੂੰ ਕਾਫੀ ਸੱਟਾਂ ਮਾਰੀਆਂ। ਉਸ ਵੱਲੋਂ ਰੌਲਾ ਪਾਉਣ 'ਤੇ ਇਕੱਠੇ ਹੋਏ ਪਿੰਡ ਵਾਸੀਆਂ ਨੇ ਜਦੋਂ ਨੌਜਵਾਨ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰਾਂ ਨੇ ਉਸ ਨੌਜਵਾਨ ਤੇ ਪਿੰਡ ਵਾਸੀਆਂ ਨੂੰ ਡਰਾਉਣ ਲਈ ਹਵਾਈ ਫਾਇਰ ਵੀ ਕੀਤਾ। ਪਿੰਡ ਵਾਸੀਆਂ ਨੇ ਹਮਲੇ ਦੀ ਜਾਣਕਾਰੀ ਸਰਪੰਚ ਕਮਲਜੀਤ ਸਿੰਘ ਤੇ ਪੁਲਸ ਨੂੰ ਦਿੱਤੀ। ਕਮਲਜੀਤ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਪੁੱਜੀ ਪੁਲਸ ਵੱਲੋਂ ਫਾਇਰ ਕੀਤੇ ਖੋਲ ਨੂੰ ਮੌਕੇ ਤੋਂ ਬਰਾਮਦ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਹਮਲੇ ਦੇ ਕਾਰਨ ਬਾਰੇ ਵੀ ਹਾਲੇ ਤੱਕ ਕੁਝ ਪਤਾ ਨਹੀਂ ਚੱਲ ਸਕਿਆ ਹੈ। ਪੁਲਸ ਥਾਣਾ ਰਾਹੋਂ ਦੇ ਐੱਸ ਐੱਚ ਓ ਨੀਰਜ ਚੌਧਰੀ ਨੇ ਦੱਸਿਆ ਕਿ ਇਸ ਮਾਮਲੇ ਦੇ ਜਾਂਚ ਅਫਸਰ ਕੇਵਲ ਸਿੰਘ ਨੇ ਮੌਕੇ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਸਿਵਲ ਹਸਪਤਾਲ ਨਵਾਂਸ਼ਹਿਰ 'ਚ ਜੇਰੇ ਇਲਾਜ ਨੌਜਵਾਨ ਦੀ ਪਛਾਣ ਹਰਦੀਪ ਵਾਸੀ ਧਰਮਕੋਟ ਵਜੋਂ ਹੋਈ ਹੈ। ਮਾਮਲੇ 'ਚ ਪੁਲਸ ਵੱਲੋਂ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

# ਕੰਗ ਦੇ ਮੁੜ ਨਹੀਂ ਹੋਏ ਦਰਸ਼ਨ : ਆਦੋਆਣਾ



**ਬਲਾਚੌਰ (ਜਸਵਿੰਦਰ ਬੈਂਸ)** ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਦੇ ਗੁਮਸ਼ੁਦਾ ਦੇ ਪੋਸਟਰ ਹਲਕਾ ਬਲਾਚੌਰ ਚੌਧਰੀ ਰਾਹੁਲ ਆਦੋਆਣਾ ਹਲਕਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ ਬਲਾਚੌਰ ਵੱਲੋਂ ਲਗਾਏ ਗਏ ਅਤੇ ਇਸ ਮੌਕੇ ਉਹਨਾਂ ਨਾਲ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਔਜਲਾ ਅਤੇ ਸਮੂਹ ਕਿਸਾਨ ਯੂਨੀਅਨ ਮੈਂਬਰ ਹਾਜ਼ਰ ਸੀ। ਇਸ ਮੌਕੇ ਰਾਹੁਲ ਆਦੁਆਣਾ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਇਹ ਦੱਸਿਆ ਕਿ ਐਮ ਪੀ ਮਾਲਵਿੰਦਰ ਸਿੰਘ ਕੰਗ ਨੂੰ 13-14 ਮਹੀਨੇ ਸੰਸਦ ਮੈਂਬਰ ਬਣਿਆਂ ਨੂੰ ਹੋ ਗਏ ਨੇ ਪਰ ਉਹਨਾਂ ਨੇ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਕੋਨਸੀਟਐਨਸੀ ਅਤੇ ਹਲਕਾ ਬਲਾਚੌਰ ਦੀ ਸਾਰ ਨਹੀਂ ਲਈ ਅਤੇ ਚੋਣਾਂ ਦੇ ਦਰਮਿਆਨ ਉਨ੍ਹਾਂ ਵੱਲੋਂ ਗੜ੍ਹਸ਼ੰਕਰ ਤੋਂ ਸ੍ਰੀ ਅਨੰਦਪੁਰ ਸਾਹਿਬ ਮਾਰਗ ਨੂੰ 'ਚੌ' ਮਾਰਗੀ ਬਣਾਉਣ ਅਤੇ ਬਲਾਚੌਰ ਨੂੰ ਰੇਲਵੇ ਨਾਲ ਜੋੜਨ ਦੇ ਵੱਡੇ ਵੱਡੇ ਦਾਅਵੇ ਕੀਤੇ ਗਏ ਸੀ, ਜਿਸ 'ਤੇ ਉਨ੍ਹਾਂ ਵੱਲੋਂ ਮੁੜ ਕੇ ਵਿਚਾਰ ਪੇਸ਼ ਨਹੀਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਔਜਲਾ ਕੌਮੀ ਕਿਸਾਨ ਯੂਨੀਅਨ ਜੋਗਿੰਦਰ ਸਿੰਘ ਰੰਧਾਵਾ,ਅਨਿਲ ਧਾਮ,ਪਵਨ ਸਰਮਾ,ਹਰਵਿੰਦਰ ਸਿੰਘ ਚਹਿਲ, ਨਰਿੰਦਰ ਚੌਧਰੀ ਧਕਤਾਣਾ,ਸਤਨਾਮ ਸਿੰਘ, ਮਨਦੀਪ ਸਿੰਘ ਮੰਡਿਆਣੀ, ਬਿੱਟੂ ਚੌਧਰੀ ਅਤੇ ਹੋਰ ਮੈਂਬਰ ਹਾਜ਼ਰ ਸਨ।

# ਘੁੜਕਾ ਵਿਖੇ ਤੀਆਂ ਦੇ ਤਿਉਹਾਰ ਦੀ ਹੋਈ ਸ਼ੁਰੂਆਤ



**ਗੁਰਾਇਆ (ਬਿੰਦਰ ਸੁਮਨ)**: ਮੰਦਰ ਬਾਬਾ ਲਾਲੋ ਭੀਲੋ ਜੱਖੂ ਜਠੇਰੇ ਦੇ ਅਸਥਾਨ 'ਤੇ ਪੰਜ ਦਿਨ ਚੱਲਣ ਵਾਲੇ ਤੀਆਂ ਦੇ ਤਿਉਹਾਰ ਦੀ ਸ਼ੁਰੂਆਤ ਸੰਤ ਗੁਰਲਾਲ ਸਿੰਘ ਡੇਰਾ ਨਿਰਮਲ ਕੁਟੀਆਂ ਪੰਡਵਾਂ ਵਲੋਂ ਰੀਬਨ ਕੱਟ ਕੇ ਕੀਤੀ ਗਈ, ਇਸ ਮੌਕੇ ਮੰਦਰ ਵਿਖੇ ਮਾਤਾ ਦੀ ਮੂਰਤੀ 'ਤੇ ਚੁੰਨੀ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ, ਇਸ ਮੌਕੇ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਦੱਸਿਆ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਤੀਆਂ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ। ਪੰਜ ਦਿਨ ਚੱਲਣ ਵਾਲੇ ਇਸ ਤਿਉਹਾਰ ਦੌਰਾਨ ਪਿੰਡ ਦੀਆਂ ਲੜਕੀਆਂ ਅਤੇ ਬੀਬੀਆਂ ਪੀਘਾਂ ਝੂਟ ਕੇ, ਗਿੱਧਾ ਪਾ ਕੇ ਅਤੇ ਢੋਲ ਥਾਪ ਤੇ ਭੰਗੜਾ ਪਾ ਕੇ ਇਸ ਤੀਆਂ ਦੇ ਤਿਉਹਾਰ ਦਾ ਆਨੰਦ ਮਾਣਦੀਆ ਹਨ। ਉਨ੍ਹਾਂ ਕਿਹਾ ਕਿ 30 ਜੁਲਾਈ ਨੂੰ ਪਿੰਡ ਦੀ ਸੁੱਖ ਸ਼ਾਤੀ ਲਈ ਬੇੜਾ ਤਾਰਨ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਮੌਕੇ ਪ੍ਰਧਾਨ ਪਰਮਜੀਤ, ਬਲਵੀਰ, ਪ੍ਰਸ਼ੋਤਮ ਲਾਲ, ਕਸ਼ਮੀਰੀ ਲਾਲ, ਰੇਸ਼ਮ ਲਾਲ, ਸੁਰਜੀਤ ਸਿੰਘ, ਠੇਕੇਦਾਰ ਗੁਰਬਚਨ ਸਿੰਘ, ਸੋਨੀ ਸਿੱਧਵਾ, ਕਰਨੈਲ ਚੰਦ, ਰਾਮ ਲਾਲ ਸਾਬਕਾ ਸਰਪੰਚ, ਮਹਿੰਦਰ ਪਾਲ, ਨਿਰਮਲ ਚੰਦ,ਬਲਵੀਰ ਚੰਦ, ਹਰਬੰਸ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੀਆਂ ਔਰਤਾਂ ਹਾਜ਼ਰ ਸਨ।

# ਐੱਸ ਡੀ ਐੱਮਜ਼ ਵੱਲੋਂ ਮੰਡ ਖੇਤਰ ਦਾ ਦੌਰਾ

**ਸੁਲਤਾਨਪੁਰ ਲੋਧੀ (ਬਲਵੀਰ ਸਾਲ੍ਹਪੁਰੀ)**- ਡਿਪਟੀ ਕਮਿਸਨਰ ਸ੍ਰੀ ਅਮਿਤ ਕੁਮਾਰ ਪੰਚਾਲ ਦੇ ਨਿਰਦੇਸ਼ਾਂ ਅਨੁਸਾਰ ਭੁਲੱਥ, ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦੇ ਐਸ ਡੀ ਐਮਜ ਵੱਲੋਂ



ਜਿਲ੍ਹੇ ਵਿਚਲੇ ਮੰਡ ਦੇ ਖੇਤਰਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਸ ਡੀ ਐਮਜ ਨੂੰ ਮਾਨਸੂਨ ਸੀਜਨ ਦੌਰਾਨ ਲਗਾਤਾਰ ਸੰਭਾਵੀ ਤੌਰ ਉੱਪਰ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਲੋਕਾਂ ਨਾਲ ਰਾਬਤਾ ਰੱਖਣ ਦੇ ਹੁਕਮ ਦਿੱਤੇ ਗਏ ਹਨ ਤਾਂ ਜੋ ਹਾਲਾਤ ਉੱਪਰ ਲਗਾਤਾਰ ਨਿਗਰਾਨੀ ਰੱਖੀ ਜਾ ਸਕੇ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਡਿਪਟੀ ਕਮਿਸ਼ਨਰ ਪੰਚਾਲ ਵੱਲੋਂ ਕਪੂਰਥਲਾ ਜਿਲ੍ਹੇ ਦੇ ਭੁਲੱਥ, ਢਿੱਲਵਾਂ ਤੇ ਸੁਲਤਾਨਪੁਰ ਲੋਧੀ ਦੇ ਧੁੱਸੀ ਬੰਨ੍ਹ ਤੇ ਪੂਰੇ ਮੰਡ ਖੇਤਰ ਦਾ ਦੌਰਾ ਕਰਕੇ ਹੜ੍ਹਾਂ ਦੀ ਰੋਕਥਾਮ ਲਈ ਲਾਏ ਜਾ ਰਹੇ ਸਟੱਡਾਂ, ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਸੀ। ਇਸ ਤੋਂ ਇਲਾਵਾ ਡੈਮਾਂ ਤੋਂ ਛੱਡੇ ਜਾਣ ਵਾਲੇ ਪਾਣੀ ਦੀ ਸੂਚਨਾ ਲਈ ਜਿੱਥੇ ਡਰੇਨਜ ਵਿਭਾਗ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ। ਇਸ ਤੋਂ ਇਲਾਵਾ ਸੁਲਤਾਨਪੁਰ ਲੋਧੀ ਦੇ ਐਸ ਡੀ ਐਮ ਸ੍ਰੀਮਤੀ ਅਲਕਾ ਕਾਲੀਆ ਨੇ ਮੰਡ ਖੇਤਰ ਵਿੱਚ ਪੈਂਦੇ ਪਿੰਡ ਬਾਊਪੁਰ ਜਦੀਦ ਵਿਖੇ ਜਾ ਕੇ ਜਿੱਥੇ ਕਿਸਾਨਾਂ ਨਾਲ ਗੱਲਬਾਤ ਕਰਕੇ ਫਸਲਾਂ ਦੀ ਸਥਿਤੀ ਦੀ ਸਮੀਖਿਆ ਕੀਤੀ ਉੱਥੇ ਹੀ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸੇ ਤਰ੍ਹਾਂ ਕਪੂਰਥਲਾ ਦੇ ਐਸ ਡੀ ਐਮ ਮੇਜਰ ਇਰਵਿਨ ਕੌਰ ਵੱਲੋਂ ਚੱਕੋਕੀ ਵਿਖੇ ਜਾ ਕੇ ਸੰਭਾਵੀ ਤੌਰ ਤੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲਿਆ ਗਿਆ।

# ਸ਼ਹੀਦ ਆਉਣ ਵਾਲੀ ਪੀੜ੍ਹੀਆਂ ਲਈ ਪ੍ਰੇਰਣਾ-ਸਰੋਤ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਜਿਲ੍ਹਾ ਚਰਖੀ ਦਾਦਰੀ ਦੇ ਬਾਡੜਾ ਵਿਧਾਨਸਭਾ ਖੇਤਰ ਦੇ ਝੋਝੂਕਲਾ ਵਿੱਚ ਅਮਰ ਸ਼ਹੀਦ ਅਰਵਿੰਦ ਸਾਂਗਵਾਨ ਦੀ ਪ੍ਰਤਿਮਾ ਦਾ ਉਦਘਾਟਨ ਕੀਤਾ।ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਸਾਰਿਆਂ ਲਈ ਇੱਕ ਗੌਰਵਸ਼ਾਲੀ ਅਤੇ ਬਹੁਤ ਭਾਵੁਕ ਕਰ ਦੇਣ ਵਾਲਾ ਦਿਨ ਹੈ।ਹਰਿਆਣਾ ਦੀ ਇਸ ਵੀਰ ਭੂਮੀ 'ਤੇ ਅਸੀਂ ਇੱਕ ਅਜਿਹੇ ਮਹਾਨ ਸਪੁੱਤਰ ਨੂੰ ਯਾਦ ਕਰ ਰਹੇ ਹਨ, ਜਿਸ ਨੇ ਭਾਰਤ ਮਾਤਾ ਦੀ ਰੱਖਿਆ ਲਈ ਆਪਣੇ ਪ੍ਰਾਣਾ ਦੀ ਆਹੂਤੀ ਦਿੱਤੀ।ਮੁੱਖ ਮੰਤਰੀ ਨੇ ਕਿਹਾ ਕਿ ਅਮਰ ਸ਼ਹੀਦ ਆਉਣ ਵਾਲੀ ਪੀੜ੍ਹੀਆਂ ਲਈ ਪ੍ਰੇਰਣਾਸਰੋਤ ਹੈ। ਇਹ ਸਿਰਫ ਇੱਕ ਪ੍ਰਤਿਮਾ ਨਹੀਂ ਹੈ, ਇਹ ਉਸ ਹਿੰਮਤ, ਅਟੁੱਟ ਦੇਸ਼ ਭਗਤੀ ਅਤੇ ਸਰਵੋਚ ਬਲਿਦਾਨ ਦਾ ਪ੍ਰਤੀਕ ਹੈ, ਜੋ ਇਸ ਇਲਾਕੇ ਦੇ ਜਵਾਨਾਂ ਦੀ ਰਗ-ਰਗ ਵਿੱਚ ਵਸਿਆ ਹੈ। ਸ਼ਹੀਦ ਅਰਵਿੰਦ ਸਾਂਗਵਾਨ ਇੱਕ ਅਜਿਹੇ ਯੁਵਾ ਸਨ, ਜਿਨ੍ਹਾਂ ਨੇ ਬਚਪਨ ਤੋਂ ਹੀ ਆਪਣੇ ਅੰਦਰ ਦੇਸ਼ ਸੇਵਾ ਦਾ ਜਜਬਾ ਪਾਲਿਆ ਸੀ। ਉਨ੍ਹਾਂ ਦਾ ਜਨਮ ਝੋਝੂਕਲਾਂ ਵਿੱਚ ਹੋਇਆ ਅਤੇ ਇੱਥੇ ਦੀ ਮਿੱਟੀ ਨੇ ਉਨ੍ਹਾਂ ਨੂੰ ਦੇਸ਼ਭਗਤੀ ਦੇ ਸੰਸਕਾਰ ਦਿੱਤੇ। ਮੁੱਖ ਮੰਤਰੀ ਨੇ ਕਿਹਾ ਕਿ ਇੱਕ ਫੌਜੀ ਦਾ ਬਲਿਦਾਨ ਸਿਰਫ ਇੱਕ ਵਿਅਕਤੀ ਦਾ ਬਲਿਦਾਨ ਨਹੀਂ ਹੁੰਦਾ, ਇਹ ਪੂਰੇ ਰਾਸ਼ਟਰ ਦਾ ਬਲਿਦਾਨ ਹੁੰਦਾ ਹੈ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਡੇ ਫੌਜੀ ਦੇਸ਼ ਦੀ ਸਭ ਤੋਂ ਵੱਡੀ ਸੰਪਤੀ ਹਨ।ਮੁੱਖ ਮੰਤਰੀ ਨੇ ਕਿਹਾ ਕਿ ਯੁਵਾ ਸ਼ਹੀਦ ਅਰਵਿੰਦ ਸਾਂਗਵਾਨ ਵਰਗੇ ਵੀਰਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ।

# ਇਨਕਮ ਟੈਕਸ-ਡੇ ਉਤਸ਼ਾਹ ਤੇ ਸਿੱਖਿਆਤਮਕ ਭਾਵਨਾ ਨਾਲ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਭੋਗਪੁਰ ਨੇ ਇਨਕਮ ਟੈਕਸ ਡੇ ਨੂੰ ਬਹੁਤ ਉਤਸ਼ਾਹ ਅਤੇ ਸਿੱਖਿਆਤਮਕ ਭਾਵਨਾ ਨਾਲ ਮਨਾਇਆ। ਇਸ ਕਾਰਜਕ੍ਰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਟੈਕਸ ਦੇਣ ਦੀ ਮਹੱਤਤਾ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਇਸ ਸਮਾਰੋਹ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੀ ਰਚਨਾਤਮਕਤਾ



ਅਤੇ ਜਾਣਕਾਰੀ ਨੂੰ ਪ੍ਰਦਰਸ਼ਿਤ ਕੀਤਾ।ਇਸ ਮੌਕੇ ਵਿਦਿਆਰਥੀਆਂ ਦੁਆਰਾ ਖੇਡੀ ਗਈ ਇੱਕ ਨਾਟਕੀ ਪੇਸ਼ਕਾਰੀ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਸੀ।ਉਨ੍ਹਾਂ ਨੇ ਆਪਣੇ ਸ਼ਾਨਦਾਰ ਅਦਾਕਾਰੀ ਦੁਆਰਾ ਇਨਕਮ ਟੈਕਸ ਦੇ ਇਤਿਹਾਸ ਅਤੇ ਮਹੱਤਤਾ ਨੂੰ ਰੋਚਕ ਅਤੇ ਆਕਰਸ਼ਣ ਢੰਗ ਨਾਲ ਪੇਸ਼ ਕੀਤਾ ਨਾਲ ਹੀ, ਵਿਦਿਆਰਥੀਆਂ ਨੇ ਪ੍ਰਾਚੀਨ ਟੈਕਸ ਪ੍ਰਣਾਲੀਆਂ ਦੀਆਂ ਨਕਲਾਂ ਅਤੇ ਰਿਪੋਰਟਾਂ ਵੀ ਪ੍ਰਦਰਸ਼ਿਤ ਕੀਤੀਆਂ, ਜਿਸ ਨਾਲ ਦਰਸ਼ਕਾਂ ਨੂੰ ਪੁਰਾਤਨ ਸਮੇਂ ਵਿੱਚ ਟੈਕਸ ਪ੍ਰਬੰਧਨ ਬਾਰੇ ਜਾਣਕਾਰੀ ਮਿਲੀ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਮਰੀਕ ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਡੂੰਘੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਦੇ ਆਤਮਵਿਸ਼ਵਾਸ, ਪ੍ਰਦਰਸ਼ਨ ਅਤੇ ਨਾਟਕ ਰਾਹੀਂ ਦਿੱਤੇ ਗਏ ਸਾਰਥਕ ਸੰਦੇਸ਼ ਦੀ ਪ੍ਰਸ਼ੰਸਾ ਕੀਤੀ।ਉਨ੍ਹਾਂ ਨੇ ਛੋਟੀ ਉਮਰ ਤੋਂ ਹੀ ਨਾਗਰਿਕ ਫਰਜ਼ਾਂ ਨੂੰ ਸਮਝਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸਾਰਿਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਲਈ ਉਤਸ਼ਾਹਿਤ ਕੀਤਾ।ਇਹ ਦਿਨ ਇੱਕ ਸਕਾਰਾਤਮਕ ਨੋਟ 'ਤੇ ਸਮਾਪਤ ਹੋਇਆ, ਜਿਸ ਨਾਲ ਸਾਰੇ ਮੌਜੂਦ ਲੋਕਾਂ 'ਤੇ ਇੱਕ ਮਜ਼ਬੂਤ ਸਿੱਖਿਆਤਮਕ ਪ੍ਰਭਾਵ ਪਿਆ।

# ਹਾਕੀਆਂ, ਬਾਲਾਂ ਤੇ ਬੈਗ ਸਰਕਾਰੀ ਪ੍ਰਾਇਮਰੀ ਸਕੂਲ ਬਿਨਪਾਲਕੇ ਨੂੰ ਦਿੱਤੇ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਮਾਸਟਰ ਹਾਕੀ ਦੁਆਬਾ ਜਲੰਧਰ ਵੱਲੋਂ ਓਲੰਪੀਅਨ ਰਜਿੰਦਰ ਸਿੰਘ, ਪ੍ਰੈਜ਼ੀਡੈਂਟ ਗੁਰਮੁੱਖ ਸਿੰਘ, ਚੇਅਰਮੈਨ ਅਵਤਾਰ ਸਿੰਘ, ਨਰਿੰਦਰ ਸਿੰਘ ਅਤੇ



ਸਾਰੇ ਮਾਸਟਰ ਹਾਕੀ ਕਲੱਬ ਦੁਆਬਾ ਜਲੰਧਰ ਵੱਲੋਂ ਹਾਕੀਆਂ, ਬਾਲਾਂ ਅਤੇ ਹਾਕੀਆਂ ਦੇ ਬੈਗ ਸਰਕਾਰੀ ਪ੍ਰਾਇਮਰੀ ਸਕੂਲ ਬਿਨਪਾਲਕੇ ਨੂੰ ਦਿੱਤੇ ਗਏ।ਸਕੂਲ ਇੰਚਾਰਜ ਮੈਡਮ ਗੁਰਪ੍ਰੀਤ ਕੌਰ ਵੱਲੋਂ ਵਿਸ਼ੇਸ਼ ਤੌਰ 'ਤੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰੈਜੀਡੈਂਟ ਵੱਲੋਂ ਸਕੂਲ ਦੇ ਬੱਚਿਆਂ ਨੂੰ ਹੁਣ ਤੱਕ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਮੈਡਮ ਗੁਰਪ੍ਰੀਤ ਕੌਰ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸਕੂਲ ਦੀ ਹਰੇਕ ਜ਼ਰੂਰਤ ਨੂੰ ਕਲੱਬ ਵੱਲੋਂ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿਚ ਬੱਚਿਆਂ ਦੀ ਚੰਗੇਰੀ ਅਤੇ ਨਿਰੋਈ ਸਿਹਤ ਲਈ ਸਕੂਲ ਵਿਚ ਮੈਡੀਕਲ ਕੈਂਪ ਵੀ ਕਰਵਾਇਆ ਜਾਵੇਗਾ।ਇਸ ਮੌਕੇ ਸਕੂਲ ਇੰਚਾਰਜ ਮੈਡਮ ਗੁਰਪ੍ਰੀਤ ਕੌਰ, ਰਮਨਦੀਪ ਸੰਧੂ, ਰਜਨੀ ਸੈਣੀ, ਨਵਨੀਤ ਕੌਰ ਹਾਜ਼ਰ ਰਹੇ।

# ਲਿਵਾਸਾ ਹਸਪਤਾਲ ਨੇ 40 ਨਵੇਂ ਆਈ ਸੀ ਯੂ ਬਿਸਤਰਿਆਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਦੇ ਇੱਕ ਮੋਹਰੀ ਮਲਟੀ-ਸਪੈਸ਼ਲਿਟੀ ਹਸਪਤਾਲ, ਲੀਵਾਸਾ ਹਸਪਤਾਲ ਨੇ 40 ਨਵੇਂ ਆਈ ਸੀ ਯੂ (ਇੰਟੈਂਸਿਵ ਕੇਅਰ ਯੂਨਿਟ) ਬਿਸਤਰਿਆਂ ਦਾ ਉਦਘਾਟਨ ਕੀਤਾ।ਪਹਿਲਾਂ, ਹਸਪਤਾਲ ਵਿੱਚ 60 ਆਈ ਸੀ ਯੂ ਬਿਸਤਰਿਆਂ ਦੀ ਸਹੂਲਤ ਸੀ, ਜੋ ਹੁਣ ਵਧ ਕੇ 100 ਹੋ ਗਈ ਹੈ।ਇਸ ਵਿਸਥਾਰ ਨਾਲ, ਲਿਵਾਸਾ ਹਸਪਤਾਲ ਦੀ ਕੁੱਲ ਬਿਸਤਰਿਆਂ ਦੀ ਸਮਰੱਥਾ ਹੁਣ 150 ਹੋ ਗਈ ਹੈ। ਇਹ ਪ੍ਰਾਪਤੀ ਹਸਪਤਾਲ ਦੇ ਨਿਰੰਤਰ ਵਿਕਾਸ ਅਤੇ ਮਰੀਜ਼ਾਂ ਨੂੰ ਬਿਹਤਰ ਅਤੇ ਪਹੁੰਚਯੋਗ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਦਘਾਟਨ ਸਮਾਰੋਹ ਵਿੱਚ ਹਸਪਤਾਲ ਦੇ ਸਾਰੇ ਸੀਨੀਅਰ ਡਾਕਟਰ, ਮੈਡੀਕਲ ਸਟਾਫ, ਪ੍ਰਸ਼ਾਸਨਿਕ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ। ਅਭਿਨਵ ਸ਼੍ਰੀਵਾਸਤਵ, ਵਾਈਸ ਪ੍ਰੈਜ਼ੀਡੈਂਟ, ਲਿਵਾਸਾ ਹਸਪਤਾਲ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਿਹਾ ਕਿ ਸਾਡਾ ਸੰਕਲਪ ਹੁਸ਼ਿਆਰਪੁਰ ਅਤੇ ਨੇੜਲੇ ਇਲਾਕਿਆਂ ਦੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਸ਼ਹਿਰ ਵਿੱਚ ਮੈਟਰੋ ਵਰਗੀਆਂ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਹੈ।

# ਅਕਾਲੀ ਦਲ ਵੱਲੋਂ 28 ਦਾ ਧਰਨਾ ਇਤਿਹਾਸਿਕ ਹੋਵੇਗਾ : ਸੋਹਾਣਾ

**ਮੁਹਾਲੀ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਦੀ ਆੜ 'ਚ ਕਿਸਾਨਾਂ ਦੀ ਜ਼ਮੀਨ ਦੀ ਜਬਰੀ ਲੁੱਟ-ਖਸੁੱਟ ਖਿਲਾਫ ਸ੍ਰੋਮਣੀ ਅਕਾਲੀ ਦਲ ਵੱਲੋਂ 28 ਜੁਲਾਈ ਨੂੰ ਸਥਾਨਕ ਗਮਾਡਾ ਦਫਤਰ ਵਿਖੇ ਲਗਾਏ ਜਾ ਰਹੇ ਧਰਨੇ ਦੀਆਂ



ਤਿਆਰੀਆਂ ਸੰਬੰਧੀ ਸੀਨੀਅਰ ਲੀਡਰਸ਼ਿਪ ਵੱਲੋਂ ਗੁਰਦੁਆਰਾ ਅੰਬ ਸਾਹਿਬ ਵਿਖੇ ਇੱਕ ਮੀਟਿੰਗ ਕੀਤੀ ਗਈ ਜਿਸ 'ਚ ਪਾਰਟੀ ਦੇ ਕੋਰ ਕਮੇਟੀ ਮੈਂਬਰ ਤੇ ਸਾਬਕਾ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ, ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਤੇ ਕੋਰ ਕਮੇਟੀ ਮੈਂਬਰ ਐਨਕੇ ਸ਼ਰਮਾ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ। ਇਸ ਮੌਕੇ ਜੁੜੇ ਪਾਰਟੀ ਦੇ ਮੋਹਰੀ ਕਤਾਰ ਦੇ ਆਗੂਆਂ ਨੂੰ ਲੈਂਡ ਪੂਲਿੰਗ ਸਕੀਮ ਬਾਰੇ ਵਿਸਥਾਰਿਤ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਸਰਕਾਰ ਦਿੱਲੀ ਲੀਡਰਸ਼ਿਪ ਦੇ ਆਦੇਸ਼ 'ਤੇ ਗੁਰੂਗ੍ਰਾਮ ਅਤੇ ਗ੍ਰੇਟਰ ਨੋਇਡਾ ਦੇ ਬਿਲਡਰਾਂ ਨਾਲ ਮਿਲਕੇ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਜਬਰੀ ਖੋਹਣ ਲਈ ਤਰਲੋਮੱਛੀ ਹੋ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਡਾਕਟਰ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੁਹਾਲੀ ਧਰਨੇ ਨੂੰ ਵਿਸ਼ਾਲ ਬਣਾਉਣ ਦੀ ਇੱਛਾ ਰੱਖਦੇ ਹਨ, ਇਸ ਲਈ ਸਮੁੱਚੇ ਆਗੂ ਆਪਣੇ ਆਪਸੀ ਮੱਤਭੇਦ ਭੁਲਕੇ ਧਰਨੇ ਵਿੱਚ ਕਿਸਾਨਾਂ ਦੀ ਭਾਰੀ ਗਿਣਤੀ ਯਕੀਨੀ ਬਣਾਉਣ। ਐਨ ਕੇ ਸ਼ਰਮਾ ਨੇ ਕਿਹਾ ਕਿ ਪਾਰਟੀ ਹਰ ਤਬਕੇ ਦੇ ਲੋਕਾਂ ਨੂੰ ਜ਼ਿੰਮੇਵਾਰੀਆਂ ਦੇਣ ਲਈ ਵਚਨਵੱਧ ਹੈ ਜਿਸ ਅਨੁਸਾਰ ਹਰ ਵਿੰਗ ਦਾ ਗਠਨ ਕੀਤੀ ਜਾਵੇਗਾ। ਮੀਟਿੰਗ ਬੀਬੀ ਕੁਲਦੀਪ ਕੌਰ ਕੰਗ ਮੈਂਬਰ ਵਰਕਿੰਗ ਕਮੇਟੀ, ਚਰਨਜੀਤ ਸਿੰਘ ਕਾਲੇਵਾਲ ਮੈਂਬਰ ਸ੍ਰੋਮਣੀ ਕਮੇਟੀ, ਹਰਮਨਪ੍ਰੀਤ ਸਿੰਘ ਪ੍ਰਿੰਸ, ਕਮਲਜੀਤ ਸਿੰਘ ਰੂਬੀ, ਚੌਧਰੀ ਸ਼ਾਮ ਲਾਲ ਮਾਜਰੀਆਂ, ਜਸਬੀਰ ਸਿੰਘ ਜੱਸਾ, ਰਿਟਾ: ਸੰਯੁਕਤ ਡਾਇਰੈਕਟਰ ਖੇਤੀਬਾੜੀ, ਦਲਜੀਤ ਸਿੰਘ ਗਿੱਲ, ਮਨਜੀਤ ਸਿੰਘ ਮਾਨ, ਪ੍ਰਦੀਪ ਸਿੰਘ ਭਾਰਜ, ਕੈਪਟਨ ਰਮਨਦੀਪ ਸਿੰਘ ਬਾਵਾ, ਸੁਖਵਿੰਦਰ ਸਿੰਘ ਛਿੰਦੀ, ਸਰਬਜੀਤ ਸਿੰਘ ਪਾਰਸ, ਰਵਿੰਦਰ ਸਿੰਘ ਖੇੜਾ ਆਦਿ ਆਗੂ ਹਾਜ਼ਰ ਸਨ।

# ਰੂਰਲ ਹਿਊਮਨ ਡਿਵੈਲੱਪਮੈਂਟ ਸੈਂਟਰ ਸੈਣੀ ਮਾਜਰਾ ਵੱਲੋਂ 25 ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਖੇਤਰ ਦੇ ਪਿੰਡ ਮਥੁਰਾ ਵਿਖੇ ਰੂਰਲ ਹਿਊਮਨ ਡਿਵੈਲਪਮੈਂਟ ਸੈਂਟਰ ਸੈਣੀ ਮਾਜਰਾ ਵੱਲੋਂ ਸੁਸਾਇਟੀ ਫਾਰ ਸਰਵਿਸ ਟੂ ਵਲੰਟੀਅਰ ਚੰਡੀਗੜ੍ਹ ਦੇ ਸਹਿਯੋਗ ਨਾਲ 25 ਲੜਕੀਆਂ ਨੂੰ ਸਿਖਲਾਈ ਦਾ ਕੋਰਸ ਸਫਲਤਾਪੂਰਵਕ ਸਪੰਨ ਹੋਣ ਤੇ ਸਰਟੀਫਿਕੇਟ ਅਤੇ ਸਲਾਈ ਮਸ਼ੀਨਾਂ ਵੰਡੀਆਂ ਗਈਆਂ। ਸਮਾਗਮ ਦੀ ਪ੍ਰਧਾਨਗੀ ਪਿੰਡ ਦੇ ਸਮਾਜ ਸੇਵੀ ਸੰਤੋਖ ਰਾਜ, ਪਿੰਡ ਦੇ ਸਰਪੰਚ ਰਜਨੀ ਬਾਲਾ ਵੱਲੋਂ ਕੀਤੀ ਗਈ। ਉਹਨਾਂ ਨੇ ਸਫਲਤਾਪੂਰਵਕ ਲੜਕੀਆਂ ਨੂੰ ਕੋਰਸ ਪਾਸ ਕਰਾਉਣ 'ਤੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਸਵੈ ਰੁਜਗਾਰ ਚਲਾਉਣ ਲਈ ਉਤਸਾਹਿਤ ਕੀਤਾ। ਇਸ ਪ੍ਰੋਗਰਾਮ ਨਾਲ ਕੇਵਲ ਹੁਨਰ ਨਹੀਂ ਬਲਕਿ ਆਪਣੇ ਪੈਰਾਂ ਤੇ ਖੜਨ ਲਈ ਸਮਰੱਥ ਕਰਦਾ ਹੈ ਇਸ ਮੌਕੇ ਸੰਸਥਾ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਸੈਣੀ ਵੱਲੋਂ ਚਲਾਏ ਗਏ ਕੋਰਸਾਂ ਅਤੇ ਸਮਾਜਿਕ ਹਿੱਤਾਂ ਲਈ ਕੀਤੇ ਕੰਮਾਂ ਦਾ ਵੇਰਵਾ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਯੁਵਕ ਸੇਵਾਵਾਂ ਪੇਂਡੂ ਵਿਕਾਸ ਸੰਸਥਾ ਦੇ ਡਾਇਰੈਕਟਰ ਕਮਲੇਸ਼ ਸ਼ਰਮਾ ਸਿਖਲਾਈ ਟੀਚਰ ਰਾਜ ਰਾਣੀ, ਵਿਸ਼ਾਲ ਕੁਮਾਰ ਆਕਾਸ਼ ਕੁਮਾਰ, ਕੁਲਜੀਤ ਕੌਰ ਜਗਨਨਾਥ, ਸਤਪਾਲ, ਡਾਕਟਰ ਅੰਮ੍ਰਿਤ ਪਾਲ ਅਤੇ ਹੋਰ ਵੀ ਸਮਾਜ ਸੇਵੀ ਹਾਜ਼ਰ ਸਨ।

# ਸੈਣੀ ਵੱਲੋਂ ਵੀਰੇਂਦਰ ਖਾਲਸਾ ਦੇ ਭਤੀਜੇ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਸੋਨੀਪਤ ਪਹੁੰਚ ਕੇ ਆਪਣੇ ਓ ਐਸ ਡੀ ਵੀਰੇਂਦਰ ਖਾਲਸਾ ਦੇ ਭਤੀਜੇ ਅਤੇ ਸ੍ਰੀ ਜੈਦੇਵ ਦਈਯਾ ਦੇ ਸੁਪੁੱਤਰ ਪ੍ਰੀਤ ਦਈਯਾ (22) ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਪ੍ਰੀਤ ਦਈਯਾ ਦਾ ਅਕਾਲ ਚਲਾਣਾ ਇੱਕ ਦੁੱਖਦਾਈ ਸੜਕ ਹਾਦਸੇ ਵਿੱਚ ਹੋਇਆ। ਸ੍ਰੀ ਨਾਇਬ ਸਿੰਘ ਸੈਣੀ ਨੇ ਦੁੱਖ ਵਿੱਖ ਡੁੱਬੇ ਪਰਿਵਾਰ ਨਾਲ ਮਿਲ ਕੇ ਉਨ੍ਹਾਂ ਨੂੰ ਦਿਲਾਸਾ ਦਿੱਤਾ ਅਤੇ ਪ੍ਰਮਾਤਮਾ ਤੋਂ ਵਿਛੜੀ ਆਤਮਾ ਦੀ ਸ਼ਾਂਤੀ ਅਤੇ ਪਰਿਵਾਰ ਦੇ ਲੋਕਾਂ ਨੂੰ ਇਸ ਅਪਾਰ ਦੁੱਖ ਨੂੰ ਸਹਿਨ ਕਰਨ ਦੀ ਸ਼ਕਤੀ ਦੇਣ ਦੀ ਪ੍ਰਾਥਨਾ ਕੀਤੀ। ਮੁੱਖ ਮੰਤਰੀ ਨਾਲ ਭਾਜਪਾ ਸੂਬਾ ਪ੍ਰਧਾਨ ਮੋਹਨਲਾਲ ਬੜੋਲੀ, ਰਾਈ ਤੋਂ ਵਿਧਾਇਕ ਕ੍ਰਿਸ਼ਣਾ ਗਹਿਲਾਵਤ, ਸੋਨੀਪਤ ਦੇ ਵਿਧਾਇਕ ਨਿਖਿਲ ਮਦਾਨ, ਖਰਖੋਦਾ ਤੋਂ ਵਿਧਾਇਕ ਪਵਨ ਖਰਖੋਦਾ, ਗੰਨੌਰ ਤੋਂ ਵਿਧਾਇਕ ਦੇਵੇਂਦਰ ਕਾਦਿਆਨ, ਸੋਨੀਪਤ ਨਗਰ ਨਿਗਮ ਦੇ ਮੇਅਰ ਰਾਜੀਵ ਜੈਨ, ਭਾਜਪਾ ਜ਼ਿਲ੍ਹਾ ਪ੍ਰਧਾਨ ਭਾਰਦਵਾਜ, ਗੋਹਾਨਾ ਜ਼ਿਲ੍ਹਾ ਪ੍ਰਧਾਨ ਬਿਜੇਂਦਰ ਮਲਿਕ, ਪੁਲਿਸ ਕਮੀਸ਼ਨਰ ਮਮਤਾ ਸਿੰਘ, ਡਿਪਟੀ ਕਮੀਸ਼ਨਰ ਸੁਸ਼ੀਲ ਸਾਰਵਾਨ ਸਮੇਤ ਹੋਰ ਮਾਣਯੋਗ ਵਿਅਕਤੀ ਵੀ ਮੌਜੂਦ ਸਨ, ਉਨ੍ਹਾਂ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।

# ਸਰਕਾਰੀ ਮਿਡਲ ਸਕੂਲ ਖੋਜਪੁਰ ਨੇ ਯੁੱਧ ਨਸ਼ਿਆਂ ਵਿਰੁੱਧ ਕੱਢੀ ਰੈਲੀ




**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸਰਕਾਰੀ ਮਿਡਲ ਸਕੂਲ, ਖੋਜਪੁਰ ਵਲੋਂ ਯੁੱਧ ਨਸ਼ਿਆ ਵਿਰੁੱਧ ਰੈਲੀ ਕੱਢੀ ਗਈ। ਇਹ ਰੈਲੀ ਸਕੂਲ ਦੇ ਮੁੱਖ ਅਧਿਆਪਕ ਸ੍ਰੀਮਤੀ ਕਾਂਤਾ ਕੁਮਾਰੀ ਦੀ ਰੇਖ ਰੇਖ ਵਿੱਚ ਵਿਦਿਆਰਥੀਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਲਈ ਕੱਢੀ ਗਈ। ਇਸ ਮੌਕੇ ਲੋਕਾਂ ਨੂੰ ਨਸ਼ੇ ਦੀ ਮਾਰ ਬਾਰੇ ਦੱਸਦੇ ਹੋਏ ਰੈਲੀ ਵਾਪਸ ਸਕੂਲ ਆ ਕੇ ਸਮਾਪਤ ਹੋਈ। ਉਨ੍ਹਾਂ ਦੱਸਿਆ ਕਿ ਸਕੂਲਾਂ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਸੈਮੀਨਾਰ ਕਰਵਾਉਣ , ਰੈਲੀਆਂ ਕੱਢਣ, ਲੇਖ ਲਿਖਣ ਤੇ ਪੇਂਟਿੰਗ ਆਦਿ ਵਰਗੇ ਮੁਕਾਬਲੇ ਕਰਵਾਏ ਜਾ ਰਹੇ ਹਨ । ਸਕੂਲ ਦੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਨਸ਼ੇ ਦੇ ਮਾੜੇ ਅਸਰ, ਬਚਾਅ ਬਾਰੇ ਦੱਸਣ ਤਾਂ ਜੋ ਇਸ ਸਮਾਜਿਕ ਕੋਹੜ ਨੂੰ ਰੋਕਿਆ ਜਾ ਸਕੇ।ਵਿਦਿਆਰਥੀਆਂ ਵੱਲੋਂ ਹੱਥਾਂ ਵਿੱਚ ਨਸ਼ਾ ਵਿਰੋਧੀ ਨਾਅਰਿਆਂ ਨਾਲ ਲਿਖੀਆਂ ਤਖ਼ਤੀਆਂ ਫੜ ਕੇ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਗਿਆ । ਜਿਸ ਵਿਚ ਸਕੂਲ ਦੇ ਮੁੱਖ ਅਧਿਆਪਕ ਸ੍ਰੀਮਤੀ ਕਾਂਤਾ ਕੁਮਾਰੀ, ਮਨਿੰਦਰ ਕੌਰ, ਰੰਜਨਾ ਹਾਜ਼ਰ ਸਨ।

# ਰਾਜ ਪੁਰਸਕਾਰ ਨਾਲ ਸਨਮਾਨਿਤ ਹੋਏਗੀ ਲਾਡੀ ਭੁੱਲਰ

**ਸੁਲਤਾਨਪੁਰ ਲੋਧੀ (ਹਨੀ, ਬਲਵੀਰ ਸ਼ਾਲ੍ਹਪੁਰੀ)** ਨਾਮਵਰ ਲੇਖਕਾ ਲਾਡੀ ਸੁਖਜਿੰਦਰ ਕੌਰ ਭੁੱਲਰ ਨੂੰ ਉਨ੍ਹਾਂ ਦੀਆਂ ਸਾਹਿਤਕ ਸਮਾਜਿਕ ਗਤੀਵਿਧੀਆਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ, ਲੋਕ ਭਲਾਈ ਕਾਰਜ ਕਰ ਰਹੀ ਸੰਸਥਾ ਇੰਡੀਕ ਕਲਾ ਭਲਾਈ ਪ੍ਰੀਸ਼ਦ ਵੱਲੋਂ 2025 ਸਟੇਟ ਅਵਾਰਡ ਦੇਣ ਲਈ ਨਾਮਵਾਰ ਲੇਖਕਾ ਲਾਡੀ ਭੁੱਲਰ ਨੂੰ ਚੁਣਿਆ ਗਿਆ ਹੈ।ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਖ਼ੂਨ ਦੇ ਹੰਝੂ (ਕਹਾਣੀ ਸੰਗ੍ਰਹਿ) ਖ਼ੂਨ ਦੇ ਹੰਝੂ (ਨਾਵਲ) ਪੰਜਾਬੀ ਵਿੱਚ, ਖ਼ੂਨ ਕੇ ਆਂਸੂ (ਨਾਵਲ ਹਿੰਦੀ ਵਿੱਚ), ਹੂਕ (ਗ਼ਜ਼ਲ ਸੰਗ੍ਰਿਹ) ਪੰਜਾਬੀ ਵਿਰਾਸਤੀ ਕਾਇਦਾ, ਰੁੱਖ ਪਾਣੀ ਅਨਮੋਲ (ਕਾਵਿ ਸੰਗ੍ਰਿਹ), ਛੱਪ ਚੁੱਕੀਆਂ ਨਾਮੀ ਛੇ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਗਈਆਂ ਤੇ ਚਾਰ ਪੁਸਤਕਾਂ ਛਪਾਈ ਅਧੀਨ ਹਨ।ਲਾਡੀ ਭੁੱਲਰ ਦੀਆਂ ਰਚਨਾਵਾਂ ਵੱਖ-ਵੱਖ ਮੈਗਜ਼ੀਨਾਂ ਅਖਬਾਰਾਂ ਦਾ ਸ਼ਿੰਗਾਰ ਬਣਦੀਆਂ ਰਹਿੰਦੀਆਂ ਹਨ ਅਤੇ ਸਮਾਜਿਕ ਵੱਖ ਵੱਖ ਵਿਸ਼ਿਆਂ ਤੇ 12 ਲਘੂ ਫਿਲਮਾਂ ਤੁਰੀਆਂ ਨਾਲ ਕਿਤਾਬਾਂ,



ਤੁਰੀਆਂ ਨਾਲ ਕਿਤਾਬਾਂ, ਤੁਰੀਆਂ ਨਾਲ ਕਿਤਾਬਾਂ, ਹੜ੍ਹ ਤੇ ਰੱਖੜੀ, ਹੜ੍ਹ ਤੇ ਰੱਖੜੀ, ਦਾਜ ਦੇ ਲੋਭੀ, ਬੇਰੋਜ਼ਗਾਰੀ, ਸੋਨੇ ਦੀ ਚੈਨ, ਜੂਨ ਦੀਆਂ ਛੁੱਟੀਆਂ, ਕਬਾੜਨ, ਸੋਚ ਆਦਿ।ਇਨ੍ਹਾਂ 12 ਲਘੂ ਫਿਲਮਾਂ ਦੇ ਡਾਇਰੈਕਟਰ, ਪ੍ਰੋਡਿਊਸਰ, ਅਦਾਕਾਰ, ਲੇਖਕ ਖੁਦ ਭੂਮਿਕਾ ਨਿਭਾਈ ਹੈ।ਲਾਡੀ ਭੁੱਲਰ ਦੀਆਂ ਸਾਹਿਤਕ ਗਤੀਵਿਧੀਆਂ ਨੂੰ ਮੁੱਖ ਰੱਖਦਿਆਂ ਹੋਇਆਂ, ਲੋਕ ਭਲਾਈ ਕਾਰਜ ਕਰ ਰਹੀ ਸੰਸਥਾ ਇੰਡੀਕ ਆਰਟਸ ਵੈਲਫੇਅਰ ਕੌਂਸਲ ਵੱਲੋਂ. 2025 ਰਾਜ ਅਵਾਰਡ ਦੇਣ ਲਈ ਚੁਣਿਆ ਗਿਆ ਹੈ।ਸਾਹਿਤਕ ਸੇਵਾਵਾਂ ਨਿਭਾਉਣ ਤੇ ਲਾਡੀ ਭੁੱਲਰ ਨੂੰ ਪਹਿਲਾਂ ਵੀ ਅਨੇਕਾਂ ਮਾਨ ਸਨਮਾਨ, ਅਵਾਰਡ ਵੱਖ ਵੱਖ ਸਹਿਤ ਸਭਾਵਾਂ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਦਿੱਤੇ ਜਾ ਚੁੱਕੇ ਹਨ। ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਚੇਅਰਮੈਨ ਭੋਲਾ ਯਮਲਾ ਅਤੇ ਇਕਬਾਲ ਸਿੰਘ ਸਹੋਤਾ ਪ੍ਰਧਾਨ ਭਾਸ਼ਾ ਇਕਾਈ ਨੇ ਕਿਹਾ ਇਹ ਸਟੇਟ ਅਵਾਰਡ ਜਲਦੀ ਸਮਾਗਮ ਰੱਖ ਕੇ ਪ੍ਰਦਾਨ ਕੀਤਾ ਜਾਵੇਗਾ।

# ਆਭਾ ਹੈੱਲਥ ਕੈਂਪ 'ਚ 85 ਤੋਂ ਵਧੇਰੇ ਲੋਕਾਂ ਨੇ ਕੈਂਪ ਦਾ ਲਾਭ ਲਿਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਪੰਜਾਬ ਦੇ ਹੁਕਮਾ ਅਨੁਸਾਰ ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਹਸਪਤਾਲ ਫਗਵਾੜਾ ਦੇ



ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਰਾਜੇਸ਼ ਚੰਦਰ ਦੀ ਯੋਗ ਅਗਵਾਈ ਅਤੇ ਮੈਡਮ ਦਲਵੀਰ ਕੌਰ ਏ ਐਨ ਐਮ ਦੀ ਸੁਚੱਜੀ ਦੇਖਰੇਖ ਹੇਠ ਸਬ ਡਵੀਜਨ ਫਗਵਾੜਾ ਨਿਵਾਸੀਆਂ ਦੀ ਸਿਹਤ ਦਾ ਰਿਕਾਰਡ ਡਿਜੀਟਲ ਰੱਖਣ ਲਈ ਆਭਾ ਆਈ ਡੀ (ਆਯੂਸ਼ਮਾਨ ਭਾਰਤ ਹੈਲਥ ਅਕਾਊਂਟ) ਬਣਾਉਣ ਲਈ ਵਿਸੇਸ ਮੁਹਿੰਮ ਵਿੱਢੀ ਹੋਈ ਹੈ ਅਤੇ ਇਸ ਦੇ ਫਾਇਦਿਆਂ ਸੰਬੰਧੀ ਆਮ ਲੋਕਾਂ ਨੂੰ ਜਾਗਰੂਕਤ ਕੀਤਾ ਜਾ ਰਿਹਾ ਹੈ ਇਸੇ ਲੜੀ ਤਹਿਤ ਇੱਕ ਕੈਂਪ ਮੁੱਹਲਾ ਭਗਤਪੁਰਾ ਗਲੀ ਨੰਬਰ 1 ਵਿਖੇ ਲਗਾਇਆ ਗਿਆ। ਇਸ ਕੈਂਪ ਦੌਰਾਨ ਚੰਦਨ, ਆਸ਼ਾ ਸ਼ਰਮਾ, ਆਸ਼ਾ ਵਰਕਰਾਂ ਵੱਲੋਂ 85 ਤੋਂ ਵਧੇਰੇ ਲੋਕਾਂ ਦੇ ਆਭਾ ਹੈਲਥ ਕਾਰਡ ਬਣਾਏ ਗਏ ਇਸ ਸੰਬੰਧੀ ਗੱਲਬਾਤ ਕਰਦਿਆਂ ਆਸ਼ਾ ਵਰਕਰ ਮੈਡਮ ਚੰਦਨ, ਆਸ਼ਾ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਈ ਵੀ ਚਾਹਵਾਨ ਵਿਅਕਤੀ ਆਪਣੇ ਮੋਬਾਇਲ ਵਿੱਚ ਪਲੇਅ ਸਟੋਰ ਤੇ ਜਾ ਕੇ ਆਭਾ ਐਪ ਨੂੰ ਆਪਣੇ ਮੋਬਾਇਲ ਵਿੱਚ ਡਾਉਨਲੋਡ ਕਰਕੇ ਆਪਣੇ ਅਧਾਰ ਨੰਬਰ ਜਾਂ ਮੋਬਾਇਲ ਨੰਬਰ ਨਾਲ ਆਯੂਸ਼ਮਾਨ ਭਾਰਤ ਹੈਲਥ ਅਕਾਊਂਟ ਬਣਾ ਸਕਦਾ ਹੈ। ਉਹਨਾਂ ਕਿਹਾ ਕਿ ਆਭਾ ਆਈ.ਡੀ ਨੰਬਰ ਜਨਰੇਟ ਹੋਣ ਤੇ ਸਿਹਤ ਨਾਲ ਸਬੰਧਤ ਸਾਰੇ ਵੇਰਵੇ ਅਤੇ ਰਿਪੋਰਟਾਂ ਇੱਕ ਹੀ ਥਾਂ ਤੇ ਮੋਬਾਇਲ ਐਪਲੀਕੇਸਨ ਵਿੱਚ ਸਕੈਨ ਕਰਕੇ ਰੱਖੀਆਂ ਜਾ ਸਕਦੀਆਂ ਹਨ। ਇਸ ਮੌਕੇ ਰਾਜ ਕੁਮਾਰ ਨੀਲਾ, ਪ੍ਰਦੀਪ ਕੁਮਾਰ ਮਿਨਹਾਸ, ਹਿਮਾਂਸ਼ੀ, ਰੈਣੂ ਸ਼ਰਮਾ, ਸੁਸ਼ੀਲ ਕੁਮਾਰ, ਅਰਜੁਨ ਰਾਮ, ਊਸ਼ਾ ਰਾਣੀ, ਤਜਿੰਦਰ ਕੁਮਾਰ, ਦਿਲਬਾਗ ਸਿੰਘ, ਰਾਜ ਕੁਮਾਰ, ਰੰਜਨਾ ਕੁਮਾਰੀ, ਜੁਝਾਰ ਕੁਮਾਰ, ਲਖਵਿੰਦਰ ਕੁਮਾਰ, ਸੁਰਿੰਦਰ ਕੌਰ, ਧੰਨਤੀ ਦੇਵੀ ਤੋਂ ਇਲਾਵਾ ਹੋਰ ਮੁੱਹਲਾ ਵਾਸੀ ਵੀ ਮੌਜੂਦ ਸਨ।


## ਜਨਮ ਦਿਨ ਮੁਬਾਰਕ



ਹਿੰਮਤ ਸਿੰਘ ਮੋਮੀਂ
ਪਿਤਾ : ਤਲਵਿੰਦਰ ਸਿੰਘ
ਮਾਤਾ : ਰਾਜਦੀਪ ਕੌਰ
ਵਾਸੀ : ਇੰਗਲੈਂਡ



ਨਮਰਦੀਪ ਸਿੰਘ
ਪਿਤਾ : ਜਨਜਿੰਦਰ ਸਿੰਘ
ਮਾਤਾ : ਰੁਪਿੰਦਰ ਕੌਰ
ਵਾਸੀ : ਗਿੱਦੜਬਾਹਾ